# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 2 (ਹਿਸਟਰੀ) ਸਮੈਸਟਰ ਚੌਥਾ

ਪੇਪਰ : ਪੰਜਾਬ ਦਾ ਇਤਿਹਾਸ : 1469-1799 ਈ. ਯੂਨਿਟ : 1

ਮੀਡੀਅਮ : ਪੰਜਾਬੀ

## ਪਾਠ ਨੰ.


1.1 : ਮੁੱਢਲੇ ਪੰਜਾਬ ਦੇ ਇਤਿਹਾਸ ਦੇ ਮੂਲ ਸੋਮੇ

1.2 : ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ

1.3 (ਏ) : ਸਿੱਖ ਮੱਤ ਦਾ ਵਿਕਾਸ 1539 ਤੋਂ 1581
(ਗੁਰੂ ਅੰਗਦ ਦੇਵ ਜੀ, ਗੁਰੂ ਅਮਰ ਦਾਸ ਜੀ, ਗੁਰੂ ਰਾਮਦਾਸ ਜੀ) ਅਤੇ

1.3 (ਬੀ) : ਗੁਰੂ ਅਰਜਨ ਦੇਵ ਜੀ ਦੀਆਂ ਪ੍ਰਾਪਤੀਆਂ

1.4 : ਗੁਰੂ ਹਰਗੋਬਿੰਦ ਸਾਹਿਬ : ਮੁੱਢਲਾ ਜੀਵਨ,ਸਿੱਖ ਜਥੇਬੰਦੀ ਵਿੱਚ ਕੀਤੀਆਂ ਤਬਦੀਲੀਆਂ ਤੇ ਪ੍ਰਭਾਵ

1.5 : ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਸ਼ਹਾਦਤ

1.6 : ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸੇ ਦੀ ਸਾਜਣਾ ਤੇ ਇਸ ਦੀ ਮਹੱਤਤਾ, ਖਾਲਸਾ ਸਾਜਣ ਤੋ ਪਿਛੌਂ ਦੀਆਂ ਲੜਾਈਆਂ ਵਿਅਕਤਿਤਵ ਅਤੇ ਪ੍ਰਾਪਤੀਆਂ



**Department website : www.pbidde.org**

**ਪਾਠ ਨੰ. 1.1**

# ਮੁੱਢਲੇ ਪੰਜਾਬ ਦੇ ਇਤਿਹਾਸ ਦੇ ਮੂਲ ਸੋਮੇ

ਪਾਠ ਦੀ ਬਣਤਰ:

**1.1.1 ਭੂਮਿਕਾ**
**1.1.2 ਪੰਜਾਬ ਦੇ ਇਤਿਹਾਸ ਦੇ ਪੁਨਰ-ਨਿਰਮਾਣ ਲਈ ਮੁਸ਼ਕਲਾਂ ਅਤੇ ਸਮੱਸਿਆਵਾਂ**
**1.1.3 ਧਾਰਮਿਕ ਸਾਹਿਤ**
**1.1.4 ਪੰਜਾਬੀ ਅਤੇ ਹਿੰਦੀ ਵਿਚ ਇਤਿਹਾਸਕ ਅਤੇ ਅਰਧ ਇਤਿਹਾਸਕ ਰਚਨਾਵਾਂ**
**1.1.5 ਫਾਰਸੀ ਵਿੱਚ ਇਤਿਹਾਸਕ ਲਿਖਤਾਂ**
**1.1.6 ਅੰਗਰੇਜ਼ੀ ਵਿੱਚ ਮਿਲਦੇ ਸੋਮੇ**
**1.1.7 ਫੁਟਕਲ ਸੋਮੇ**
**1.1.8 ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ**
**1.1.9 ਵਿਦਿਆਰਥੀਆਂ ਦੇ ਅਭਿਆਸ ਲਈ ਪ੍ਰਸ਼ਨ**

**ਪਾਠ ਦਾ ਉਦੇਸ਼:**

1. ਸਿੱਖ ਧਰਮ ਦੇ ਇਤਿਹਾਸ ਦੇ ਨਿਰਮਾਣ ਵਿੱਚ ਆਉਂਦੀਆਂ ਸਮੱਸਿਆਵਾਂ ਨਾਲ ਜਾਣੂ ਕਰਵਾਉਣਾ।
2. ਇਤਿਹਾਸ ਨਿਰਮਾਣ ਵਿੱਚ ਧਾਰਮਿਕ ਸਾਹਿਤ ਦਾ ਯੋਗਦਾਨ।
3. ਇਤਿਹਾਸ ਨਿਰਮਾਣ ਵਿੱਚ ਫਾਰਸੀ ਅਤੇ ਅੰਗਰੇਜ਼ੀ ਦੇ ਸੋਮਿਆਂ ਦਾ ਯੋਗਦਾਨ।
4. ਸਿੱਕੇ, ਚਿੱਤਰਕਾਰੀ ਅਤੇ ਇਮਾਰਤਾਂ ਤੋਂ ਮਿਲੀ ਜਾਣਕਾਰੀ ਤੋਂ ਇਤਿਹਾਸ ਵਿੱਚ ਯੋਗਦਾਨ।

### 1.1.1 ਭੂਮਿਕਾ

11 ਵੀਂ ਸਦੀ ਤੋਂ ਪੰਜਾਬ ਭਾਰਤ ਦੀ ਇਕ ਇਤਿਹਾਸਕ ਇਕਾਈ ਹੈ। ਇਸ ਦੀ ਆਪਣੀ ਵੱਖਰੀ ਤੇ ਸੁਤੰਤਰ ਤਵਾਰੀਖ ਰਹੀ ਹੈ। ਇਤਿਹਾਸਕਾਰਾਂ ਨੇ ਇਸ ਪ੍ਰਾਂਤ ਦੀ ਵੱਖਰੀ ਤਵਾਰੀਖ ਲਿਖਣ ਵਲ ਕਦੇ ਧਿਆਨ ਹੀ ਨਹੀਂ ਦਿੱਤਾ। ਇਸ ਕਾਲ ਦੇ ਇਤਿਹਾਸ ਦਾ ਅਧਿਐਨ ਸਿੱਖ ਗੁਰੂ ਸਾਹਿਬਾਨ, ਸਿੱਖ-ਮੁਗਲ ਅਤੇ ਸਿੱਖ-ਅਫਗਾਨ ਸੰਬੰਧਾਂ ਅਤੇ ਇਸ ਮਗਰੋਂ ਸਿੱਖ ਮਿਸਲਾਂ ਦਾ ਜਨਮ ਤੇ ਵਿਕਾਸ ਦਾ ਇਤਿਹਾਸ ਹੈ। ਇਤਿਹਾਸ ਦੇ ਇਸ ਮਹੱਤਵਪੂਰਨ ਕਾਲ ਦੇ ਅਧਿਐਨ ਲਈ ਇਤਿਹਾਸ ਦੇ ਵਿਦਿਆਰਥੀ ਨੂੰ ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਦੀ ਜ਼ਰੂਰਤ ਹੈ। ਇਤਿਹਾਸਕ ਸੋਮਿਆਂ ਤੋਂ ਬਿਨਾਂ ਕਿਸੇ ਡੂੰਘੇ ਤੇ ਵਿਸਤ੍ਰਿਤ ਅਧਿਐਨ ਦਾ ਹੋਣਾ ਸੰਭਵ ਨਹੀਂ ਹੁੰਦਾ।

### 1.1.2 ਪੰਜਾਬ ਦੇ ਇਤਿਹਾਸ ਦੇ ਪੁਨਰ-ਨਿਰਮਾਣ ਲਈ ਮੁਸ਼ਕਲਾਂ ਤੇ ਸਮੱਸਿਆਵਾਂ

ਪੰਜਾਬ ਦੇ ਇਤਿਹਾਸ ਦੇ ਸੋਮਿਆਂ ਤੋਂ ਆਮ ਤੌਰ ਤੇ ਵੱਖ ਵੱਖ ਘਟਨਾਵਾਂ ਦੇ ਠੀਕ ਵੇਰਵੇ ਨਹੀਂ ਮਿਲਦੇ। ਪੰਜਾਬ ਦੇ ਇਤਿਹਾਸ ਦੇ ਵਿਦਿਆਰਥੀ ਨੂੰ ਇਸ ਦੇ ਇਤਿਹਾਸ ਦੇ ਪੁਨਰ-ਨਿਰਮਾਣ ਲਈ ਕਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁੱਖ ਸਮੱਸਿਆਵਾਂ ਹੇਠ ਦਿੱਤੀਆਂ ਹਨ :-

ਪੰਜਾਬ ਵਿਚ ਇਤਿਹਾਸਕ ਤੱਥ ਲਿਖਣ ਦੀ ਰੁਚੀ ਦੀ ਅਣਹੋਂਦ ਰਹੀ ਹੈ। ਇਹ ਸੱਚਮੁੱਚ ਦੇ ਜਗਤ ਨਾਲੋਂ ਪਰਲੋਕ ਜਾਂ ਕਾਲਪਨਿਕ ਜਗਤ ਬਾਰੇ ਜ਼ਿਆਦਾ ਚਿੰਤਿਤ ਰਹੇ ਹਨ।

ਮੱਧਕਾਲ ਵਿਚ ਪੰਜਾਬ ਮੁਗਲ ਸਾਮਰਾਜ ਦਾ ਹਿੱਸਾ ਸੀ। ਵਿਦਵਾਨਾਂ ਨੇ ਕਦੇ ਵੀ ਪੰਜਾਬ ਦੇ ਇਤਿਹਾਸ ਨੂੰ ਸੁਤੰਤਰ ਜਾਂ ਵੱਖਰੀ ਹੋਂਦ ਜਾਂ ਪਹਿਚਾਣ ਦੇਣ ਨੂੰ ਕੋਈ ਮਹੱਤਵ ਨਹੀਂ ਦਿੱਤਾ।

ਮੱਧਕਾਲ ਦੇ ਬਹੁਤੇ ਇਤਿਹਾਸਕਾਰ ਆਮ ਤੌਰ ਤੇ ਮੁਸਲਮਾਨ ਸਨ। ਫਾਰਸੀ ਲੇਖਕਾਂ ਦੇ ਵਿਚਾਰ ਹਮੇਸ਼ਾਂ ਹੀ ਪੱਖਪਾਤ ਵਾਲੇ ਰਹੇ ਹਨ। ਉਨ੍ਹਾਂ ਨੇ ਕਦੇ ਵੀ ਦੇਸ਼ ਦੇ ਇਸ ਹਿੱਸੇ ਵਿਚ ਸਿੱਖ ਧਰਮ ਦੇ ਵਿਕਾਸ ਨੂੰ ਕੋਈ ਮਹੱਤਵ ਨਹੀਂ ਦਿੱਤਾ। ਉਹ ਕਟੜਪੰਥੀ ਸਨ ਤੇ ਉਨ੍ਹਾਂ ਨੇ ਸਿੱਖ ਗੁਰੂਆਂ ਬਾਰੇ, ਵਿਰੋਧੀ ਵਿਚਾਰ ਅੰਕਿਤ ਕੀਤੇ। ਉਨ੍ਹਾਂ ਨੇ ਕਈ

ਇਤਿਹਾਸਕ ਘਟਨਾਵਾਂ ਨੂੰ ਆਪਣੀ ਮਨਮਰਜ਼ੀ ਜਾਂ ਲੋੜ ਮੁਤਾਬਿਕ ਤੋੜ ਮਰੋੜ ਕੇ ਲਿਖਿਆ।

ਸਿੱਖ ਲੇਖਕਾਂ ਦੀਆਂ ਲਿਖਤਾਂ ਵੀ ਭਰੋਸੇਯੋਗ ਨਹੀਂ ਹਨ। ਮਹਾਨ ਧਾਰਮਿਕ ਆਗੂਆਂ ਦੇ ਜੀਵਨ-ਇਤਿਹਾਸ ਵਿਚ ਹੌਲੀ ਹੌਲੀ ਮਿਥਿਹਾਸ ਦੇ ਦੰਦ ਕਥਾਵਾਂ ਇਸ ਢੰਗ ਨਾਲ ਮਿਲਾ ਦਿੱਤੀਆਂ ਗਈਆਂ ਕਿ ਅਸਲੀਅਤ ਧੁੰਦਲੀ ਹੋ ਜਾਂਦੀ ਹੈ। ਗੁਰੂ ਸਾਹਿਬ ਦੇ ਪ੍ਰਸ਼ੰਸਕਾਂ ਤੇ ਸ਼ਰਧਾਲੂਆਂ ਨੇ ਉਨ੍ਹਾਂ ਨੂੰ ਦੁਨਿਆਵੀ ਤੇ ਇਤਿਹਾਸਕ ਸ਼ਖਸੀਅਤਾਂ ਦੀ ਥਾਂ ਤੇ ਮਹਾਨ ਧਾਰਮਿਕ ਤੇ ਅਧਿਆਤਮਕ ਆਗੂਆਂ ਦੇ ਰੂਪ ਵਿਚ ਪੇਸ਼ ਕੀਤਾ ਹੈ। ਲਗਭਗ ਹਰ ਘਟਨਾ ਬਾਰੇ ਜੋ ਵਿਸ਼ਵਾਸਯੋਗ ਸੋਮੇ ਮਿਲਦੇ ਹਨ ਉਹ ਥੋੜ੍ਹੇ ਤੇ ਅਨਿਸ਼ਚਿਤ ਹਨ।

ਸਿੱਖ ਗੁਰੂ ਸਾਹਿਬਾਨ ਨੇ ਹਿੰਦੂ ਧਰਮ ਦੇ ਫੋਕੇ ਕਰਮ ਕਾਂਡਾਂ, ਧਾਰਮਿਕ ਕੱਟੜਤਾ, ਪੱਖਪਾਤ ਤੇ ਅਮਲਾਂ ਤੇ ਕਰਾਰੀ ਸੱਟ ਮਾਰੀ। ਧਰਮ ਦੇ ਠੇਕੇਦਾਰਾਂ ਨੂੰ ਵੀ ਚੁਣੌਤੀ ਦਿੱਤੀ। ਇਸ ਕਰਕੇ ਬ੍ਰਾਹਮਣ ਤੇ ਹੋਰ ਧਾਰਮਿਕ ਆਗੂ, ਸਿੱਖ ਗੁਰੂਆਂ ਦੇ ਵਿਰੋਧੀ ਬਣ ਗਏ। ਉਨ੍ਹਾਂ ਨੇ ਇਸ ਲਹਿਰ ਬਾਰੇ ਜਾਂ ਤਾਂ ਕੁਝ ਲਿਖਿਆ ਹੀ ਨਹੀਂ ਤੇ ਜੇਕਰ ਲਿਖਿਆ ਤਾਂ ਅਸਲੀਅਤ ਛੁਪਾ ਲਈ।

ਔਰੰਗਜ਼ੇਬ ਬੜਾ ਕੱਟੜ ਬਾਦਸ਼ਾਹ ਸੀ। ਉਹ ਭਾਰਤ ਨੂੰ ਇਸਲਾਮੀ ਦੇਸ਼ ਬਣਾਉਣਾ ਚਾਹੁੰਦਾ ਸੀ। 1669 ਵਿਚ ਸਰਕਾਰੀ ਤੌਰ ਤੇ ਉਸ ਨੇ ਇਤਿਹਾਸ ਲਿਖਣ ਤੇ ਪਾਬੰਦੀ ਲਗਾ ਦਿੱਤੀ। ਬਾਅਦ ਵਿਚ ਉਸ ਨੇ ਇਹ ਹੁਕਮ ਵੀ ਦਿੱਤਾ ਕਿ ਗੈਰ-ਸਰਕਾਰੀ ਤੌਰ ਤੇ ਵੀ ਇਤਿਹਾਸਕ ਘਟਨਾਵਾਂ ਨਾ ਲਿਖੀਆਂ ਜਾਣ। ਇਸ ਲਈ ਜੋ ਕੁਝ ਵੀ ਇਸ ਸਮੇਂ ਦੌਰਾਨ ਲਿਖਿਆ ਗਿਆ ਉਸ ਦੀ ਮੌਤ ਮਗਰੋਂ ਹੀ ਬਾਹਰ ਆ ਸਕਦਾ ਸੀ। ਇਨ੍ਹਾਂ ਮੁਸ਼ਕਲਾਂ ਦੇ ਬਾਵਜੂਦ ਹੇਠਾਂ ਲਿਖੇ ਸੋਮੇ ਮਿਲਦੇ ਹਨ -

### 1.1.3 ਧਾਰਮਿਕ ਸਾਹਿਤ

ਸਿੱਖਾਂ ਦਾ ਕਾਫੀ ਸਾਰਾ ਧਾਰਮਿਕ ਸਾਹਿਤ ਗੁਰਮੁਖੀ ਲਿਪੀ ਵਿਚ ਉਪਲਬਧ ਹੈ। ਇਸ ਦਾ ਇਤਿਹਾਸਕ ਤੇ ਅਰਧ-ਇਤਿਹਾਸਕ ਮਹੱਤਵ ਹੈ। ਇਸ ਦਾ ਇਕ ਭਾਗ ਮਿਥਿਹਾਸ ਵੱਲ ਜ਼ਿਆਦਾ ਝੁਕਿਆ ਹੋਇਆ ਹੈ ਅਤੇ ਇਸ ਵਿਚੋਂ ਤੱਥਾਂ ਦੀ ਭਾਲ ਕਰਨ ਲਈ ਵਿਸ਼ਲੇਸ਼ਣਾਤਮਕ ਬਿਰਤੀ ਦੀ ਜ਼ਰੂਰਤ ਹੈ।

### (ੳ) ਆਦਿ ਗ੍ਰੰਥ

ਆਦਿ ਗ੍ਰੰਥ ਸਿੱਖਾਂ ਦਾ ਸਭ ਤੋਂ ਵੱਧ ਮਹੱਤਵਪੂਰਨ ਤੇ ਪਵਿੱਤਰ ਗ੍ਰੰਥ ਹੈ। ਇਸ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ 'ਗੁਰੂ ਗ੍ਰੰਥ ਸਾਹਿਬ' ਵੀ ਆਖਿਆ ਜਾਂਦਾ ਹੈ। ਇਸ ਦਾ ਸੰਪਾਦਨ 1604 ਈ. ਵਿਚ ਹੋਇਆ। ਇਹ ਗੁਰਮੁਖੀ ਲਿਪੀ ਵਿਚ ਲਿਖਿਆ ਹੋਇਆ ਹੈ। ਇਸ ਵਿਚ 974 ਸ਼ਬਦ ਗੁਰੂ ਨਾਨਕ ਦੇਵ ਦੇ 63 ਗੁਰੂ ਅੰਗਦ ਦੇਵ ਦੇ, 869 ਗੁਰੂ ਅਮਰਦਾਸ ਦੇ, 638 ਗੁਰੂ ਰਾਮਦਾਸ ਦੇ, 2312 ਸ਼ਬਦ ਗੁਰੂ ਅਰਜਨ ਦੇਵ ਦੇ, 922 ਸ਼ਬਦ 15 ਹਿੰਦੂ ਤੇ ਮੁਸਲਮਾਨ ਭਗਤਾਂ ਦੇ, ਤੇ ਚਾਰ ਗੁਰੂ ਘਰ ਦੇ ਰਬਾਬੀਆਂ-ਸੇਵਾਦਾਰਾਂ ਦੇ ਸ਼ਬਦ ਸ਼ਾਮਿਲ ਕੀਤੇ ਗਏ ਹਨ। ਬਾਅਦ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ 115 ਸ਼ਬਦ ਸ਼ਾਮਲ ਕਰ ਲਏ ਗਏ। ਇਸ ਦੇ 1430 ਪੰਨੇ ਹਨ। ਇਸ ਵਿਚ ਕਿਸੇ ਗੁਰੂ ਦੇ ਜੀਵਨ ਦਾ ਬਿਰਤਾਂਤ ਜਾਂ ਉਨ੍ਹਾਂ ਦੁਆਰਾ ਵਿਖਾਈਆਂ ਕਰਾਮਾਤਾਂ ਦਾ ਕੋਈ ਜ਼ਿਕਰ ਨਹੀਂ ਹੈ। ਇਸ ਵਿਚ ਪਰਮਾਤਮਾ ਅੱਗੇ ਅਰਜੋਈਆਂ ਤੇ ਭਗਤੀ ਪ੍ਰਧਾਨ ਸ਼ਬਦ ਹੀ ਸ਼ਾਮਲ ਕੀਤੇ ਗਏ ਹਨ। ਗੁਰੂਆਂ ਦੀ ਬਾਣੀ ਵਿਚ ਉਨ੍ਹਾਂ ਦੇ ਵਿਸ਼ਵਾਸ ਤੇ ਸਿਧਾਂਤ ਦਿੱਤੇ ਗਏ ਹਨ। ਭਾਵੇਂ ਇਹ ਧਾਰਮਿਕ ਗ੍ਰੰਥ ਹੈ ਪਰ ਇਸ ਵਿਚੋਂ ਸਾਨੂੰ ਉਸ ਵੇਲੇ ਦੇ ਰਾਜਨੀਤਿਕ, ਸਮਾਜਿਕ, ਆਰਥਿਕ ਸਭਿਆਚਾਰਕ ਤੇ ਧਾਰਮਿਕ ਸਥਿਤੀ ਬਾਰੇ ਵੀ ਗਿਆਨ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਬਾਬਰ ਦੀ ਬਾਣੀ ਵਿਚ ਬਾਬਰ ਦੇ ਹਮਲੇ ਤੇ ਉਸ ਦੇ ਮਾਸੂਮ ਲੋਕਾਂ ਤੇ ਕੀਤੇ ਜ਼ੁਲਮਾਂ ਅਤੇ ਕਤਲੇਆਮ ਦਾ ਵਰਣਨ ਕੀਤਾ। ਗੁਰੂ ਜੀ ਨੇ ਲੋਧੀਆਂ ਦੀ ਧੱਕੇ ਵਾਲੀ ਨੀਤੀ ਦਾ ਵੀ ਜ਼ਿਕਰ ਕੀਤਾ ਹੈ। ਉਨ੍ਹਾਂ ਦੇ ਸਮਕਾਲੀ ਸਮਾਜਿਕ ਰਸਮ-ਰਿਵਾਜਾਂ ਤੇ ਜੀਵਨ-ਜੁਗਤ ਦਾ ਵੀ ਜ਼ਿਕਰ ਕੀਤਾ ਹੈ। ਸਮਾਜ ਵਿਚ ਇਸਤਰੀ ਦੀ ਹਾਲਤ ਬੜੀ ਮਾੜੀ ਸੀ। ਮੁਸਲਮਾਨ ਉਸ ਵੇਲੇ ਹਿੰਦੂਆਂ ਦਾ ਸ਼ੋਸ਼ਣ ਕਰਦੇ ਸਨ ਅਤੇ ਬ੍ਰਾਹਮਣ ਹੋਰ ਜਾਤਾਂ ਦਾ ਸ਼ੋਸ਼ਣ ਕਰਦੇ ਸਨ। ਸਤੇ ਤੇ ਬਲਵੰਡ ਦੀ 'ਟਿਕੇ ਦੀ ਵਾਰ' ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੇ ਜੀਵਨ ਤੇ ਕੰਮਾਂ ਬਾਰੇ ਬਿਰਤਾਂਤ ਮਿਲਦਾ ਹੈ। 'ਗਉੜੀ ਦੀ ਵਾਰ' ਵਿਚ ਭਾਈ ਜੇਠਾ ਨੇ ਗੁਰੂ ਅਮਰਦਾਸ ਜੀ ਦੀ ਜੀਵਨੀ ਦਾ ਪ੍ਰਮਾਣਿਕ ਰੂਪ ਪੇਸ਼ ਕੀਤਾ ਹੈ। ਸੁੰਦਰ ਦੀ 'ਰਾਮਕਲੀ ਸੱਦ' ਵਿਚ ਵੀ ਇਤਿਹਾਸਕ ਬਿਰਤਾਂਤ ਮਿਲਦਾ ਹੈ। ਸੋ ਅਸੀਂ ਇਹ ਆਖ ਸਕਦੇ ਹਾਂ ਕਿ ਗ੍ਰੰਥ 16-17 ਵੀ ਸਦੀ ਦੇ ਇਤਿਹਾਸ ਦਾ ਅਨਮੋਲ ਖਜ਼ਾਨਾ ਹੈ। ਇਹ ਸਿੱਖ ਧਰਮ ਬਾਰੇ ਮੂਲ ਗ੍ਰੰਥ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਦਾ ਮੁੱਖ ਮਨੋਰਥ ਧਾਰਮਿਕ ਹੈ ਪਰ ਇਸ ਵਿਚ ਕਈ ਥਾਈਂ ਇਤਿਹਾਸਕ ਘਟਨਾਵਾਂ ਨਾਲ ਸੰਬੰਧਿਤ ਹਵਾਲੇ ਵੀ ਮਿਲਦੇ ਹਨ।

## (ਅ) ਵਾਰਾਂ ਭਾਈ ਗੁਰਦਾਸ

ਭਾਈ ਗੁਰਦਾਸ ਭੱਲਾ (1551-1639 ਈ.) ਇਕ ਪ੍ਰਤਿਭਾਵਾਨ ਤੇ ਉਚ ਕੋਟੀ ਦੇ ਸਾਹਿਤਕਾਰ ਸਨ। ਉਹ ਸਿੱਖ ਧਰਮ ਤੇ ਸਿੱਖ ਇਤਿਹਾਸ ਦੇ ਇਕ ਵਿਦਵਾਨ ਲੇਖਕ ਸਨ। ਬਚਪਨ ਤੋਂ ਹੀ ਉਨ੍ਹਾਂ ਨੇ ਸਿੱਖ ਧਰਮ ਨੂੰ ਸਮਰਪਿਤ ਕੀਤਾ ਹੋਇਆ ਸੀ ਅਤੇ ਸਾਧ ਸੰਗਤ ਵਿਚ ਹਾਜ਼ਰੀ ਭਰਦੇ ਸਨ। ਉਨ੍ਹਾਂ ਨੇ ਗੁਰਬਾਣੀ ਕੰਠ ਕੀਤੀ ਹੋਈ ਸੀ ਅਤੇ ਆਮ ਤੌਰ ਤੇ ਆਪਣੀ ਸੁਰੀਲੀ ਆਵਾਜ਼ ਵਿਚ ਉਸ ਦਾ ਗਾਇਨ ਕਰਦੇ ਸਨ। ਗੁਰੂ ਅਮਰਦਾਸ ਨੇ ਆਪ ਨੂੰ ਸਿੱਖ ਧਰਮ ਦੇ ਪ੍ਰਚਾਰ ਲਈ ਆਗਰੇ (Agra) ਭੇਜਿਆ। ਉਥੇ ਆਪ ਨੇ ਬ੍ਰਜ ਭਾਸ਼ਾ, ਸੰਸਕ੍ਰਿਤ ਤੇ ਰਾਗ ਵਿਦਿਆ ਬੜੀ ਮਿਹਨਤ ਨਾਲ ਸਿਖੀ। ਗੁਰੂ ਅਰਜਨ ਦੇਵ ਨੇ ਆਪ ਤੋਂ ਆਦਿ ਗ੍ਰੰਥ ਦੀ ਬੀੜ ਲਿਖਵਾਈ। ਭਾਈ ਗੁਰਦਾਸ ਨੇ 39 ਵਾਰਾਂ ਅਤੇ 556 ਕਬਿੱਤ ਸਵੱਈਏ ਲਿਖੇ ਹਨ। ਗੁਰੂ ਅਰਜਨ ਦੇਵ ਜੀ ਨੇ ਆਪ ਦੇ ਕਬਿੱਤ ਸਵੱਈਏ ਆਦਿ ਗ੍ਰੰਥ ਵਿਚ ਸ਼ਾਮਲ ਕਰਨ ਲਈ ਆਖਿਆ ਪਰ ਭਾਈ ਗੁਰਦਾਸ ਜੀ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਮੈਂ ਅਜੇ ਪ੍ਰਭੂ ਭਗਤੀ ਵਿਚ ਪ੍ਰਪੱਕ ਨਹੀਂ ਹੋਇਆ। ਭਾਵੇਂ ਆਪ ਦੀਆਂ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਨਹੀਂ ਹਨ ਪਰ ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਕੁੰਜੀ' ਮੰਨਿਆ ਜਾਂਦਾ ਹੈ। ਪਹਿਲੀ ਵਾਰ ਦੀ 23-24ਵੀਂ ਪਉੜੀ ਅਤੇ ਦੂਜੀ ਵਾਰ ਦੀ 13-14ਵੀਂ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਅਧਿਆਤਮਕ ਪੱਖ ਨੂੰ ਪੇਸ਼ ਕੀਤਾ ਗਿਆ ਹੈ। ਕਬਿੱਤ ਨੰ : 345 ਵਿਚ ਆਪ ਦਸਦੇ ਹਨ ਕਿ ਗੁਰੂ ਨਾਨਕ ਸਾਹਿਬ ਨੂੰ ਕੱਤਕ ਦੀ ਪੂਰਨਮਾਸ਼ੀ ਨੂੰ ਆਪਣੇ ਮਿਸ਼ਨ ਲਈ ਸੱਚੇ ਗਿਆਨ ਦੀ ਪ੍ਰਾਪਤੀ ਹੋਈ। ਆਪ ਨੇ ਗੁਰੂ ਨਾਨਕ ਦੇਵ ਜੀ ਬਾਰੇ ਉਸ ਵੇਲੇ ਉਨ੍ਹਾਂ ਦੇ ਸਮਕਾਲੀ ਭਾਈ ਬੁੱਢਾ ਜੀ ਵਰਗੇ ਮਹਾਂਪੁਰਸ਼ਾਂ ਤੋਂ ਸਮੱਗਰੀ ਇਕੱਤਰ ਕੀਤੀ। ਇਹ ਮੰਨਿਆ ਜਾਂਦਾ ਹੈ ਕਿ ਆਪ ਨੇ 17ਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਇਹ ਵਾਰਾ ਲਿਖੀਆਂ। ਉਨ੍ਹਾਂ ਦਾ ਬਿਰਤਾਂਤ ਬੜਾ ਭਰੋਸੇਯੋਗ ਹੈ ਕਿਉਂਕਿ ਆਪ ਤੀਸਰੇ, ਚੌਥੇ, ਪੰਜਵੇਂ ਤੇ ਛੇਵੇਂ ਗੁਰੂ ਜੀ ਦੇ ਸਮਕਾਲੀ ਸਨ। ਆਪ ਨੇ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦਾ ਬੜਾ ਸਪਸ਼ਟ ਵਰਣਨ ਕੀਤਾ ਹੈ। ਕਿਤੇ ਕਿਤੇ ਗੁਰੂ ਨਾਨਕ ਦੇਵ ਜੀ ਦੇ ਕਰਾਮਾਤੀ ਪੱਖ ਨੂੰ ਵੀ ਪੇਸ਼ ਕੀਤਾ ਹੈ। ਉਨ੍ਹਾਂ ਨੇ ਮਰਦਾਨਾ, ਦੌਲਤ ਖਾਨ ਲੋਧੀ ਅਤੇ ਹੋਰਨਾਂ ਦਾ ਜ਼ਿਕਰ ਕੀਤਾ ਹੈ ਪਰ ਭਾਈ ਬਾਲੇ ਦਾ ਜ਼ਿਕਰ ਬਿਲਕੁਲ ਨਹੀਂ ਕੀਤਾ। ਖੁਸ਼ਵੰਤ ਸਿੰਘ ਅਨੁਸਾਰ ਭਾਈ ਗੁਰਦਾਸ ਨੇ ਜੋ ਹਵਾਲੇ ਵਾਰਾਂ ਵਿਚ ਦਿੱਤੇ ਹਨ ਉਨ੍ਹਾਂ ਨੂੰ ਪ੍ਰਮਾਣਿਕ ਮੰਨਿਆ ਜਾਣਾ ਚਾਹੀਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੂਲ ਰੂਪ ਵਿਚ ਭਾਈ ਗੁਰਦਾਸ ਦੀਆਂ ਕਿਰਤਾਂ ਧਾਰਮਿਕ ਰੰਗ ਢੰਗ ਵਾਲੀਆਂ ਹਨ, (ਖਾਸ ਕਰ ਕਬਿੱਤ ਸਵੱਈਏ) ਪਰ ਫਿਰ ਵੀ ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਉਹ ਸਿੱਖ ਧਰਮ ਦੇ ਉਥਾਨ ਬਾਰੇ ਮਹੱਤਵਪੂਰਣ ਨਿਸ਼ਾਨਦੇਹੀ ਕਰਦੀਆਂ ਹਨ ਅਤੇ ਇਹ ਅਤਿਅੰਤ ਮੁੱਲਵਾਨ ਰਚਨਾਵਾਂ ਹਨ।

**(ੲ) ਜਨਮਸਾਖੀਆਂ** : ਗੁਰੂ ਨਾਨਕ ਦੇਵ ਜੀ ਦਾ ਜਨਮ, ਜੀਵਨ ਤੇ ਪਹਿਲੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨੂੰ ਜਨਮਸਾਖੀਆਂ ਆਖਿਆ ਜਾਂਦਾ ਹੈ। ਇਹ ਜੀਵਨੀਆਂ ਨਹੀਂ ਸਗੋਂ ਸੰਤ-ਜੀਵਨ ਕਥਾਵਾਂ (Hagiographies) ਹਨ ਜਿਸਦਾ ਅਰਥ ਹੈ ਸੰਤ ਦੀਆਂ ਜੀਵਨੀਆਂ ਤੇ ਕਥਾਵਾਂ। ਗੁਰੂ ਨਾਨਕ ਨਾਲ ਸੰਬੰਧਿਤ ਵੱਖ ਵੱਖ ਘਟਨਾਵਾਂ ਨੂੰ ਅਕਸਰ ਇਤਿਹਾਸਕ ਕ੍ਰਮ ਅਨੁਸਾਰ ਨਹੀਂ ਪੇਸ਼ ਕੀਤਾ ਗਿਆ। ਤਕਰੀਬਨ ਦਰਜਨ ਕੁ ਜਨਮਸਾਖੀਆਂ ਮਿਲਦੀਆਂ ਹਨ। ਪ੍ਰਮੁੱਖ ਜਨਮਸਾਖੀਆਂ, ਗੁਰਮੁਖੀ ਲਿਪੀ ਵਿਚ ਲਿਖੀਆਂ ਗਈਆਂ ਹਨ, ਭਾਵੇਂ ਇਨ੍ਹਾਂ ਦੀ ਬੋਲੀ ਪੰਜਾਬੀ ਜਾਂ ਸਾਧੂਕੜੀ ਜਾਂ ਸਾਧ ਭਾਸ਼ਾ ਹੈ। ਇਨ੍ਹਾਂ ਵਿਚ ਬਹੁਤੀਆਂ ਜਨਮਸਾਖੀਆਂ 17ਵੀਂ ਤੇ 18ਵੀਂ ਸਦੀ ਵਿਚ ਲਿਖੀਆਂ ਮੰਨੀਆਂ ਜਾਂਦੀਆਂ ਹਨ। ਕੁਝ ਮਹੱਤਵਪੂਰਨ ਜਨਮਸਾਖੀਆਂ ਹੇਠ ਲਿਖੇ ਅਨੁਸਾਰ ਹਨ :-

## (ਸ) ਪੁਰਾਤਨ ਜਨਮਸਾਖੀ :-

ਪੁਰਾਤਨ ਜਨਮਸਾਖੀਆਂ ਦਾ ਅਰਥ ਪੁਰਾਣੀ ਜਾਂ ਪ੍ਰਾਚੀਨ ਜਨਮਸਾਖੀ ਹੈ। ਇਸ ਵਰਗ ਵਿਚ ਤਿੰਨ ਜਨਮਸਾਖੀਆਂ ਹਨ। ਪਹਿਲੀ ਪੁਰਾਤਨ ਜਨਮਸਾਖੀ ਗੁਰੂ ਹਰਗੋਬਿੰਦ ਦੇ ਕਾਲ ਦੌਰਾਨ ਲਿਖੀ ਗਈ ਮੰਨੀ ਜਾਂਦੀ ਹੈ। ਮਿਸਟਰ ਐਚ.ਟੀ. ਕੋਲਬਰੁੱਕ (1765-1837) ਇਹ ਪੁਸਤਕ ਇੰਗਲੈਂਡ ਲੈ ਗਿਆ ਅਤੇ ਉਸ ਨੇ 1815-16 ਈ. ਵਿਚ ਇਹ ਪੁਸਤਕ ਇੰਡੀਆ ਆਫਿਸ ਲਾਇਬ੍ਰੇਰੀ ਨੂੰ ਦੇ ਦਿੱਤੀ। ਉਥੇ ਗੁਰਮੁਖੀ ਹੱਥ ਲਿਖਤਾਂ ਦਾ ਅਧਿਐਨ ਕਰਦਿਆਂ ਜਰਮਨੀ ਦੇ ਵਿਦਵਾਨ ਡਾ. ਟ੍ਰੰਪ ਦੇ ਹੱਥ ਲਗੀ ਤੇ ਉਸ ਨੇ ਇਸ ਨੂੰ ਮੁੜ 1872 ਈ. ਵਿਚ ਸਾਹਮਣੇ ਲਿਆਂਦਾ। ਇਸ ਲਈ ਇਸ ਨੂੰ ਵਲਾਇਤ ਵਾਲੀ ਜਨਮਸਾਖੀ ਵੀ ਆਖਿਆ ਜਾਂਦਾ ਹੈ। 1884-85 ਵਿਚ ਸਰਕਾਰ ਨੇ ਇਸ ਦੀਆਂ ਕੁਝ ਕਾਪੀਆਂ ਤਿਆਰ ਕਰਵਾਈਆਂ

ਤੇ ਕੁਝ ਸੰਸਥਾਵਾਂ ਨੂੰ ਤੋਹਫੇ ਵਜੋਂ ਭੇਂਟ ਕੀਤੀਆਂ।

ਪ੍ਰਸਿੱਧ ਵਿਦਵਾਨ ਪ੍ਰੋ. ਗੁਰਮੁੱਖ ਸਿੰਘ, ਉਰੀਐਂਟਲ ਕਾਲਜ ਲਾਹੌਰ ਨੂੰ ਇਸ ਦੀ ਇਕ ਕਾਪੀ ਹਾਫਿਜ਼ਬਾਦ ਤੋਂ ਮਿਲੀ ਅਤੇ ਇਸ ਨੂੰ ਹਾਫਿਜ਼ਬਾਦ ਵਾਲੀ ਜਨਮਸਾਖੀ ਆਖਿਆ ਜਾਣ ਲੱਗਾ, ਇਹ ਨਕਲ 1733 ਈ. ਵਿਚ ਤਿਆਰ ਕੀਤੀ ਜਾਪਦੀ ਹੈ। ਮੈਕਾਲਿਫ ਨੇ ਇਸ ਨੂੰ ਸੰਪੂਰਣ ਰੂਪ ਦਿੱਤਾ ਅਤੇ ਇਸ ਲਈ ਇਸਨੂੰ ਕਈ ਵਾਰੀ ਮੈਕਾਲਿਫ ਵਾਲੀ ਜਨਮਸਾਖੀ ਵੀ ਆਖਿਆ ਜਾਂਦਾ ਹੈ। ਇਸ ਪੁਸਤਕ ਦੇ ਕੁਝ ਉਤਾਰੇ ਲਾਹੌਰ, ਬਹਾਵਲਪੁਰ, ਸ਼ਿਕਾਰਪੁਰ, ਫਿਰੋਜ਼ਪੁਰ, ਬਰਧਵਾਨ ਤੇ ਬੁਰਹਾਨਪੁਰ ਵਿਖੇ ਪਏ ਸਨ। ਇਨ੍ਹਾਂ ਜਨਮਸਾਖੀਆਂ ਦੇ ਕਰਤਾ ਬਾਰੇ ਕੁਝ ਪਤਾ ਨਹੀਂ ਹੈ ਪਰ ਮੈਕਾਲਿਫ ਤੇ ਕਾਹਨ ਸਿੰਘ ਅਨੁਸਾਰ ਇਹ ਸੇਵਾ ਦਾਸ ਦੀ ਲਿਖੀ ਹੋਈ ਹੈ ਜਿਸ ਲਈ ਇਸ ਨੂੰ ਸੇਵਾ ਦਾਸ ਵਾਲੀ ਜਨਮਸਾਖੀ ਵੀ ਆਖਿਆ ਜਾਂਦਾ ਹੈ।

1907 ਵਿਚ ਇੰਡੀਆ ਆਫਿਸ ਲਾਇਬਰੇਰੀ ਨੇ ਇੱਕ ਹੱਥ ਲਿਖਤ ਪ੍ਰਾਪਤ ਕੀਤੀ ਜੋ ਉਨ੍ਹਾਂ ਦੀ ਸੂਚੀ ਵਿਚ ਬੀ-40 ਨੰਬਰ ਤੇ ਪਈ ਹੈ (ਇਹ ਜਨਮਸਾਖੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਛਾਪ ਦਿੱਤੀ ਹੈ) ਇਸ ਵਿਚ ਗੁਰੂ ਨਾਨਕ ਦੇਵ ਜੀ ਬਾਰੇ ਸੁਲਤਾਨਪੁਰ ਦੇ ਵੇਰਵੇ ਹੋਰਨਾਂ ਨਾਲ ਮੇਲ ਖਾਂਦੇ ਹਨ, ਮਗਰੋਂ ਇਹ ਨਹੀਂ ਮਿਲਦੇ।

ਗੁਰੂ ਨਾਨਕ ਦੇਵ ਜੀ ਦੇ ਜੀਵਨ ਲਈ ਪੁਰਾਤਨ ਜਨਮਸਾਖੀ ਨੂੰ ਬਹੁਤ ਭਰੋਸੇਯੋਗ ਮੰਨਿਆ ਜਾਂਦਾ ਹੈ। ਇਸ ਜਨਮਸਾਖੀ ਦੀ ਭਾਸ਼ਾ ਪੋਠੋਹਾਰੀ ਉਪ ਭਾਸ਼ਾ ਨਾਲ ਮਿਲਦੀ ਹੈ। ਇਸ ਦੀ ਭਾਸ਼ਾ ਬੜੀ ਸਾਦਾ ਹੈ। ਇਸ ਵਿਚ ਇਕ ਵਾਰ ਵੀ ਭਾਈ ਬਾਲੇ ਦਾ ਨਾਮ ਤਕ ਨਹੀਂ ਆਇਆ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਸਿੱਧ ਜੈਕਾਰਾ, 'ਵਾਹਿਗੁਰੂ ਜੀ ਕੀ ਫਤਹਿ' ਮਿਲਦਾ ਹੈ। 1929 ਵਿਚ ਭਾਈ ਵੀਰ ਸਿੰਘ ਨੇ ਜਨਮਸਾਖੀ ਦੇ ਸੰਕਲਨ ਆਪਣੇ ਪਾਸ ਪਏ ਨੁਸਖਿਆਂ ਤੋਂ ਤਿਆਰ ਕੀਤਾ। ਮੈਕਾਲਿਫ ਨੇ ਵੀ ਇਸ ਦਾ ਪੂਰਾ ਲਾਭ ਉਠਾਇਆ। ਇਸ ਦੇ ਉਲਟ ਡਾ. ਤਰਲੋਚਨ ਸਿੰਘ ਦੇ ਵਿਚਾਰ ਇਸ ਜਨਮਸਾਖੀ ਬਾਰੇ ਹੋਰਨਾਂ ਨਾਲ ਨਹੀਂ ਰਲਦੇ ਤੇ ਉਸ ਅਨੁਸਾਰ, ''ਮੇਰੇ ਵਿਚਾਰ ਵਿਚ ਗੁਰੂ ਨਾਨਕ ਸਾਹਿਬ ਦੀਆਂ ਜਨਮ ਤੇ ਮਰਨ ਦੀਆਂ ਤਰੀਕਾਂ ਲਈ ਇਹ ਸਭ ਤੋਂ ਵੱਧ ਗੈਰਭਰੋਸੇ ਯੋਗ ਹੈ ਤੇ ਇਸ ਵਿਚ ਦਿੱਤੀ ਬਾਣੀ ਵੀ ਭਰੋਸੇਯੋਗ ਨਹੀਂ ਹੈ। ਭਾਈ ਗੁਰਮੁੱਖ ਸਿੰਘ ਦੀ ਗਲਤ ਸਲਾਹ ਮੰਨ ਕੇ ਮੈਕਾਲਿਫ ਨੇ ਜਨਮਸਾਖੀ ਵਿਚ ਗੁਰੂ ਜੀ ਦੀਆਂ ਜਨਮ-ਮਰਨ ਦੀਆਂ ਗਲਤ ਤਾਰੀਕਾਂ ਲਿਖ ਦਿੱਤੀਆਂ ਹਨ।''

### (ਹ) ਭਾਈ ਬਾਲੇ ਵਾਲੀ ਜਨਮਸਾਖੀ

ਭਾਈ ਬਾਲਾ ਗੁਰੂ ਨਾਨਕ ਦੇਵ ਜੀ ਦੇ ਪਿੰਡ ਤਲਵੰਡੀ ਦਾ ਵਾਸੀ ਤੇ ਉਨ੍ਹਾਂ ਦਾ ਸਾਥੀ ਅਤੇ ਸਹਿਯੋਗੀ ਮੰਨਿਆ ਜਾਂਦਾ ਹੈ। ਗੁਰੂ ਅੰਗਦ ਦੇਵ ਜੀ ਦੇ ਜੀਵਨ ਕਾਲ ਵਿਚ ਇਹ ਜਨਮਸਾਖੀ ਸੁਲਤਾਨਪੁਰ ਨਿਵਾਸੀ ਭਾਈ ਪੈੜੇ ਮੋਖੇ ਨੇ ਲਿਖੀ ਤੇ ਭਾਈ ਬਾਲੇ ਨੇ ਲਿਖਵਾਈ। ਇਹ ਵੀ ਆਖਿਆ ਜਾਂਦਾ ਹੈ ਕਿ ਉਸ ਵੇਲੇ ਗੁਰੂ ਨਾਨਕ ਦੀ ਜਨਮ ਪੱਤਰੀ ਵੀ ਵੇਖੀ ਗਈ। ਫਿਰ ਇਹ ਗੁਰੂ ਅੰਗਦ ਜੀ ਨੂੰ ਸੁਣਾਈ ਗਈ। ਡਾ. ਤਰਲੋਚਨ ਸਿੰਘ ਇਸ ਜਨਮਸਾਖੀ ਨੂੰ ਪ੍ਰਮਾਣਿਕ ਮੰਨਦਾ ਹੈ ਪਰ ਹੇਠ ਦਿੱਤੇ ਆਧਾਰਾਂ ਤੇ ਇਸ ਬਾਰੇ ਕਾਫੀ ਕਿੰਤੂ ਹੋਇਆ ਹੈ।

ਇਹ ਜਨਮਸਾਖੀ ਗੁਰੂ ਅੰਗਦ ਵੇਲੇ ਦੀ ਪ੍ਰਾਚੀਨ ਬੋਲੀ ਵਿਚ ਨਹੀਂ ਲਿਖੀ ਤੇ ਨਾਲ ਹੀ ਗੁਰੂ ਅੰਗਦ ਨੂੰ ਗੁਰੂ ਨਾਨਕ ਦੇ ਇਤਨੇ ਨਜ਼ਦੀਕੀ ਸਾਥੀ ਬਾਰੇ ਪਤਾ ਨਹੀਂ ਸੀ ਕਿਉਂਕਿ ਜਦੋਂ ਉਹ ਉਨ੍ਹਾਂ ਪਾਸ ਗਏ ਤਾਂ ਉਨ੍ਹਾਂ ਨੇ ਪੁਛਿਆ ਸੀ ਕਿ ਭਾਈ ਤੂੰ ਕੌਣ ਹੈ ? ਇਸ ਵਿਚ 'ਵਾਹਿਗੁਰੂ' ਦਾ ਪ੍ਰਯੋਗ ਇਹ ਸਿੱਧ ਕਰਦਾ ਹੈ ਕਿ ਇਹ ਕਦੇ ਵੀ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਪਹਿਲਾਂ ਨਹੀਂ ਲਿਖੀ। ਭਾਈ ਗੁਰਦਾਸ ਤੇ ਭਾਈ ਮਨੀ ਸਿੰਘ ਨੇ ਵੱਖ ਵੱਖ ਪ੍ਰਸਿੱਧ ਸਿੱਖਾਂ ਦੀਆਂ ਸੂਚੀਆਂ ਤਿਆਰ ਕੀਤੀਆਂ ਹਨ ਅਤੇ ਇਨ੍ਹਾਂ ਵਿਚ ਭਾਈ ਬਾਲੇ ਦਾ ਨਾਮ ਨਹੀਂ। ਕਈ ਥਾਵਾਂ ਤੇ ਗੁਰੂ ਨਾਨਕ ਦੇਵ ਬਾਰੇ ਨਿੰਦਾਯੋਗ ਸਾਖੀਆਂ ਦਿੱਤੀਆਂ ਗਈਆਂ ਹਨ। ਦੇਵਲੂਤ ਮਸੰਦ ਦੀ ਕਹਾਣੀ ਤੋਂ ਪਤਾ ਲੱਗਦਾ ਹੈ ਕਿ ਇਹ ਗੁਰੂ ਅਮਰਦਾਸ ਜੀ ਤੋਂ ਕੁਝ ਸਮਾਂ ਬਾਅਦ ਲਿਖੀ ਗਈ।

ਪਰ ਇਹ ਗੱਲ ਉਚਿਤ ਨਹੀਂ ਹੈ ਕਿ ਭਾਈ ਬਾਲੇ ਦਾ ਨਾਮ ਬਿਲਕੁਲ ਹੀ ਅੱਖੋਂ ਉਹਲੇ ਕਰ ਦਿੱਤਾ ਜਾਵੇ ਤੇ ਉਸ ਨੂੰ ਨਿਰੋਲ ਕਲਪਨਾ ਆਖਿਆ ਜਾਵੇ। ਮਹਿਮਾ ਪ੍ਰਕਾਸ਼ ਵਿਚ ਭਾਈ ਬਾਲੇ ਦਾ ਨਾਮ ਸਰੂਪ ਦਾਸ ਭੱਲਾ ਨੇ ਦਿੱਤਾ ਹੈ। ਡਾ. ਤਰਲੋਚਨ ਸਿੰਘ ਦਾ ਵਿਚਾਰ ਹੈ ਕਿ ਇਸ ਪੁਸਤਕ ਵਿਚ ਸਮੇਂ ਸਮੇਂ ਮੀਣਿਆਂ, ਹੰਦਾਲੀਆਂ ਤੇ ਹੋਰਨਾਂ ਨੇ ਵਿਗਾੜ ਪਾ ਦਿੱਤਾ ਹੈ। ਉਹ ਇਸ ਦੀ ਪ੍ਰਮਾਣਿਕਤਾ ਨੂੰ ਸਵੀਕਾਰ ਕਰਦਾ ਹੈ ਕਿਉਂਕਿ ਬਾਲੇ ਦਾ ਪਰਿਵਾਰ ਅਜੇ ਵੀ ਨਨਕਾਣਾ ਸਾਹਿਬ ਵਿਚ ਰਹਿੰਦਾ ਹੈ। ਉਸ ਦੀ ਸਮਾਧੀ ਖਡੂਰ ਸਾਹਿਬ ਵਿਚ ਸਥਿਤ ਹੈ।

## (ਕ) ਮੇਹਰਬਾਨ ਦੀ ਜਨਮਸਾਖੀ

ਇਸ ਜਨਮਸਾਖੀ ਦਾ ਕਰਤਾ ਮਿਹਰਬਾਨ ਸੀ ਜੋ ਪ੍ਰਿਥੀ ਚੰਦ ਦਾ ਪੁੱਤਰ ਸੀ ਜੋ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਸੀ। ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਮਿਲਣ ਉਪਰੰਤ ਇਹ ਉਨ੍ਹਾਂ ਦੇ ਜਾਨੀ ਦੁਸ਼ਮਣ ਬਣ ਗਿਆ। ਇਹ ਜਨਮਸਾਖੀ 17ਵੀਂ ਸਦੀ ਦੇ ਪਹਿਲੇ ਅੱਧ ਵਿਚ ਲਿਖੀ ਗਈ। ਇਸ ਦੀ ਬੋਲੀ ਮੂਲ ਰੂਪ ਵਿਚ ਬ੍ਰਜ ਭਾਸ਼ਾ ਤੇ ਇਸ ਵਿਚ ਫਾਰਸੀ, ਮੁਲਤਾਨੀ ਤੇ ਪੱਛਮੀ ਪੰਜਾਬੀ ਦੇ ਸ਼ਬਦ ਮਿਲਦੇ ਹਨ। ਇਸ ਦੀਆਂ 6 ਜਿਲਦਾਂ ਹਨ- ਪੋਥੀ ਸੱਚ ਖੰਡ, ਪੋਥੀ ਹਰਿ ਜੀ ਤੇ ਪੋਥੀ ਚਤੁਰਭੁਜ, ਕੇਸ਼ੋ-ਪਦ ਪੋਥੀ, ਅਭੈ-ਪਦ ਪੋਥੀ ਤੇ ਪ੍ਰੇਮ ਪਦ ਪੋਥੀ। ਪਹਿਲੀਆਂ ਤਿੰਨ ਪੋਥੀਆਂ 1940 ਵਿਚ ਦਮਦਮਾ ਸਾਹਿਬ ਤੋਂ ਮਿਲੀਆਂ ਹਨ। ਇਹ ਗੋਸ਼ਟਾਂ ਹਨ। ਇਤਿਹਾਸਕ ਪੱਖੋਂ ਇਹ ਮਹੱਤਵਪੂਰਣ ਹਨ ਕਿਉਂਕਿ ਇਨ੍ਹਾਂ ਵਿਚ ਤਰੀਕਾਂ, ਵਿਅਕਤੀਆਂ ਦੇ ਨਾਂ ਤੇ ਘਟ ਕਰਾਮਾਤੀ ਕਹਾਣੀਆਂ ਮਿਲਦੀਆਂ ਹਨ।

## (ਖ) ਭਾਈ ਮਨੀ ਸਿੰਘ ਦੀ ਜਨਮਸਾਖੀ ਜਾਂ ਗਿਆਨ ਰਤਨਾਵਲੀ

ਭਾਈ ਮਨੀ ਸਿੰਘ ਗੁਰੂ ਗੋਬਿੰਦ ਸਿੰਘ ਦੇ ਨਜ਼ਦੀਕੀ ਸਾਥੀ ਸਨ। ਇਹ ਨੇਕ ਤੇ ਪ੍ਰਸਿੱਧ ਸਿੱਖ ਸਨ। ਇਹ ਗੁਰੂ ਗੋਬਿੰਦ ਸਿੰਘ ਦੀ 1708 ਈ. ਵਿਚ ਹੋਏ ਨੰਦੇੜ ਵਿਖੇ ਅਕਾਲ ਚਲਾਣੇ ਤੱਕ ਉਨ੍ਹਾਂ ਦੇ ਨਾਲ ਰਹੇ। ਉਹ ਪ੍ਰਸਿੱਧ ਆਗੂ ਤੇ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਨ। ਕੁਝ ਸਿੱਖਾਂ ਦੀ ਬੇਨਤੀ ਕਰਨ ਤੇ ਉਨ੍ਹਾਂ ਨੇ ਗਿਆਨ ਰਤਨਾਵਲੀ ਲਿਖੀ ਜਿਸ ਦਾ ਆਧਾਰ ਭਾਈ ਗੁਰਦਾਸ ਦੀ ਪਹਿਲੀ ਵਾਰ ਸੀ। ਇਹ ਆਖਿਆ ਜਾਂਦਾ ਹੈ ਕਿ ਇਹ ਰਚਨਾ 1675-1700 ਈ. ਦੇ ਦੌਰਾਨ ਸੰਪੰਨ ਹੋਈ ਤੇ ਗੁਰੂ ਗੋਬਿੰਦ ਸਿੰਘ ਜੀ ਪਾਸ ਉਨ੍ਹਾਂ ਦੀ ਪ੍ਰਵਾਨਗੀ ਲਈ ਪੇਸ਼ ਕੀਤੀ। ਪਰ ਇਹ ਵਿਚਾਰ ਵੀ ਦਿੱਤਾ ਜਾਂਦਾ ਹੈ ਕਿ ਭਾਈ ਮਨੀ ਸਿੰਘ ਦੀ ਸ਼ਹੀਦੀ ਤੋਂ ਮਗਰੋਂ ਵੀ ਇਸ ਪੁਸਤਕ ਦਾ ਕੁਝ ਭਾਗ ਤਿਆਰ ਹੋਇਆ ਕਿਉਂਕਿ ਕਈ ਥਾਈ ਉਨ੍ਹਾਂ ਨੂੰ ਅਨਯ ਪੁਰਖ (Third Person) ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਕਈ ਥਾਵਾਂ ਤੇ ਬੋਲੀ ਬੜੀ ਆਧੁਨਿਕ ਹੈ ਤੇ ਇਸ ਵਿਚ ਇਕਰੂਪਤਾ ਨਹੀਂ ਹੈ। ਫਿਰ ਵੀ ਇਹ ਮਹੱਤਵਪੂਰਨ ਰਚਨਾ ਹੈ ਕਿਉਂਕਿ ਇਸ ਵਿਚ ਗੁਰੂ ਨਾਨਕ ਜੀ ਦੀ ਜਨਮ ਮਿਤੀ ਵੈਸਾਖ ਦੇ ਮਹੀਨੇ ਦੀ ਹੈ।

## (ਗ) ਮਹਿਮਾ ਪ੍ਰਕਾਸ਼

ਦੋ ਵੱਖ ਵੱਖ ਲੇਖਕਾਂ ਦੁਆਰਾ ਲਿਖੇ ਮਹਿਮਾ ਪ੍ਰਕਾਸ਼ ਦੇ ਦੋ ਰੂਪ ਮਿਲਦੇ ਹਨ। ਪਹਿਲਾ ਰੂਪ 'ਮਹਿਮਾ ਪ੍ਰਕਾਸ਼' ਵਾਰਤਕ ਵਿਚ ਹੈ ਜਿਸ ਵਿਚ ਗੁਰੂ ਨਾਨਕ ਦੇ ਜੀਵਨ ਬਾਰੇ ਵੀਹ ਸਾਖੀਆਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਦਾ ਲਿਖਣ ਵਾਲਾ ਕਿਰਪਾਲ ਚੰਦ ਭੱਲਾ ਹੈ। ਇਹ 1741 ਵਿਚ ਲਿਖਿਆ ਗਿਆ ਦੂਜਾ ਰੂਪ 'ਮਹਿਮਾ ਪ੍ਰਕਾਸ਼' ਕਵਿਤਾ ਰੂਪ ਵਿਚ ਹੈ ਜਿਸ ਵਿਚ 65 ਸਾਖੀਆਂ ਹਨ। ਇਸ ਨੂੰ ਸਰੂਪ ਦਾਸ ਭੱਲਾ ਨੇ 1776 ਵਿਚ ਪੂਰਾ ਕੀਤਾ ਜੋ ਗੁਰੂ ਅਮਰਦਾਸ ਜੀ ਕੁਲ ਵਿਚੋਂ ਸੀ ਤੇ ਗੋਇੰਦਵਾਲ ਦਾ ਵਾਸੀ ਸੀ। ਇਸ ਪੁਸਤਕ ਦੇ ਪਹਿਲੇ ਭਾਗ ਵਿਚ ਗੁਰੂ ਨਾਨਕ ਦੀ ਜੀਵਨ ਕਥਾ ਹੈ ਤੇ ਦੂਜੇ ਭਾਗ ਵਿਚ ਬਾਕੀ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਬਾਰੇ ਲਿਖਿਆ ਹੈ। ਇਸ ਨੂੰ ਵੈਰੋਵਾਲ ਵਾਲੀ ਜਨਮਸਾਖੀ ਵੀ ਆਖਿਆ ਜਾਂਦਾ ਹੈ।

## (ਘ) ਦਸਮ ਗ੍ਰੰਥ

ਗੁਰੂ ਗੋਬਿੰਦ ਸਿੰਘ ਜੀ ਮਹਾਂ ਕਵੀ ਤੇ ਸਰਵ ਪੱਖੀ ਵਿਦਵਾਨ ਸਨ। ਉਹ ਮਹਾਨ ਭਾਸ਼ਾ ਵਿਗਿਆਨੀ ਸਨ। ਉਨ੍ਹਾਂ ਦੇ ਦਰਬਾਰ ਵਿਚ 52 ਮਹਾਨ ਕਵੀ ਰਹਿੰਦੇ ਸਨ। ਉਨ੍ਹਾਂ ਨੇ ਬਹੁਤ ਸਾਰੇ ਹੱਥ ਲਿਖਤ ਗ੍ਰੰਥ ਤਿਆਰ ਕਰਵਾਏ ਸਨ। ਦਸਮ ਗ੍ਰੰਥ ਜਾਂ ਦਸਮ ਪਾਤਸ਼ਾਹ ਦੇ ਗ੍ਰੰਥ ਵਿਚ ਫੁਟਕਲ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਇਸ ਦਾ ਕੁਝ ਹਿੱਸਾ ਹੀ ਉਨ੍ਹਾਂ ਦਾ ਆਪਣਾ ਲਿਖਿਆ ਹੋਇਆ ਹੈ ਤੇ ਬਾਕੀ ਦਾ ਹਿੱਸਾ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹਿੰਦੂ ਕਵੀਆਂ ਦੀ ਦੇਣ ਹੈ। ਦਸੰਬਰ 1704 ਵਿਚ ਸਰਸਾ ਦਰਿਆ ਪਾਰ ਕਰਦਿਆਂ ਗੁਰੂ ਜੀ ਦੀਆਂ ਬਹੁਤ ਹੱਥ ਲਿੱਖਤਾਂ (ਗਰੰਥ) ਦਰਿਆ ਵਿਚ ਵਹਿ ਗਈਆਂ। ਦਮਦਮਾ ਸਾਹਿਬ ਪੁੱਜ ਕੇ ਗੁਰੂ ਜੀ ਨੇ ਸੰਗ੍ਰਹਿ ਤਿਆਰ ਕਰਨ ਦਾ ਕਾਰਜ ਆਰੰਭ ਕੀਤਾ। ਇਸ ਦੀ ਇਕ ਜਿਲਦ ਭਾਈ ਮਨੀ ਸਿੰਘ ਨੇ ਤਿਆਰ ਕੀਤੀ। ਇਸ ਵਿਚ 18 ਰਚਨਾਵਾਂ ਹਨ। ਇਉਂ ਜਾਪਦਾ ਹੈ ਕਿ 18 ਰਚਨਾਵਾਂ ਦਾ ਦਸਵਾਂ ਹਿੱਸਾ ਇਸ ਗਰੰਥ ਵਿਚ ਸ਼ਾਮਿਲ ਹੋ ਸਕਿਆ ਹੈ। ਖੁਸ਼ਵੰਤ ਸਿੰਘ ਦਾ ਵਿਚਾਰ ਹੈ ਕਿ ਵਿਚਾਰ ਅਧੀਨ ਦਸਮ ਗਰੰਥ ਦਾ ਅਰਥ ਹੈ ਕੁਲ ਦਾ ਦਸਵਾਂ ਹਿੱਸਾ। ਦਸਮ ਸ਼ਬਦ ਦਾ ਭਾਵ ਦਸਵਾਂ ਹਿੱਸਾ ਹੈ ਨਾ ਕਿ ਦਸਮ

ਗੁਰੂ। ਇਸ ਪੁਸਤਕ ਤੋਂ ਪਤਾ ਲੱਗਦਾ ਹੈ ਕਿ ਹਿੰਦੂ ਧਰਮ, ਸ਼ਾਸਤ੍ਰ, ਮਿਥਿਹਾਸ, ਦਰਸ਼ਨ, ਇਤਿਹਾਸ ਤੇ ਸਾਹਿਤ ਨੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਤੇ ਸਰਗਰਮੀਆਂ ਨੂੰ ਕਿੰਨਾ ਪ੍ਰਭਾਵਿਤ ਕੀਤਾ। ਇਸ ਗਰੰਥ ਵਿਚ ਜਾਪੁ ਸਾਹਿਬ ਅਕਾਲ ਉਸਤਿਤ, ਚੰਡੀ ਚਰਿਤ੍ਰ, ਗਿਆਨ ਪ੍ਰਬੋਧ, ਚੋਪਾਈਆਂ, ਸਵੱਈਏ, ਸ਼ਾਸਤਰ ਨਾਮਮਾਲਾ, ਤ੍ਰਿਯ ਚਰਿਤ੍ਰ ਤੇ ਜ਼ਫਰਨਾਮਾ ਸ਼ਾਮਲ ਹਨ। ਗਰੰਥ ਦਾ ਸਭ ਤੋਂ ਮਹੱਤਵਪੂਰਣ ਭਾਗ ਬਚਿਤ੍ਰ ਨਾਟਕ ਹੈ ਜੋ ਗੁਰੂ ਜੀ ਦੀ ਸ੍ਵੈ-ਜੀਵਨੀ ਹੈ। ਇਸ ਵਿਚ ਗੁਰੂ ਜੀ ਨੇ ਪਰਿਵਾਰ ਦਾ ਹਾਲ ਦਿੱਤਾ ਹੈ। ਆਪਣੇ ਜੀਵਨ ਉਦੇਸ਼ ਪਹਾੜੀ ਰਾਜਿਆਂ ਨਾਲ ਲੜੀਆਂ ਤੇ ਸ਼ਾਹੀ ਫੌਜਾਂ ਨਾਲ ਯੁੱਧਾਂ ਬਾਰੇ ਇਸ ਵਿਚ ਸਪਸ਼ਟ ਲਿਖਿਆ ਹੈ। ਇਸ ਦੇ 14 ਅਧਿਆਇ ਹਨ। ਇਸ ਵਿਚ ਬੇਦੀਆਂ ਤੇ ਸੋਢੀਆਂ ਦਾ ਵੀ ਹਾਲ ਦਿੱਤਾ ਗਿਆ ਅਤੇ ਆਪਣੇ ਪਿਤਾ ਦੀ ਸ਼ਹਾਦਤ ਬਾਰੇ ਵੀ ਲਿਖਿਆ ਹੈ। ਇਹ ਉਸ ਸਮੇਂ ਦੇ ਸਮਕਾਲੀ ਜੀਵਨ ਦਾ ਸਹੀ ਤਸਵੀਰ ਹੈ। ਇਸ ਵਿਚ ਹੋਲੀ ਦੇ ਮੇਲੇ, ਵਿਆਹ ਸ਼ਾਦੀਆਂ, ਮੋਹਲੇਧਾਰ ਮੀਂਹ, ਹੜ੍ਹ ਵਾਲੀਆਂ ਨਦੀਆਂ, ਸਾਫ ਨੀਲੇ ਆਕਾਸ਼, ਯੁਧ ਵਿਧੀਆਂ, ਵਰਤੇ ਜਾਂਦੇ ਹਥਿਆਰਾਂ, ਲੜਾਈ ਦੇ ਪੈਂਤੜਿਆਂ ਤੇ ਪ੍ਰਸਿੱਧ ਸਥਾਨਾਂ ਆਦਿ ਦਾ ਬੜਾ ਦਿਲਕਸ਼ ਬਿਆਨ ਕੀਤਾ ਗਿਆ ਮਿਲਦਾ ਹੈ।

### (ਙ) ਹੁਕਮਨਾਮੇ **(Hukam Namas)**

ਹੁਕਮਨਾਮੇ ਦਾ ਅਰਥ ਹੈ ਹੁਕਮ ਜੋ ਗੁਰੂ ਆਪਣੇ ਸਿੱਖਾਂ ਜਾਂ ਸੰਗਤਾਂ ਦੇ ਨਾਮ ਲਿਖ ਕੇ ਭੇਜਦੇ ਹਨ। ਇਨ੍ਹਾਂ ਵਿਚ ਗੁਰੂ ਲੰਗਰ ਲਈ ਰਸਦ, ਹਥਿਆਰ ਬਣਾਉਣ ਅਤੇ ਯੁੱਧ ਲਈ ਘੋੜਿਆਂ ਦੀ ਖਰੀਦ ਲਈ ਪੈਸਿਆਂ ਆਦਿ ਦੀ ਫਰਮਾਇਸ਼ ਪਾਈ ਹੁੰਦੀ ਹੈ। ਸਿੱਖ ਬੜੀ ਸ਼ਰਧਾ ਨਾਲ ਇਨ੍ਹਾਂ ਨੂੰ ਸਵੀਕਾਰ ਕਰਦੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਹੁਕਮਨਾਮੇ 18ਵੀਂ ਸਦੀ ਦੇ ਗੜਬੜ ਤੇ ਰਾਜਨੀਤਿਕ ਅਦਲਾ ਬਦਲੀਆਂ ਕਾਰਨ ਨਸ਼ਟ ਹੋ ਗਏ। ਡਾ. ਗੰਡਾ ਸਿੰਘ ਨੇ 89 ਨਿਸ਼ਾਨਾਂ ਤੇ ਹੁਕਮਨਾਮਿਆਂ ਨੂੰ ਸੰਕਲਿਤ ਕਰਕੇ ਪੁਸਤਕ ਪ੍ਰਕਾਸ਼ਿਤ ਕੀਤੀ ਹੈ। ਇਨ੍ਹਾਂ ਵਿਚੋਂ 34 ਗੁਰੂ ਗੋਬਿੰਦ ਸਿੰਘ, 23 ਗੁਰੂ ਤੇਗ ਬਹਾਦਰ, 2 ਮਾਤਾ ਗੁਜਰੀ, 9 ਮਾਤਾ ਸੁੰਦਰੀ, 9 ਮਾਤਾ ਸਾਹਿਬ ਦੇਵਾਂ ਅਤੇ ਇਕ ਗੁਰੂ ਅਰਜਨ ਦੇਵ, 4 ਗੁਰੂ ਹਰਗੋਬਿੰਦ, ਇਕ ਇਕ ਗੁਰੂ ਹਰਿ ਰਾਇ ਗੁਰੂ ਹਰਿ ਕ੍ਰਿਸ਼ਨ ਤੇ ਭਾਈ ਗੁਰਦਿਤਾ ਅਤੇ 2 ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਹਨ। ਇਨ੍ਹਾਂ ਹੁਕਮਨਾਮਿਆਂ ਵਿਚ ਮਿਤੀਆਂ ਅਤੇ ਪ੍ਰਸਿੱਧ ਵਿਅਕਤੀਆਂ ਦੇ ਨਾਮਾਂ ਬਾਰੇ ਪਤਾ ਲਗਦਾ ਹੈ। ਇਹ ਗੁਰੂ ਕਾਲ ਦੇ ਸਮਕਾਲੀ ਜਨ ਜੀਵਨ ਦੇ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਤੇ ਸਭਿਆਚਾਰਕ ਇਤਿਹਾਸ ਦੇ ਪੁਨਰ-ਨਿਰਮਾਣ ਲਈ ਮਹੱਤਵਪੂਰਣ ਸੋਮੇ ਹਨ।

## 1.1.4 ਪੰਜਾਬੀ ਤੇ ਹਿੰਦੀ ਵਿਚ ਇਤਿਹਾਸਕ ਤੇ ਅਰਧ-ਇਤਿਹਾਸਕ ਰਚਨਾਵਾਂ

18ਵੀਂ ਸਦੀ ਵਿਚ ਬਹੁਤ ਸਾਰੀਆਂ ਇਤਿਹਾਸਕ ਤੇ ਅਰਧ-ਇਤਿਹਾਸਕ ਰਚਨਾਵਾਂ ਹਿੰਦੀ, ਪੰਜਾਬੀ ਵਿਚ ਰਚੀਆਂ ਗਈਆਂ ਜਿਨ੍ਹਾਂ ਦੀ ਲਿਪੀ ਗੁਰਮੁਖੀ ਹੈ।

### (ੳ) ਗੁਰ ਸ਼ੋਭਾ

ਇਸ ਦਾ ਲੇਖਕ ਸੈਨਾਪਤਿ ਗੁਰੂ ਗੋਬਿੰਦ ਸਿੰਘ ਦੇ 52 ਦਰਬਾਰੀਆਂ ਕਵੀਆਂ ਵਿਚੋਂ ਇਕ ਸੀ। ਉਸ ਨੇ ਇਹ ਗ੍ਰੰਥ 1701 ਵਿਚ ਲਿਖਣਾ ਆਰੰਭਿਆ ਤੇ 1711 ਵਿਚ ਪੂਰਾ ਕੀਤਾ। ਇਸ ਵਿਚ ਉਸ ਨੇ ਗੁਰੂ ਜੀ ਦੇ ਖਾਲਸਾ ਸਾਜਣ ਤੋਂ ਪਿੱਛੋਂ ਦੇ ਜੀਵਨ ਬਾਰੇ ਲਿਖਿਆ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਔਰੰਗਜ਼ੇਬ ਨੂੰ 'ਜ਼ਫਰਨਾਮਾ' ਨਾਂਮੀ ਪੱਤਰ ਲਿਖਣ ਬਾਰੇ ਵਿਸਥਾਰਮਈ ਵੇਰਵਾ ਮਿਲਦਾ ਹੈ। ਗੁਰੂ ਸਾਹਿਬ ਦੇ ਬਹਾਦਰ ਸ਼ਾਹ ਨਾਲ ਸੰਬੰਧਾਂ ਅਤੇ ਕਿਵੇਂ ਇਕ ਪਠਾਨ ਨੇ ਗੁਰੂ ਸਾਹਿਬ ਤੇ ਅਚਾਨਕ ਵਾਰ ਕਰ ਦਿੱਤਾ, ਆਦਿ ਦਾ ਹਾਲ ਵੀ ਮਿਲਦਾ ਹੈ।

### (ਅ) ਸਿੱਖਾਂ ਦੀ ਭਗਤਮਾਲਾ

ਇਸ ਨੂੰ ਭਗਤ ਰਤਨਾਵਲੀ ਵੀ ਆਖਦੇ ਹਨ। 18ਵੀਂ ਸਦੀ ਦੇ ਪਹਿਲੇ ਅੱਧ ਵਿਚ ਇਸ ਨੂੰ ਭਾਈ ਮਨੀ ਸਿੰਘ ਨੇ ਲਿਖਿਆ। ਇਹ ਭਾਈ ਗੁਰਦਾਸ ਦੀ 11ਵੀਂ ਵਾਰ ਦਾ ਟੀਕਾ ਹੈ। ਗੁਰੂ ਸਾਹਿਬਾਨ ਦਾ ਜੀਵਨ ਬਿਰਤਾਂਤ, ਪ੍ਰਸਿੱਧ ਸਿੱਖਾਂ ਦੀ ਨਾਮਾਵਲੀ ਤੇ ਉਸ ਸਮੇਂ ਦੀ ਸਮਾਜਿਕ ਦਸ਼ਾ ਬਾਰੇ ਲਿਖਿਆ ਗਿਆ ਹੈ।

### (ੲ) ਪਰਚੀਆਂ

ਇਹ ਸੇਵਾਦਾਸ ਦੀਆਂ ਲਿਖੀਆਂ 50 ਸਾਖੀਆਂ ਦਾ ਸੰਗ੍ਰਹਿ ਹੈ। ਇਸ ਵਿਚ ਪਹਿਲੇ ਅੱਠ ਗੁਰੂ ਸਾਹਿਬਾਨ ਬਾਰੇ 8 ਸਾਖੀਆਂ, ਗੁਰੂ ਤੇਗ ਬਹਾਦਰ ਬਾਰੇ 4 ਅਤੇ ਗੁਰੂ ਗੋਬਿੰਦ ਸਿੰਘ ਬਾਰੇ 38 ਸਾਖੀਆਂ ਮਿਲਦੀਆਂ ਹਨ।

### (ਸ) ਬੰਸਾਵਲੀ ਨਾਮਾ

ਕੇਸਰ ਸਿੰਘ ਛਿੱਬੜ ਨੇ 1780 ਵਿਚ ਇਹ ਬੰਸਾਵਲੀ ਨਾਮਾ ਪੂਰਾ ਕੀਤਾ। ਇਸ ਦੇ 14 ਅਧਿਆਇ ਹਨ। ਇਨ੍ਹਾਂ ਵਿਚ 10 ਗੁਰੂ ਸਾਹਿਬਾਨਾਂ ਬਾਰੇ ਹਨ ਤੇ ਅਗਲੇ ਚਾਰ ਬੰਦਾ ਸਿੰਘ ਬਹਾਦਰ, ਬਾਬਾ ਅਜੀਤ ਸਿੰਘ, ਮਾਤਾ ਸੁੰਦਰੀ ਤੇ ਖਾਲਸਾ ਪੰਥ ਨਾਲ ਸੰਬੰਧਿਤ ਹਨ। ਇਸ ਪੁਸਤਕ ਵਿਚ ਦਿੱਤੀਆਂ ਤਰੀਕਾਂ ਭਰੋਸੇਯੋਗ ਨਹੀਂ, ਪਰ ਫਿਰ ਵੀ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਪਿਛੋਂ ਦੇ ਸਮੇਂ ਬਾਰੇ ਕਾਫੀ ਮਹੱਤਵਪੂਰਣ ਜਾਣਕਾਰੀ ਮੁਹੱਈਆ ਕਰਦੀ ਹੈ।

### (ਹ) ਗੁਰੂ ਬਿਲਾਸ

ਦੋ ਗੁਰੂ ਬਿਲਾਸ ਮਿਲਦੇ ਹਨ। ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਗੁਰੂ ਅਰਜਨ ਦੇਵ ਜੀ ਤੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਜੀਵਨ ਦੀਆਂ ਕੁਝ ਮਹੱਤਵਪੂਰਣ ਘਟਨਾਵਾਂ ਦਾ ਬਿਆਨ ਹੈ। ਇਹ 1718 ਈ. ਵਿਚ ਪੂਰਾ ਹੋਇਆ। ਦੂਸਰੀ ਪੁਸਤਕ ਗੁਰੂ ਬਿਲਾਸ ਪਾਤਸ਼ਾਹੀ ਦਸਵੀਂ ਹੈ ਜੋ ਭਾਈ ਸੁਖਾ ਸਿੰਘ ਨੇ 1797 ਈ. ਵਿਚ ਪੂਰੀ ਕੀਤੀ। ਇਸ ਵਿਚ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਚੋਖੀ ਜਾਣਕਾਰੀ ਮਿਲਦੀ ਹੈ। ਇਸ ਵਿਚ 21 ਅਧਿਆਇ ਹਨ।

### (ਕ) ਗੁਰੂ ਪ੍ਰਤਾਪ ਸੂਰਜ ਗ੍ਰੰਥ

ਇਹ ਗ੍ਰੰਥ ਬ੍ਰਜ ਭਾਸ਼ਾ ਵਿਚ ਲਿਖਿਆ ਗਿਆ ਹੈ। ਇਸ ਦੇ ਦੋ ਭਾਗ ਹਨ (1) ਨਾਨਕ ਪ੍ਰਕਾਸ਼ 1823 ਵਿਚ ਲਿਖਿਆ ਗਿਆ। ਇਸ ਦੇ 130 ਅਧਿਆਇ ਹਨ ਅਤੇ ਗੁਰੂ ਨਾਨਕ ਦੇ ਜੀਵਨ ਨਾਲ ਸੰਬੰਧਿਤ ਹੈ। ਇਉਂ ਜਾਪਦਾ ਹੈ ਕਿ ਇਹ ਬਾਲੇ ਵਾਲੀ ਜਨਮਸਾਖੀ ਤੇ ਆਧਾਰਿਤ ਹੈ (2) ਸੂਰਜ ਪ੍ਰਕਾਸ਼ 1843 ਈ. ਵਿਚ ਪੂਰਾ ਹੋਇਆ। ਇਸ ਵਿਚ ਗੁਰੂ ਅੰਗਦ ਤੋਂ ਬੰਦਾ ਸਿੰਘ ਬਹਾਦਰ ਤੱਕ ਦੇ ਜੀਵਨ ਵਿਚ ਵਾਪਰਨ ਵਾਲੀਆਂ ਮਹੱਤਵਪੂਰਨ ਘਟਨਾਵਾਂ ਦਾ ਜ਼ਿਕਰ ਹੈ।

### (ਖ) ਪ੍ਰਾਚੀਨ ਪੰਥ ਪ੍ਰਕਾਸ਼

ਇਸ ਗ੍ਰੰਥ ਦੇ ਲੇਖਕ ਰਤਨ ਸਿੰਘ ਭੰਗੂ ਹਨ। ਇਸਦੀ ਰਚਨਾ 1809 ਵਿਚ ਕੀਤੀ ਜੋ 1841 ਵਿਚ ਪੁਸਤਕ ਦੇ ਰੂਪ ਵਿਚ ਸਾਹਮਣੇ ਆਈ। ਇਸ ਗ੍ਰੰਥ ਵਿਚ ਗੁਰੂ ਨਾਨਕ ਤੋਂ 18ਵੀਂ ਸਦੀ ਦੇ ਅੰਤ ਤੱਕ ਦਾ ਇਤਿਹਾਸ ਕਵਿਤਾ ਵਿਚ ਦਿੱਤਾ ਹੋਇਆ ਹੈ। ਇਸ ਵਿਚ ਸਿੱਖ-ਅਫਗਾਨ ਤੇ ਸਿੱਖ ਮਰਹੱਟਾ ਸੰਬੰਧਾਂ ਬਾਰੇ ਵਿਸਤ੍ਰਿਤ ਬਿਰਤਾਂਤ ਦਿੱਤਾ ਗਿਆ ਹੈ। 18ਵੀਂ ਸਦੀ ਦੇ ਸੰਘਰਸ਼ ਵਿਚ ਰਤਨ ਸਿੰਘ ਭੰਗੂ ਦੇ ਬਜ਼ੁਰਗਾਂ ਨੇ ਹਿੱਸਾ ਲਿਆ ਹੈ।

### (ਗ) ਪੰਥ ਪ੍ਰਕਾਸ਼ ਤੇ ਤਵਾਰੀਖ ਗੁਰੂ ਖਾਲਸਾ

ਇਹ ਦੋਨੋਂ ਗ੍ਰੰਥ ਭਾਈ ਮਨੀ ਸਿੰਘ ਦੇ ਵੰਸ਼ ਦੇ ਗਿਆਨੀ ਗਿਆਨ ਸਿੰਘ ਦੇ ਲਿਖੇ ਹੋਏ ਹਨ। ਪੰਥ ਪ੍ਰਕਾਸ਼ ਪ੍ਰਾਚੀਨ ਪੰਥ ਪ੍ਰਕਾਸ਼ ਤੇ ਆਧਾਰਿਤ ਹੈ ਪਰ ਇਸ ਵਿਚ ਕਾਫੀ ਸੁਧਾਰ ਕੀਤਾ ਗਿਆ। ਇਹ ਕਵਿਤਾ ਵਿਚ ਹੈ। ਤਵਾਰੀਖ ਗੁਰੂ ਖਾਲਸਾ ਦੇ ਪੰਜ ਭਾਗ ਹਨ। 'ਜੀਵਨ ਦਸ ਗੁਰੂ' ਗੁਰੂ ਸਾਹਿਬ ਦੇ ਜੀਵਨ ਕਾਰਜਾਂ ਨਾਲ ਸੰਬੰਧਤ ਹੈ। 'ਸ਼ਮਸ਼ੇਰ ਖਾਲਸਾ' ਵਿਚ ਬੰਦਾ ਬਹਾਦਰ ਅਧੀਨ ਸਿੱਖਾਂ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਹੈ। ਇਸ ਵਿਚ ਸਿੱਖ ਅਫਗਾਨ ਮੁਗਲ ਸੰਘਰਸ਼ ਦੀ ਵੀ ਚਰਚਾ ਹੈ। ਰਾਜ ਖਾਲਸਾ ਵਿਚ 12 ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਤੇ ਸਿੰਘਾਂ ਤੇ ਫਰੰਗੀਆਂ ਦੀਆਂ ਲੜਾਈਆਂ ਦਾ ਹਾਲ ਦਰਜ ਹੈ। ਚੌਥੇ ਹਿੱਸੇ ਸਰਦਾਰ ਖਾਲਸਾ ਵਿਚ ਸਿੱਖ ਰਾਜਿਆਂ ਅਤੇ ਸਿੱਖ ਸਰਦਾਰਾਂ ਦੇ ਜੀਵਨ ਤੇ ਕਾਰਨਾਮੇ ਲਿਖੇ ਗਏ ਹਨ। ਆਖਰੀ ਹਿੱਸੇ ਵਿਚ ਸਿੱਖ ਗੁਰਦੁਆਰਿਆਂ ਤੇ ਸਿੱਖ ਲਹਿਰਾਂ ਦਾ ਜ਼ਿਕਰ ਹੈ। ਡਾ. ਭਗਤ ਸਿੰਘ ਲਿਖਦੇ ਹਨ ਕਿ ਗਿਆਨੀ ਗਿਆਨ ਸਿੰਘ ਦੀ ਤਵਾਰੀਖ ਵਿਚ ਕਮੀਆਂ ਹੋਣਗੀਆਂ ਜੋ ਹਰ ਮੋਢੀ ਰਚਨਾ ਵਿਚ ਰਹਿ ਜਾਂਦੀਆਂ ਹਨ ਪਰ ਇਸ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਇਸ ਮਹਾਨ ਕਾਰਜ ਨੇ ਬਹੁਤ ਸਾਰੇ ਪਾਠਕਾਂ, ਖੋਜੀਆਂ ਤੇ ਇਤਿਹਾਸਕਾਰਾਂ ਨੂੰ ਉਤਸ਼ਾਹਿਤ ਕੀਤਾ ਹੈ।

### (ਘ) ਭੱਟ ਵਹੀਆਂ

ਗਿਆਨੀ ਗਰਜਾ ਸਿੰਘ ਨੇ ਜਾਣਕਾਰੀ ਦਾ ਇਕ ਹੋਰ ਸੋਮਾ ਲੱਭਿਆ। ਇਉਂ ਜਾਪਦਾ ਹੈ ਕਿ ਭੱਟ ਗੁਰੂ ਅਰਜਨ ਦੇਵ ਜੀ ਵੇਲੇ ਸਿੱਖ ਧਰਮ ਨਾਲ ਜੁੜ ਗਏ। ਇਨ੍ਹਾਂ ਦੀ ਔਲਾਦ ਨੇ ਵਹੀਆਂ ਰਖੀਆਂ ਹੋਈਆਂ ਸਨ ਜਿਨ੍ਹਾਂ ਵਿਚ ਗੁਰੂ ਤੇਗ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਨਾਲ ਸੰਬੰਧਤ ਕੁਝ ਘਟਨਾਵਾਂ ਦਰਜ ਕੀਤੀਆਂ ਗਈਆਂ ਮਿਲਦੀਆਂ ਹਨ।

### 1.1.5 ਫਾਰਸੀ ਵਿਚ ਇਤਿਹਾਸਕ ਲਿਖਤਾਂ

ਮੱਧਕਾਲ ਵਿਚ ਰਾਜ ਦਰਬਾਰ ਦੀ ਭਾਸ਼ਾ ਫਾਰਸੀ ਸੀ। ਬਹੁਤ ਇਤਿਹਾਸਕ ਗ੍ਰੰਥ ਇਸੇ ਭਾਸ਼ਾ ਵਿਚ ਲਿਖੇ ਗਏ ਹਨ। ਡਾ. ਗਰੇਵਾਲ ਦਾ ਵਿਚਾਰ ਹੈ ਕਿ ਪੰਜਾਬ ਜਾਂ ਸਿੱਖਾਂ ਤੇ ਹੀ ਵਿਸ਼ੇਸ਼ ਰੂਪ ਵਿਚ ਲਿਖੇ ਫ਼ਾਰਸੀ ਦੇ ਗ੍ਰੰਥਾਂ ਦੀ ਸੰਖਿਆ ਅਤੇ ਉਨ੍ਹਾਂ ਦੇ ਸਰੂਪ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਤੋਂ ਮੱਧਕਾਲ ਦੇ ਪੰਜਾਬ ਦੇ ਇਤਿਹਾਸਕਾਰਾਂ ਲਈ ਅਤਿਅੰਤ ਮਹੱਤਵਪੂਰਨ ਸਮੱਗਰੀ ਪ੍ਰਾਪਤ ਹੁੰਦੀ ਹੈ।

**(ੳ) ਤੁਜ਼ਕ-ਏ-ਬਾਬਰੀ ਜਾਂ ਬਾਬਰਨਾਮਾ :-** ਭਾਰਤ ਵਿਚ ਮੁਗਲ ਸਾਮਰਾਜ ਦੀ ਨੀਂਹ ਰੱਖਣ ਵਾਲਾ ਬਾਬਰ ਬੜਾ ਉੱਚ ਕੋਟੀ ਦਾ ਵਿਦਵਾਨ ਸੀ। ਉਸ ਨੇ ਤੁਰਕੀ ਭਾਸ਼ਾ ਵਿਚ ਆਪਣੀ ਸ੍ਵੈ-ਜੀਵਨ ਲਿਖੀ ਹੈ ਜਿਸਦਾ ਮਗਰੋਂ ਫਾਰਸੀ, ਅੰਗਰੇਜ਼ੀ ਆਦਿ ਵਿਚ ਅਨੁਵਾਦ ਹੋਇਆ। ਇਸ ਵਿਚ 16ਵੀਂ ਸਦੀ ਦੇ ਪੰਜਾਬ ਦੀ ਸਮਾਜਿਕ, ਆਰਥਿਕ, ਭੂਗੋਲਿਕ, ਧਾਰਮਿਕ ਤੇ ਰਾਜਨੀਤਿਕ ਸਥਿਤੀ ਦੇ ਹਵਾਲੇ ਮਿਲਦੇ ਹਨ।

**(ਅ) ਹਮਾਯੂੰ ਨਾਮਾ :-** ਸ਼ਾਹੀ ਹਰਮ ਦੀ ਮੈਂਬਰ ਗੁਲਬਦਨ ਬੇਗਮ ਨੇ ਇਸਨੂੰ ਲਿਖਿਆ। ਉਸ ਨੇ ਹਮਾਯੂੰ ਦੇ ਕਾਲ ਦੀਆਂ ਕਈ ਘਟਨਾਵਾਂ ਇਸ ਵਿਚ ਅੰਕਿਤ ਕੀਤੀਆਂ।

**(ੲ) ਆਇਨ-ਏ-ਅਕਬਰੀ ਅਤੇ ਅਕਬਰਨਾਮਾ :-** ਅਬੁੱਲ ਫਜ਼ਲ ਅਕਬਰ ਦਾ ਦਰਬਾਰੀ ਇਤਿਹਾਸਕਾਰ ਸੀ। ਉਸ ਨੇ ਅਕਬਰ ਦੇ ਰਾਜ 1556 ਤੋਂ 1602 ਤੱਕ ਦੀਆਂ ਵੱਖ ਵੱਖ ਘਟਨਾਵਾਂ ਨੂੰ ਦੋ ਮਹੱਤਵਪੂਰਨ ਪੁਸਤਕਾਂ ਆਇਨ-ਏ-ਅਕਬਰੀ ਤੇ ਅਕਬਰਨਾਮੇ ਵਿਚ ਦਰਜ ਕੀਤਾ ਹੈ। ਅਕਬਰਨਾਮੇ ਵਿਚ ਉਸ ਨੇ ਅਕਬਰ ਦੇ ਗੋਇੰਦਵਾਲ ਵਿਖੇ 24 ਨਵੰਬਰ 1598 ਨੂੰ ਜਾਣ ਦਾ ਵੀ ਜ਼ਿਕਰ ਕੀਤਾ ਹੈ।

**(ਸ) ਤੁਜ਼ਕ-ਏ-ਜਹਾਂਗੀਰੀ :-** ਇਹ ਜਹਾਂਗੀਰੀ ਦੀ ਸ੍ਵੈ-ਜੀਵਨੀ ਹੈ। ਉਸ ਨੇ ਇਸ ਵਿਚ ਗੁਰੂ ਅਰਜਨ ਦੇਵ ਜੀ ਬਾਰੇ ਆਪਣੇ ਵਿਚਾਰ ਅੰਕਿਤ ਕੀਤੇ ਹਨ ਤੇ ਉਨ੍ਹਾਂ ਦੀ ਸ਼ਹੀਦੀ ਲਈ ਕੀਤੇ ਹੁਕਮ ਦੇ ਕਾਰਣ ਵੀ ਦਿੱਤੇ ਹਨ।ਭਾਵੇਂ ਇਹ ਇਕ ਪੱਖੀ ਤਸਵੀਰ ਹੈ ਪਰ ਫਿਰ ਵੀ ਇਸਦੇ ਇਤਿਹਾਸਕ ਮਹੱਤਵ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

**(ਹ) ਦਬਿਸਤਾਨੇ ਮਜ਼ਾਹਿਬ**

ਬਹੁਤ ਸਮੇਂ ਤਕ ਮੋਹਸਨ ਫਾਨੀ ਨੂੰ ਦਬਿਸਤਾਨੇ ਮਜ਼ਾਹਿਬ ਦਾ ਲੇਖਕ ਮੰਨਿਆ ਜਾਂਦਾ ਰਿਹਾ ਪਰ ਨਵੀਂ ਖੋਜ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਇਹ ਰਚਨਾ ਮਬੀਦ ਜ਼ੁਲਫਕਾਰ ਅਰਦਿਸਤਾਨੀ ਦੀ ਮਿਹਨਤ ਦਾ ਸਿੱਟਾ ਹੈ। ਲੇਖਕ ਪੰਜਵੇਂ, ਛੇਵੇਂ ਤੇ ਸਤਵੇਂ ਗੁਰੂ ਦਾ ਸਮਕਾਲੀ ਸੀ। ਇਸ ਪੁਸਤਕ ਵਿਚ ਉਹ ਮਸੰਦ ਪ੍ਰਣਾਲੀ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਗੁਰੂ ਹਰਗੋਬਿੰਦ ਦੀ ਨਵੀਂ ਨੀਤੀ, ਯੁੱਧਾਂ ਤੇ ਉਨ੍ਹਾਂ ਦੇ ਅਕਾਲ ਚਲਾਣੇ ਦਾ ਹਾਲ ਅਤੇ ਗੁਰੂ ਹਰਿਰਾਏ ਦੀ ਗੁਰਿਆਈ ਦੀ ਰਸਮ ਦਾ ਬਿਰਤਾਂਤ ਦਿੰਦਾ ਹੈ। ਜਾਪਦਾ ਹੈ ਕਿ ਉਹ ਪੰਜਵੇਂ, ਛੇਵੇਂ ਤੇ ਸਤਵੇਂ ਗੁਰੂ ਜੀ ਦਾ ਮਿੱਤਰ ਸੀ।

**(ਕ) ਖੁਲਾਸਤ-ਉਤ-ਤਵਾਰੀਖ**

ਇਹ ਬਟਾਲਾ ਨਿਵਾਸੀ ਸੁਜਾਨ ਰਾਏ ਭੰਡਾਰੀ ਦੀ ਕਿਰਤ ਹੈ ਜੋ 1696 ਵਿਚ ਪੂਰੀ ਹੋਈ। ਇਸ ਵਿਚ ਸਿੱਖਾਂ ਬਾਰੇ ਲਾਭਕਾਰੀ ਹਵਾਲੇ ਮਿਲਦੇ ਹਨ ਤੇ ਇਸ ਵਿਚ ਵਡਮੁੱਲੇ ਭੂਗੋਲਿਕ ਵਰਨਣ ਵੀ ਮਿਲਦੇ ਹਨ।

**(ਖ) ਮੁੰਤਖਿਬ-ਉਲ-ਲੁਬਾਬ**

ਇਸ ਪੁਸਤਕ ਦੇ ਲੇਖਕ ਖਾਫੀ ਖਾਂ ਨੇ ਮੁਗਲਾਂ ਦਾ 1722 ਈ. ਤੱਕ ਦੇ ਇਤਿਹਾਸ ਨੂੰ ਲਿਖਿਆ ਹੈ। ਪੱਖਪਾਤੀ ਵਿਚਾਰਾਂ ਦੇ ਬਾਵਜੂਦ ਲੇਖਕ 18ਵੀਂ ਸਦੀ ਦੇ ਆਰੰਭ ਦੀਆਂ ਘਟਨਾਵਾਂ ਬਾਰੇ ਬੜੀ ਲਾਭਕਾਰੀ ਜਾਣਕਾਰੀ ਦਿੰਦਾ ਹੈ। ਉਹ ਬੰਦਾ ਸਿੰਘ ਬਹਾਦਰ ਦੇ ਸਾਥੀਆਂ ਨਾਲ ਕੀਤੇ ਵਰਤਾਉ ਬਾਰੇ ਲਿਖਦਾ ਹੈ ਕਿ, ''ਤਿੰਨ ਜਾਂ ਚਾਰ ਹਜ਼ਾਰ ਸਿੱਖਾਂ ਨੂੰ ਕੈਦ ਕਰਕੇ ਤਲਵਾਰਾਂ ਨਾਲ ਕਤਲ ਕਰ ਦਿੱਤਾ ਜਿਸ ਨਾਲ ਧਰਤੀ ਲਹੂ ਲੁਹਾਣ ਹੋ ਗਈ।''

**(ਗ) ਸੀਆਰ-ਉਲ-ਮੁਤਾਖਰੀਨ**

ਗੁਲਾਮ ਹੁਸੈਨ ਦੇ 1785 ਵਿਚ ਲਿਖੀ। ਉਸ ਨੇ ਸਿੱਖ ਗੁਰੂਆਂ ਬਾਰੇ ਤੇ 18ਵੀਂ ਸਦੀ ਦੀ ਰਾਜਨੀਤਿਕ ਹਾਲਤ ਬਾਰੇ ਲਿਖਿਆ ਹੈ।ਇਸ ਪੁਸਤਕ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਕਈ ਭੁਲੇਖੇ ਖੜ੍ਹੇ ਕਰ ਦਿੱਤੇ ਹਨ।

### (ਘ) ਜੰਗਨਾਮਾ

ਨੂਰ ਮੁਹੰਮਦ ਨੇ 1765 ਈ. ਵਿਚ ਲਿਖਿਆ। ਲੇਖਕ ਅਹਿਮਦਸ਼ਾਹ ਅਬਦਾਲੀ ਨਾਲ ਪੰਜਾਬ ਦੇ ਹਮਲੇ ਵੇਲੇ ਨਾਲ ਆਇਆ ਅਤੇ ਉਸ ਨੇ ਉਸ ਸਮੇਂ ਦੀਆਂ ਘਟਨਾਵਾਂ ਲਿਖੀਆਂ ਹਨ।

### 1.1.6 ਅੰਗਰੇਜ਼ੀ ਵਿਚ ਮਿਲਦੇ ਸੋਮੇ

18ਵੀਂ ਸਦੀ ਦੇ ਅੰਤ ਜਾਂ 19ਵੀਂ ਸਦੀ ਦੇ ਆਰੰਭ ਸਮੇਂ ਬਹੁਤ ਸਾਰੇ ਯੂਰਪੀਨ ਯਾਤਰੀ ਜਾਂ ਕਰਮਚਾਰੀ ਪੰਜਾਬ ਵਿਚ ਆਏ। ਉਨ੍ਹਾਂ ਨੇ ਇਸ ਦੇ ਇਤਿਹਾਸ ਬਾਰੇ ਆਪਣੇ ਪ੍ਰਭਾਵ ਆਪਣੀਆਂ ਕਿਤਾਬਾਂ ਵਿਚ ਦਰਜ ਕੀਤੇ ਇਨ੍ਹਾਂ ਵਿਚੋਂ ਹੇਠ ਲਿਖਿਆਂ ਨੂੰ ਸਭ ਤੋਂ ਵੱਧ ਮਹੱਤਵਪੂਰਣ ਮੰਨਿਆ ਜਾ ਸਕਦਾ ਹੈ :-

(ੳ) **(A Journey from Bengal to England-Forster)** :- ''ਏ ਜਰਨੀ ਫਰਾਮ ਬੰਗਾਲ ਟੂ ਇੰਗਲੈਂਡ'' ਫੋਰਸਟਰ ਦੀ ਪੁਸਤਕ ਹੈ ਜਿਸ ਵਿਚ 18ਵੀਂ ਸਦੀ ਦੇ ਆਖਰੀ ਸਾਲਾਂ ਵਿਚ ਸਿੱਖਾਂ ਦੀ ਦਸ਼ਾ ਦਾ ਜ਼ਿਕਰ ਹੈ। ਇਹ ਯਾਤਰਾ ਵੇਰਵਾ 1798 ਵਿਚ ਪ੍ਰਕਾਸ਼ਤ ਹੋਇਆ।

(ਅ) **(Sketch of the Sikhs-Malcolm)** :- ''ਸਕੈਚ ਆਫ ਦਾ ਸਿੱਖਸ'' ਮੈਲਕੋਮ ਦੀ ਪੁਸਤਕ ਹੈ। ਜਿਸ ਵਿਚ ਸਿੱਖ ਧਰਮ, ਪਰੰਪਰਾ, ਰਸਮਾਂ-ਰਿਵਾਜ਼ਾਂ, ਸਭਿਆਚਾਰ ਤੇ ਇਤਿਹਾਸ ਬਾਰੇ ਸਮੱਗਰੀ ਹੈ।

(ਸ) **(History of the Sikhs-J.D. Cunningham) :-** ਹਿਸਟਰੀ ਆਫ਼ ਸਿੱਖਸ ਜੇ.ਡੀ. ਕਨਿੰਘਮ ਦੀ ਪੁਸਤਕ ਹੈ। ਇਸ ਵਿਚ ਉਸ ਨੇ ਨਿਰਭੈ ਹੋ ਕੇ ਸਿੱਖਾਂ ਦੇ ਇਤਿਹਾਸ ਦਾ ਬਿਆਨ ਕੀਤਾ।

### 1.1.7 ਫੁਟਕਲ ਸੋਮੇ

(ੳ) **ਸਿੱਕੇ** :- ਸਿੱਕੇ ਪੰਜਾਬ ਦੇ ਇਤਿਹਾਸ ਦੇ ਮਹੱਤਵਪੂਰਣ ਸੋਮੇ ਹਨ। ਮੁਗਲ ਸ਼ਹਿਨਸ਼ਾਹਾਂ ਦੇ ਸਿੱਕਿਆਂ ਤੋਂ ਇਲਾਵਾ ਬੰਦਾ ਸਿੰਘ ਬਹਾਦਰ, ਜੱਸਾ ਸਿੰਘ ਆਹਲੂਵਾਲੀਆ, ਅਹਿਮਦ ਸ਼ਾਹ ਅਬਦਾਲੀ ਦੇ ਸਿੱਕੇ ਮਿਲਦੇ ਹਨ। ਸਿੱਕਿਆਂ ਤੋਂ ਰਾਜਿਆਂ ਦੇ ਨਾਂ, ਮਿਤੀਆਂ, ਆਰਥਿਕ ਸਥਿਤੀ, ਪ੍ਰੰਪਰਾਵਾਂ ਆਦਿ ਦਾ ਪਤਾ ਲਗਦਾ ਹੈ।

(ਅ) **ਇਤਿਹਾਸਕ ਚਿੱਤਰਕਾਰੀ** :- ਬਹੁਤ ਸਾਰੇ ਇਤਿਹਾਸਕ ਚਿੱਤਰ ਮਿਲਦੇ ਹਨ ਜਿਨ੍ਹਾਂ ਵਿਚ ਗੁਰੂ ਸਾਹਿਬਾਨ ਦੇ ਜੀਵਨ ਦੇ ਕਈ ਪੱਖਾਂ ਅਤੇ ਗੁਰਦੁਆਰਿਆਂ ਨੂੰ ਚਿੱਤਰਿਆ ਗਿਆ ਹੈ। ਗੋਇੰਦਵਾਲ ਵਿਖੇ 22 ਮੰਜੀਦਾਰਾਂ ਦੇ ਚਿੱਤਰ ਮਿਲਦੇ ਹਨ। ਇਸ ਤਰ੍ਹਾਂ ਅੰਮ੍ਰਿਤਸਰ, ਪਟਿਆਲਾ, ਚੰਡੀਗੜ੍ਹ ਤੇ ਨਵੀਂ ਦਿੱਲੀ, ਦੇਹਰਾਦੂਨ, ਆਨੰਦਪੁਰ ਤੇ ਹੋਰ ਕਈ ਸਥਾਨਾਂ ਤੇ ਇਤਿਹਾਸਕ ਚਿੱਤਰ ਦੇਖੇ ਜਾ ਸਕਦੇ ਹਨ। ਚਿੱਤਰ ਉਸ ਸਮੇਂ ਦੇ ਸਮਾਜਿਕ, ਸਭਿਆਚਾਰਕ, ਧਾਰਮਿਕ ਤੇ ਆਰਥਿਕ ਜੀਵਨ ਦੀ ਮੂੰਹ ਬੋਲਦੀ ਤਸਵੀਰ ਹਨ।

(ੲ) **ਇਮਾਰਤਾਂ ਤੇ ਯਾਦਗਾਰਾਂ** :- ਇਤਿਹਾਸਕ ਸ਼ਹਿਰ, ਇਮਾਰਤਾਂ ਅਤੇ ਯਾਦਗਾਰਾਂ ਇਤਿਹਾਸਕ ਸੋਮਿਆਂ ਲਈ ਲਾਭਕਾਰੀ ਹਨ। ਅੰਮ੍ਰਿਤਸਰ, ਆਨੰਦਪੁਰ, ਕੀਰਤਪੁਰ, ਪਉਂਟਾ ਸਾਹਿਬ, ਗੋਇੰਦਵਾਲ, ਖਡੂਰ ਸਾਹਿਬ ਆਦਿ ਧਾਰਮਿਕ ਸ਼ਹਿਰ ਸਿੱਖ ਗੁਰੂਆਂ ਦਾ ਇਤਿਹਾਸ ਦਰਸਾਉਂਦੇ ਹਨ। ਇਮਾਰਤਾਂ ਤੇ ਸਰੋਵਰ ਜੋ ਇਨ੍ਹਾਂ ਸਥਾਨ ਤੇ ਹਨ, ਪਾਠਕ ਨੂੰ ਲਾਭਕਾਰੀ ਜਾਣਕਾਰੀ ਦਿੰਦੇ ਹਨ। ਲਾਹੌਰ, ਆਨੰਦਪੁਰ, ਅੰਮ੍ਰਿਤਸਰ ਦੇ ਕਿਲ੍ਹੇ ਇਸ ਕਾਲ ਦੇ ਇਤਿਹਾਸ ਨੂੰ ਬਿਆਨ ਕਰਦੇ ਹਨ। ਇਸ ਲਈ ਗੁਰਦੁਆਰੇ, ਸਰੋਵਰ, ਬਾਗ, ਕਿਲ੍ਹਿਆਂ ਤੋਂ ਕਾਫੀ ਮਹੱਤਵਪੂਰਣ ਇਤਿਹਾਸਕ ਜਾਣਕਾਰੀ ਮਿਲਦੀ ਹੈ।

(ਸ) **ਮੁਹਰਾਂ ਤੇ ਤਮਗੇ** :- ਮੁਗਲ ਤੇ ਅਫਗਾਨ ਰਾਜੇ ਯੋਗ ਬੰਦਿਆਂ ਨੂੰ ਤਮਗੇ ਦਿਆ ਕਰਦੇ ਸਨ। ਇਸੇ ਤਰ੍ਹਾਂ ਸ਼ਾਹੀ ਮੁਹਰਾਂ ਨੂੰ ਬਾਦਸ਼ਾਹ ਦੇ ਦਸਖਤਾਂ ਦੀ ਥਾਂ ਵਰਤਿਆ ਜਾਂਦਾ ਸੀ। ਮੁਹਰਾਂ ਵੀ ਇਤਿਹਾਸ ਦੇ ਮਹੱਤਵਪੂਰਣ ਸੋਮੇ ਹਨ।

(ਹ) **ਲੋਕ ਗੀਤ, ਮੁਹਾਵਰੇ ਤੇ ਅਰਦਾਸ** :- ਪੰਜਾਬ ਦੇ ਲੋਕ ਗੀਤ ਤੇ ਮੁਹਾਵਰੇ ਕਈ ਵਾਰ ਇਤਿਹਾਸਕ ਪੱਖ ਨੂੰ ਉਜਾਗਰ ਕਰਦੇ ਹਨ। ਗੁਰਦੁਆਰਿਆਂ ਤੇ ਹੋਰ ਧਾਰਮਿਕ ਸਮਾਗਮਾਂ ਵੇਲੇ ਕੀਤੀ ਅਰਦਾਸ ਵਿਚ ਭੂਤਕਾਲ ਦੀਆਂ ਕੁਰਬਾਨੀਆਂ ਦਾ ਜ਼ਿਕਰ ਹੁੰਦਾ ਹੈ। ਮੁਸਲਮਾਨ ਰਾਜਿਆਂ ਦੁਆਰਾ ਕੀਤੇ ਅਕਹਿ ਜ਼ੁਲਮਾਂ ਦਾ ਕਿੱਸਾ ਰੋਜ਼ ਦੁਹਰਾਇਆ ਜਾਂਦਾ ਹੈ।

ਇਸ ਲਈ ਪੰਜਾਬ ਦੇ ਇਤਿਹਾਸ ਦੇ ਸੋਮੇ ਕਾਫੀ ਵੱਡੀ ਮਾਤਰਾ ਵਿਚ ਮਿਲਦੇ ਹਨ ਪਰ ਇਸ ਵਿੱਚੋਂ ਸੱਚ ਨਿਤਾਰਣ ਲਈ ਆਲੋਚਨਾਤਮਕ ਤੇ ਵਿਸ਼ਲੇਸ਼ਣਾਤਮਕ ਬਿਰਤੀ ਦੀ ਜ਼ਰੂਰਤ ਹੈ।

**1.1.8 ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ :**

ਸਿੱਖ ਗੁਰੂ ਨਾਨਕ ਦੇਵ ਜੀ, ਮਰਦਾਨਾ, ਭਾਈ ਮਨੀ ਸਿੰਘ, ਕੰਨਿਘਮ, ਜਨਮਸਾਖੀ, ਪੁਨਰ-ਨਿਰਮਾਣ, ਹੁਕਮਨਾਮੇ, ਇਤਿਹਾਸਕ ਸ੍ਰੋਤ, ਆਦਿ ਗ੍ਰੰਥ।

**1.1.9 ਵਿਦਿਆਰਥੀ ਦੇ ਅਭਿਆਸ ਲਈ ਪ੍ਰਸ਼ਨ:**

1. ਸਿੱਖ ਇਤਿਹਾਸ ਦੇ ਨਿਰਮਾਣ ਵਿਚ ਆਉਂਦੀਆਂ ਮੁਸ਼ਕਿਲਾਂ ਬਾਰੇ ਲਿਖੋ?
2. ਆਦਿ ਗ੍ਰੰਥ ਉੱਤੇ ਨੋਟ ਲਿਖੋ?
3. ਹੁਕਮਨਾਮੇ ਕੀ ਹਨ? ਇਨ੍ਹਾਂ ਨੂੰ ਕਿਸਨੇ ਸੰਪਾਦਿਤ ਕੀਤਾ।
4. ਸਿੱਖ ਇਤਿਹਾਸ ਸੰਬੰਧੀ ਫਾਰਸੀ ਵਿੱਚ ਮਿਲਦੇ ਸੋਮਿਆਂ ਉੱਤੇ ਨੋਟ ਲਿਖੋ?
5. ਸਿੱਖ ਇਤਿਹਾਸ ਦੇ ਅੰਗਰੇਜ਼ੀ ਵਿੱਚ ਮਿਲਦੇ ਸੋਮਿਆਂ ਉਤੇ ਨੋਟ ਲਿਖੋ?
6. ਭਾਈ ਮਨੀ ਸਿੰਘ ਉੱਤੇ ਨੋਟ ਲਿਖੋ? ਉਸਨੇ ਸਿੱਖ ਇਤਿਹਾਸ ਲੇਖਣ ਦੇ ਵਿਕਾਸ ਵਿੱਚ ਕੀ ਯੋਗਦਾਨ ਪਾਇਆ ?
7. ਪੰਜਾਬ ਦੇ ਇਤਿਹਾਸ ਨਿਰਮਾਣ ਦੇ ਮੁੱਢਲੇ ਸੋਮਿਆਂ ਉੱਤੇ ਵਿਸਥਾਰ ਨਾਲ ਲਿਖੋ? ਇਨਾਂ ਦੀਆਂ ਸੀਮਾਵਾਂ ਵੀ ਲਿਖੋ?

ਪਾਠ ਨੰ. 1.2

# ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ

ਪਾਠ ਦੀ ਬਣਤਰ:

1.1.1 ਭੂਮਿਕਾ
1.1.2 ਜਨਮ ਅਤੇ ਮਾਤਾ ਪਿਤਾ
1.1.3 ਬਾਲ ਅਵਸਥਾ ਅਤੇ ਸਿੱਖਿਆ
1.1.4 ਵੱਖ-ਵੱਖ ਧੰਦਿਆਂ ਵਿੱਚ
1.1.5 ਵਿਆਹ
1.1.6 ਸੁਲਤਾਨਪੁਰ ਵਿੱਚ ਨੌਕਰੀ
1.1.7 ਗਿਆਨ ਪ੍ਰਾਪਤੀ

1.2.2.1 ਸਿੱਖ ਧਰਮ ਦੇ ਪ੍ਰਚਾਰ ਲਈ ਸਫਰ ਜਾਂ ਉਦਾਸੀਆਂ
1.2.2.2 ਪਹਿਲੀ ਉਦਾਸੀ
1.2.2.3 ਦੂਜੀ ਉਦਾਸੀ
1.2.2.4 ਤੀਜੀ ਉਦਾਸੀ
1.2.2.5 ਚੌਥੀ ਉਦਾਸੀ
1.2.2.6 ਪੰਜਵੀਂ ਉਦਾਸੀ

1.2.3.1 ਕਰਤਾਰਪੁਰ ਵਿੱਚ ਨਿਵਾਸ
1.2.3.2 ਚੇਲਿਆਂ ਦਾ ਸੰਗਠਨ (ਸੰਗਤ ਅਤੇ ਪੰਗਤ)
1.2.3.3 ਉਤਰਾਧਿਕਾਰੀ ਦੀ ਨਿਯੁਕਤੀ
1.2.3.4 ਅਕਾਲ ਚਲਾਣਾ

1.2.4.1 ਗੁਰੂ ਨਾਨਕ ਦੇਵ ਜੀ ਦੇ ਉਪਦੇਸ਼
1.2.4.2 ਰੱਬ ਸੰਬੰਧੀ ਵਿਚਾਰ

1.2.5.1 ਕੀ ਗੁਰੂ ਨਾਨਕ ਦੇਵ ਜੀ ਕ੍ਰਾਂਤੀਕਾਰੀ ਸਨ ਜਾਂ ਸੁਧਾਰਕ?
1.2.5.2 ਕ੍ਰਾਂਤੀਕਾਰੀ ਦੇ ਰੂਪ ਵਿੱਚ
1.2.5.3 ਸੁਧਾਰਕ ਦੇ ਰੂਪ ਵਿੱਚ
1.2.5.4 ਸਿੱਟਾ

1.2.6.1 ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਭਾਵ
1.2.6.2 ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ
1.2.6.3 ਵਿਦਿਆਰਥੀਆਂ ਦੇ ਅਭਿਆਸ ਲਈ ਪ੍ਰਸ਼ਨ:

**ਪਾਠ ਦਾ ਉਦੇਸ਼:**

1. ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਦਾਸੀਆਂ ਸੰਬੰਧੀ ਵੇਰਵਾ ਦੇਣਾ।
2. ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਸੰਬੰਧੀ ਗਿਆਨ ਦੇਣਾ।
3. ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਭਾਵ।
4. ਗੁਰੂ ਜੀ ਦੇ ਸੁਧਾਰਕ ਜਾਂ ਕ੍ਰਾਂਤੀਕਾਰੀ ਹੋਣ ਬਾਰੇ ਵੱਖ-ਵੱਖ ਅਧਾਰ ਦੱਸਣਾ।

**1.1.1 ਭੂਮਿਕਾ**

ਗੁਰੂ ਨਾਨਕ ਦੇਵ ਜੀ ਕੇਵਲ ਪੰਜਾਬ ਅਤੇ ਭਾਰਤ ਦੇ ਇਤਿਹਾਸ ਵਿਚ ਹੀ ਨਹੀਂ ਸਗੋਂ ਸਾਰੇ ਸੰਸਾਰ ਦੇ ਇਤਿਹਾਸ ਵਿਚ ਹੋਏ ਸਭ ਤੋਂ ਮਹਾਨ ਪੁਰਸ਼ਾਂ ਵਿਚੋਂ ਇਕ ਮੰਨੇ ਜਾਂਦੇ ਹਨ। ਉਨ੍ਹਾਂ ਨੂੰ ਕਿਸੇ ਵੀ ਦੇਸ਼ ਅਤੇ ਕਿਸੇ ਕਾਲ ਵਿਚ ਪੈਦਾ ਹੋਏ ਮਹਾਨ ਧਾਰਮਿਕ ਨੇਤਾਵਾਂ ਨਾਲ ਸਥਾਨ ਦਿੱਤਾ ਜਾ ਸਕਦਾ ਹੈ। ਉਨ੍ਹਾਂ ਨੇ ਪੰਜਾਬ ਵਿਚ ਉਸ ਸਮੇਂ ਜਨਮ ਲਿਆ ਜਦੋਂ ਹਿੰਦੂ ਸਮਾਜ ਵਿਚ ਫੋਕੇ ਕਰਮ-ਕਾਂਡ ਅਤੇ ਝੂਠੇ ਰਸਮੋ-ਰਿਵਾਜ ਬਹੁਤ ਜ਼ੋਰ ਫੜ ਚੁੱਕੇ ਸਨ। ਲੋਕਾਂ ਦੇ ਆਚਰਣ ਬਹੁਤ ਡਿਗ ਗਏ ਸਨ ਅਤੇ ਧਰਮ ਕੇਵਲ ਪਾਖੰਡ ਬਣ ਕੇ ਰਹਿ ਗਿਆ ਸੀ। ਦੂਜੇ ਭਗਤਾਂ ਵਾਂਗ ਗੁਰੂ ਨਾਨਕ ਦੇਵ ਜੀ ਨੇ ਬੜੇ ਉਤਸ਼ਾਹ ਨਾਲ ਸਮਾਜਿਕ ਬੁਰਾਈਆਂ ਦੀ ਨਿਖੇਧੀ ਕੀਤੀ ਅਤੇ ਲੋਕਾਂ ਨੂੰ ਧਰਮ ਦਾ ਅਸਲੀ ਮਾਰਗ ਦਿਖਾਇਆ। ਜਿਥੇ ਕਿਤੇ ਵੀ ਉਹ ਗਏ ਉਨ੍ਹਾਂ ਦੀ ਬਾਣੀ ਦਾ ਲੋਕਾਂ ਤੇ ਜਾਦੂ ਭਰਿਆ ਅਸਰ ਹੋਇਆ ਅਤੇ ਬਹੁਤ ਅਧਿਕ ਸੰਖਿਆ ਵਿਚ ਉਨ੍ਹਾਂ ਦੇ ਸ਼ਰਧਾਲੂ ਬਣ ਗਏ। ਉਨ੍ਹਾਂ ਨੂੰ ਆਪਣੇ ਉਦੇਸ਼ ਵਿਚ ਦੂਜੇ ਸਾਰੇ ਭਗਤਾਂ ਨਾਲੋਂ ਵਧੇਰੇ ਸਫਲਤਾ ਪ੍ਰਾਪਤ ਹੋਈ। ਜਿਥੇ ਦੂਜੇ ਪ੍ਰਾਂਤਾਂ ਵਿਚ ਉਨ੍ਹਾਂ ਭਗਤਾਂ ਦੇ ਸਵਰਗ ਸਿਧਾਰਨ ਪਿਛੋਂ ਉਨ੍ਹਾਂ ਦੀ ਲਹਿਰ ਛੇਤੀ ਲੁਪਤ ਹੋ ਗਈ, ਉਥੇ ਗੁਰੂ ਨਾਨਕ ਦੇਵ ਜੀ ਦੇ ਅੰਦੋਲਨ ਨੇ ਪੰਜਾਬ ਵਿਚ ਸਿੱਖ ਧਰਮ ਦਾ ਸਥਾਈ ਰੂਪ ਧਾਰਨ ਕਰ ਲਿਆ।

**1.1.2 ਜਨਮ ਅਤੇ ਮਾਤਾ ਪਿਤਾ (Birth and Parents) :-** ਗੁਰੂ ਨਾਨਕ ਜੀ ਦਾ ਜਨਮ 1469 ਈ. ਵਿਚ ਤਲਵੰਡੀ ਪਿੰਡ ਵਿਚ ਹੋਇਆ। ਉਨ੍ਹਾਂ ਦੇ ਜਨਮ ਸਥਾਨ ਨੂੰ ਅੱਜ ਕੱਲ੍ਹ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ, ਜੋ ਪੱਛਮੀ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖਪੂਰਾ ਵਿਚ ਹੈ। ਉਨ੍ਹਾਂ ਦੇ ਜਨਮ ਦੀ ਮਿਤੀ ਬਾਰੇ ਇਤਿਹਾਸਕਾਰਾਂ ਵਿਚ ਇਕ ਮੱਤ ਨਹੀਂ। ਕੁਝ ਇਤਿਹਾਸਕਾਰ 'ਭਾਈ ਬਾਲੇ' ਦੀ ਜਨਮਸਾਖੀ ਦੇ ਆਧਾਰ ਤੇ ਕਹਿੰਦੇ ਹਨ ਕਿ ਉਨ੍ਹਾਂ ਦਾ ਜਨਮ ਕੱਤਕ ਦੀ ਪੂਰਨਮਾਸ਼ੀ (ਅਕਤੂਬਰ-ਨਵੰਬਰ 1469 ਈ.) ਨੂੰ ਹੋਇਆ ਦੂਜੇ ਇਤਿਹਾਸਕਾਰ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ। ਪੁਰਾਤਨ ਜਨਮਸਾਖੀ ਦੇ ਪ੍ਰਮਾਣ ਨੂੰ ਅਧਿਕ ਵਿਸ਼ਵਾਸਯੋਗ ਸਮਝਦੇ ਹੋਏ ਉਨ੍ਹਾਂ ਨੇ ਵਿਸਾਖ ਸੁਦੀ ਤਿੰਨ 1526 ਬਿਕਰਮੀ (15 ਅਪ੍ਰੈਲ 1469 ਈ.) ਗੁਰੂ ਸਾਹਿਬ ਦੀ ਜਨਮ ਤਿਥੀ ਮੰਨੀ ਹੈ। ਭਾਵੇਂ ਅੱਜ ਕੱਲ੍ਹ ਗੁਰੂ ਸਾਹਿਬ ਦਾ ਜਨਮ ਦਿਨ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ ਫਿਰ ਵੀ ਵੈਸਾਖ ਦੀ ਮਿਤੀ ਜ਼ਿਆਦਾ ਉਚਿਤ ਜਾਪਦੀ ਹੈ। ਗੁਰੂ ਨਾਨਕ ਦੇ ਪਿਤਾ ਦਾ ਨਾਂ ਕਲਿਆਣ ਚੰਦ ਅਥਵਾ ਮਹਿਤਾ ਕਾਲੂ ਅਤੇ ਮਾਤਾ ਦਾ ਨਾਂ ਤ੍ਰਿਪਤਾ ਸੀ। ਕਲਿਆਣ ਚੰਦ ਖੱਤਰੀ ਜਾਤੀ ਦੇ ਬੇਦੀ ਵੰਸ਼ ਨਾਲ ਸਬੰਧ ਰਖਦੇ ਸਨ ਅਤੇ ਤਵਲੰਡੀ ਦੇ ਪਟਵਾਰੀ ਸਨ। ਸਿੱਖ ਪਰੰਪਰਾਵਾਂ ਅਨੁਸਾਰ ਗੁਰੂ ਨਾਨਕ ਦੇ ਜਨਮ ਸਮੇਂ ਕਈ ਚਮਤਕਾਰ ਵੇਖੇ ਗਏ ਅਤੇ ਟੱਬਰ ਦੇ ਪਰੋਹਿਤ ਹਰਦਿਆਲ ਨੇ ਭਵਿੱਖਬਾਣੀ ਕੀਤੀ ਸੀ ਕਿ ਇਹ ਬੱਚਾ ਸੰਸਾਰ ਦਾ ਇਕ ਮਹਾਨ ਵਿਅਕਤੀ ਬਣੇਗਾ।

**1.1.3 ਬਾਲ ਅਵਸਥਾ ਅਤੇ ਸਿੱਖਿਆ (Childhood and Education) :-** ਕਿਹਾ ਜਾਂਦਾ ਹੈ ਕਿ ਬਾਲ ਅਵਸਥਾ ਵਿਚ ਹੀ ਨਾਨਕ ਵਿਚ ਇਕ ਮਹਾਨ ਧਾਰਮਿਕ ਵਿਅਕਤੀ ਦੇ ਲੱਛਣ ਸਨ। ਸਾਧਾਰਣ ਬੱਚਿਆਂ ਵਾਂਗ ਉਨ੍ਹਾਂ ਨੂੰ ਖੇਡਣ ਦਾ ਸ਼ੌਕ ਨਹੀਂ ਸੀ। ਉਹ ਈਸ਼ਵਰ ਭਗਤੀ ਦੇ ਗੀਤ ਗਾਉਂਦੇ ਰਹਿੰਦੇ ਸਨ ਅਤੇ ਸਾਧੂ ਸੰਤਾਂ ਦੀ ਸੇਵਾ ਵਿਚ ਬਹੁਤ ਪ੍ਰਸੰਨ ਰਹਿੰਦੇ ਸਨ। ਜਦੋਂ ਉਹ ਸੱਤ ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਗੋਪਾਲ ਚੰਦ ਪੰਡਿਤ ਪਾਸ ਹਿੰਦੀ ਸਿੱਖਿਆ ਪ੍ਰਾਪਤ ਕਰਨ ਲਈ ਭੇਜਿਆ ਗਿਆ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੇ ਅਧਿਆਪਕ ਨੂੰ ਅਧਿਆਤਮਕ ਗਿਆਨ ਬਾਰੇ ਕਈ ਪ੍ਰਸ਼ਨ ਪੁੱਛ ਕੇ ਹੈਰਾਨ ਕਰ ਦਿੱਤਾ। ਉਨ੍ਹਾਂ ਨੇ ਹਿੰਦੀ ਅਤੇ ਹਿਸਾਬ ਦਾ ਕੁਝ ਗਿਆਨ ਪ੍ਰਾਪਤ ਕਰ ਲਿਆ ਬਾਅਦ ਵਿਚ ਉਨ੍ਹਾਂ ਨੇ ਪੰਡਿਤ ਬ੍ਰਿਜ ਲਾਲ ਤੋਂ ਸੰਸਕ੍ਰਿਤ ਅਤੇ ਮੌਲਵੀ ਕੁਤਬਦੀਨ ਤੋਂ ਫਾਰਸੀ ਵੀ ਸਿੱਖ ਲਈ। ਨੌ ਸਾਲ ਦੀ ਆਯੂ ਵਿਚ ਨਾਨਕ ਨੇ ਜਨੇਊ ਪਾਉਣ ਤੋਂ ਇਨਕਾਰ ਕਰਦੇ ਹੋਏ ਕਿਹਾ ਸੀ ਕਿ ਉਹ ਕਪਾਹ ਤੇ ਸੂਤ ਦੇ ਜਨੇਊ ਦੀ ਬਜਾਏ ਦਯਾ, ਜਤੁ-ਸਤੁ

ਦਾ ਅਮਰ ਜਨੇਊ ਪਾਉਣਾ ਪਸੰਦ ਕਰਦੇ ਹਨ। ਇਸ ਤੋਂ ਉਨ੍ਹਾਂ ਦੇ ਅਧਿਆਤਮਕ ਵਿਚਾਰਾਂ ਦੇ ਵਿਕਾਸ ਦਾ ਅਨੁਮਾਨ ਬਾਲ ਅਵਸਥਾ ਤੋਂ ਲਗਾਇਆ ਜਾ ਸਕਦਾ ਹੈ।

**1.1.4 ਵੱਖ ਵੱਖ ਧੰਦਿਆਂ ਵਿਚ (In different Professions) :-** ਕੁਝ ਸਮਾਂ ਸਿੱਖਿਆ ਪ੍ਰਾਪਤ ਕਰਨ ਪਿਛੋਂ ਨਾਨਕ ਨੂੰ ਉਨ੍ਹਾਂ ਦੇ ਪਿਤਾ ਨੇ ਕਈ ਧੰਦਿਆਂ ਵਿਚ ਲਗਾਉਣ ਦਾ ਯਤਨ ਕੀਤਾ। ਉਨ੍ਹਾਂ ਨੂੰ ਪਹਿਲਾਂ ਮੱਝਾਂ ਚਰਾਉਣ ਅਤੇ ਫਿਰ ਖੇਤੀ ਕਰਨ ਦਾ ਕੰਮ ਸੌਂਪਿਆ ਗਿਆ, ਪਰ ਉਨ੍ਹਾਂ ਨੇ ਇਨ੍ਹਾਂ ਵਿਚੋਂ ਕਿਸੇ ਕੰਮ ਵਿਚ ਦਿਲਚਸਪੀ ਨਾ ਦਿਖਾਈ। ਮਹਿਤਾ ਕਾਲੂ ਨੇ ਹੁਣ ਆਪਣੇ ਪੁੱਤਰ ਨੂੰ ਵਪਾਰ ਵਿਚ ਪਾਉਣ ਦਾ ਨਿਸ਼ਚਾ ਕੀਤਾ ਅਤੇ ਉਨ੍ਹਾਂ ਨੂੰ 20 ਰੁਪਏ ਕੋਈ 'ਖਰਾ ਸੌਦਾ' ਕਰਨ ਲਈ ਦੇ ਦਿੱਤੇ। ਨਾਨਕ ਨੇ ਇਹ ਰੁਪਏ ਕਈ ਦਿਨਾਂ ਤੋਂ ਭੁੱਖੇ ਫ਼ਕੀਰਾਂ ਨੂੰ ਰੋਟੀ ਖੁਆਉਣ ਵਿਚ ਖਰਚ ਦਿੱਤੇ। ਜਦੋਂ ਨਾਨਕ ਖਾਲੀ ਹੱਥ ਵਾਪਸ ਪਰਤ ਆਏ ਤਾਂ ਉਨ੍ਹਾਂ ਦੇ ਪਿਤਾ ਬਹੁਤ ਗੁੱਸੇ ਹੋਏ। ਅਸਲ ਵਿਚ ਨਾਨਕ ਦੇ ਮਨ ਵਿਚ ਸੰਘਰਸ਼ ਚਲ ਰਿਹਾ ਸੀ ਅਤੇ ਉਨ੍ਹਾਂ ਦਾ ਮਨ ਸੰਸਾਰਿਕ ਕੰਮਾਂ ਵਿਚ ਨਹੀਂ ਲਗਦਾ ਸੀ।

**1.1.5 ਵਿਆਹ (Marriage) :-** ਮਹਿਤਾ ਕਾਲੂ ਨੇ ਸੋਚਿਆ ਕਿ ਗੁਰੂ ਨਾਨਕ ਦਾ ਸੰਸਾਰਕ ਮਾਮਲਿਆਂ ਵਿਚ ਧਿਆਨ ਲਗਾਉਣ ਲਈ ਵਿਆਹ ਕਰ ਦੇਣਾ ਚਾਹੀਦਾ ਹੈ। 14 ਸਾਲ ਦੀ ਆਯੂ ਵਿਚ ਗੁਰੂ ਨਾਨਕ ਦਾ ਵਿਆਹ ਬਟਾਲਾ ਨਿਵਾਸੀ ਮੂਲ ਚੰਦ ਦੀ ਸਪੁੱਤਰੀ ਸੁਲੱਖਣੀ ਜੀ ਨਾਲ ਕਰ ਦਿੱਤਾ ਗਿਆ। ਕੁਝ ਸਮੇਂ ਪਿਛੋਂ ਉਨ੍ਹਾਂ ਦੇ ਘਰ ਦੋ ਲੜਕੇ ਪੈਦਾ ਹੋਏ ਜਿਨ੍ਹਾਂ ਦੇ ਨਾਂ ਸ੍ਰੀ ਚੰਦ ਅਤੇ ਲਖਮੀ ਦਾਸ ਸਨ। ਪਰੰਤੂ ਵਿਆਹ ਦੇ ਬੰਧਨ ਵੀ ਗੁਰੂ ਜੀ ਨੂੰ ਅਧਿਆਤਮਕ ਮਾਰਗ ਤੋਂ ਪਿਛੇ ਨਾ ਹਟਾ ਸਕੇ।

**1.1.6 ਸੁਲਤਾਨਪੁਰ ਵਿਚ ਨੌਕਰੀ (Service in Sultanpur Lodhi) :-** ਆਪਣੀ ਭੈਣ ਨਾਨਕੀ ਦੇ ਸੱਦੇ ਤੇ ਗੁਰੂ ਜੀ ਸੁਲਤਾਨਪੁਰ ਚਲੇ ਗਏ ਉਥੇ ਆਪਣੇ ਭਣੋਈਏ ਜੈ ਰਾਮ ਦੀ ਮਦਦ ਨਾਲ ਮੋਦੀ ਖਾਨੇ ਵਿਚ ਨੌਕਰੀ ਮਿਲ ਗਈ। ਗੁਰੂ ਨਾਨਕ ਨੇ ਆਪਣਾ ਕੰਮ ਬੜੀ ਮਿਹਨਤ ਅਤੇ ਯੋਗਤਾ ਨਾਲ ਕੀਤਾ, ਇੱਥੋਂ ਤੱਕ ਕਿ ਸੁਲਤਾਨਪੁਰ ਦਾ ਨਵਾਬ ਦੌਲਤ ਖਾਂ ਵੀ ਉਨ੍ਹਾਂ ਦੀ ਇਮਾਨਦਾਰੀ ਤੋਂ ਬਹੁਤ ਪ੍ਰਭਾਵਿਤ ਹੋਇਆ। ਇਥੇ ਗੁਰੂ ਨਾਨਕ ਹਰ ਰੋਜ਼ ਪ੍ਰਮਾਤਮਾ ਦੀ ਭਗਤੀ ਕਰਦੇ ਸਨ ਅਤੇ ਆਪਣੀ ਤਨਖਾਹ ਦਾ ਕੁਝ ਹਿੱਸਾ ਗਰੀਬਾਂ ਨੂੰ ਦਾਨ ਦਿਆ ਕਰਦੇ ਸਨ ਪਰ ਉਨ੍ਹਾਂ ਦੇ ਮਨ ਵਿਚ ਸੰਘਰਸ਼ ਹਾਲੀ ਵੀ ਚਲ ਰਿਹਾ ਸੀ।

**1.1.7 ਗਿਆਨ ਪ੍ਰਾਪਤੀ (Enlightenment) :-** ਗੁਰੂ ਜੀ ਸੁਲਤਾਨਪੁਰ ਦੇ ਨਜ਼ਦੀਕ ਵਗਦੀ 'ਬੇਈ' ਨਾਮਕ ਨਦੀ ਤੇ ਇਸ਼ਨਾਨ ਕਰਨ ਲਈ ਜਾਇਆ ਕਰਦੇ ਸਨ। ਸਿੱਖ ਪਰੰਪਰਾਵਾਂ ਅਨੁਸਾਰ ਇਕ ਦਿਨ ਪ੍ਰਭਾਤ ਵੇਲੇ ਜਦੋਂ ਉਹ 'ਬੇਈ' ਤੇ ਇਸ਼ਨਾਨ ਕਰਨ ਗਏ ਤਾਂ ਤਿੰਨ ਦਿਨਾਂ ਲਈ ਅਲੋਪ ਹੋ ਗਏ। ਉਨ੍ਹਾਂ ਨੂੰ ਪ੍ਰਮਾਤਮਾ ਦੇ ਦਰਸ਼ਨ ਹੋਏ, ਪ੍ਰਮਾਤਮਾ ਨੇ ਉਨ੍ਹਾਂ ਨੂੰ ਸੰਸਾਰ ਵਿਚ ਸੱਚੇ ਧਰਮ ਦਾ ਪ੍ਰਚਾਰ ਕਰਨ ਦਾ ਆਦੇਸ਼ ਦਿੱਤਾ ਅਤੇ ਨਾਲ ਹੀ ਇਹ ਮੂਲ ਮੰਤਰ ਦਿੱਤਾ ੧ਓਂ ਸਤਿਨਾਮੁ, ਕਰਤਾ ਪੁਰਖ, ਨਿਰਭਓ ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰ ਪ੍ਰਸਾਦਿ। ਇੰਦੂ ਭੂਸ਼ਨ ਬੈਨਰਜੀ ਦੇ ਅਨੁਸਾਰ ਉਸ ਸਮੇਂ ਉਨ੍ਹਾਂ ਦੀ ਆਯੂ ਲਗਭਗ 25 ਸਾਲ ਸੀ। ਗਿਆਨ ਪ੍ਰਾਪਤੀ ਦੇ ਨਾਲ ਹੀ ਉਨ੍ਹਾਂ ਦੇ ਜੀਵਨ ਦਾ ਪਹਿਲਾ ਕਾਲ ਸਮਾਪਤ ਹੋ ਜਾਂਦਾ ਹੈ। ਜਦੋਂ ਉਹ ਤਿੰਨ ਦਿਨਾਂ ਪਿਛੋਂ ਸੁਲਤਾਨਪੁਰ ਪਹੁੰਚੇ ਤਾਂ ਉਹ ਬਿਲਕੁਲ ਬਦਲ ਚੁੱਕੇ ਸਨ। ਕੁਝ ਸਮਾਂ ਤਾਂ ਉਹ ਚੁੱਪ ਰਹੇ ਅਤੇ ਡੂੰਘੀ ਸੋਚ ਵਿਚਾਰ ਵਿਚ ਡੁੱਬੇ ਰਹੇ, ਫਿਰ ਉਨ੍ਹਾਂ ਨੇ ਇਹ ਮਹੱਤਵਪੂਰਨ ਸ਼ਬਦ ਕਹੇ, ''ਨਾ ਕੋਈ ਹਿੰਦੂ ਨਾ ਮੁਸਲਮਾਨ'' ਇਨ੍ਹਾਂ ਸ਼ਬਦਾਂ ਤੋਂ ਉਨ੍ਹਾਂ ਦਾ ਭਾਵ ਸੀ ਕਿ ਹਿੰਦੂ ਅਤੇ ਮੁਸਲਮਾਨ ਆਪਣੇ ਧਰਮ ਦੇ ਅਸਲੀ ਅਸੂਲਾਂ ਨੂੰ ਭੁੱਲ ਚੁੱਕੇ ਹਨ ਅਤੇ ਉਨ੍ਹਾਂ ਵਿਚ ਝੂਠੇ ਭੇਦ-ਭਾਵ ਪ੍ਰਚਲਿਤ ਹੋ ਗਏ ਹਨ। ਪਿਨ ਕੋਟ ਕਹਿੰਦਾ ਹੈ ਕਿ ਇਸ ਹੋਕੇ ਨਾਲ ਗੁਰੂ ਸਾਹਿਬ ਸਾਰੀ ਮਨੁੱਖਤਾ ਦੀ ਸਾਂਝੀਵਾਲਤਾ ਦੇ ਮੁਦਈ ਬਣੇ ਅਤੇ ਉਨ੍ਹਾਂ ਨੇ ਸਿੱਖਿਆ ਦਿੱਤੀ ਕਿ ਹਰ ਪ੍ਰਾਣੀ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਮਾਨਵ ਤੋਂ ਪਿਛੋਂ ਹਿੰਦੂ ਜਾਂ ਮੁਸਲਮਾਨ ਸਮਝੇ। ਦੂਜੇ ਸ਼ਬਦਾਂ ਵਿਚ, ਉਨ੍ਹਾਂ ਨੇ ਸਮੂਹ ਮਾਨਵ ਭਾਈਚਾਰੇ ਦੇ ਸਿਧਾਂਤ ਨੂੰ ਪ੍ਰਚਾਰਿਆ। ਇਨ੍ਹਾਂ ਸ਼ਬਦਾਂ ਦੇ ਨਾਲ ਹੀ ਗੁਰੂ ਜੀ ਨੇ ਆਪਣੇ ਉਪਦੇਸ਼ ਆਰੰਭ ਕੀਤੇ।

### 1.2.2.1 ਸਿੱਖ ਧਰਮ ਦੇ ਪ੍ਰਚਾਰ ਲਈ ਸਫਰ ਜਾਂ ਉਦਾਸੀਆਂ

ਗਿਆਨ ਪ੍ਰਾਪਤੀ ਤੋਂ ਬਾਅਦ ਗੁਰੂ ਨਾਨਕ ਨੇ ਆਪਣੀ ਨੌਕਰੀ ਛੱਡ ਦਿੱਤੀ ਅਤੇ ਲੋਕਾਂ ਨੂੰ ਧਰਮ ਦਾ ਅਸਲੀ ਮਾਰਗ ਦਿਖਾਉਣ ਲਈ ਉਹਨਾਂ ਨੇ ਲੰਮੀਆਂ ਯਾਤਰਾਵਾਂ ਜਾਂ ਉਦਾਸੀਆਂ ਕਰਨ ਦਾ ਨਿਸ਼ਚਾ ਕੀਤਾ। ਇਸ ਨਾਲ ਉਹਨਾਂ

ਦੇ ਜੀਵਨ ਦਾ ਦੂਜਾ ਕਾਲ ਆਰੰਭ ਹੁੰਦਾ ਹੈ। ਉਨ੍ਹਾਂ ਉੱਤਰ, ਦੱਖਣ, ਪੂਰਬ ਅਤੇ ਪੱਛਮ ਸਭ ਦਿਸ਼ਾਵਾਂ ਵੱਲ, ਨੇੜੇ ਅਤੇ ਦੂਰ ਦਰਾਡੇ ਸਥਾਨਾਂ ਦੇ ਸਫਰ ਜਾਂ ਉਦਾਸੀਆਂ ਕੀਤੀਆਂ। ਉਨ੍ਹਾਂ ਨੂੰ ਆਪਣੇ ਮਨੋਰਥ ਵਿਚ ਕਾਫੀ ਸਫ਼ਲਤਾ ਪ੍ਰਾਪਤ ਹੋਈ। ਉਨ੍ਹਾਂ ਦੇ ਸਫਰ ਜਾਂ ਉਦਾਸੀਆਂ ਦਾ ਸੰਖੇਪ ਵਰਣਨ ਨਿਮਨ ਲਿਖਤ ਹੈ :-

**1.2.2.2 ਪਹਿਲੀ ਉਦਾਸੀ (First Udasi) :-** ਗੁਰੂ ਨਾਨਕ ਨੇ ਆਪਣੀ ਪਹਿਲੀ ਉਦਾਸੀ ਵਿਚ ਪੰਜਾਬ ਵਰਤਮਾਨ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬੰਗਾਲ, ਬਿਹਾਰ, ਆਸਾਮ ਅਤੇ ਉੜੀਸਾ ਦੇ ਪ੍ਰਸਿੱਧ ਸਥਾਨਾਂ ਦਾ ਸਫਰ ਕੀਤਾ। ਇਸ ਉਦਾਸੀ ਵਿਚ ਗੁਰੂ ਸਾਹਿਬ ਦੇ ਇਕ ਮੁਸਲਮਾਨ ਸ਼ਰਧਾਲੂ ਮਰਦਾਨਾਂ ਨੇ ਉਨ੍ਹਾਂ ਦਾ ਸਾਥ ਦਿੱਤਾ, ਜੋ ਰਬਾਬ ਰਾਹੀਂ ਥਾਂ ਥਾਂ ਤੇ ਗੁਰੂ ਸਾਹਿਬ ਦੀ ਮਿੱਠੀ ਬਾਣੀ ਦਾ ਕੀਰਤਨ ਕਰਦਾ ਰਿਹਾ, ਸੁਲਤਾਨਪੁਰ ਨੂੰ ਛੱਡ ਕੇ ਗੁਰੂ ਸਾਹਿਬ ਸਭ ਤੋਂ ਪਹਿਲਾਂ ਲਾਹੌਰ ਗਏ। ਕਿਹਾ ਜਾਂਦਾ ਹੈ ਸੁਲਤਾਨ ਸਿਕੰਦਰ ਲੋਧੀ ਦਾ ਧਾਰਮਿਕ ਗੁਰੂ ਸੱਯਦ ਅਹਿਮਦ ਤੱਕੀ ਵੀ, ਉਨ੍ਹਾਂ ਦੀ ਬਾਣੀ ਤੋਂ ਪ੍ਰਭਾਵਿਤ ਹੋਇਆ। ਲਾਹੌਰ ਤੋਂ ਗੁਰੂ ਸਾਹਿਬ ਸੱਯਦਪੁਰ (ਜਿਸ ਨੂੰ ਅੱਜ ਕਲ ਐਮਨਾਬਾਦ ਆਖਦੇ ਹਨ) ਚਲੇ ਗਏ। ਉਥੇ ਉਹ ਭਾਈ ਲਾਲੋ ਨਾਮੀ ਤਰਖਾਣ ਦੇ ਘਰ ਠਹਿਰੇ। ਸੱਯਦਪੁਰ ਦੇ ਇਕ ਅਮੀਰ ਸਰਦਾਰ ਮਲਕ ਭਾਗੋ ਨੇ ਗੁਰੂ ਸਾਹਿਬ ਨੂੰ ਭੋਜਨ ਲਈ ਸੱਦਾ ਦਿੱਤਾ ਪਰ ਉਨ੍ਹਾਂ ਨੇ ਉਸ ਦੇ ਘਰ ਭੋਜਨ ਖਾਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਸ ਦੀ ਕਮਾਈ ਇਮਾਨਦਾਰੀ ਦੀ ਨਹੀਂ ਸੀ। ਗੁਰੂ ਸਾਹਿਬ ਨੇ ਭਾਈ ਲਾਲੋ ਨੂੰ ਆਪਣਾ ਸਿੱਖ ਬਣਾਇਆ ਅਤੇ ਉਸ ਨੂੰ ਉਸ ਇਲਾਕੇ ਵਿਚ ਧਰਮ ਪ੍ਰਚਾਰ ਕਰਨ ਦਾ ਆਦੇਸ਼ ਦੇ ਕੇ ਉਹ ਸਿਆਲਕੋਟ ਵਲ ਚੱਲ ਪਏ। ਸਿਆਲਕੋਟ ਵਿਚ ਗੁਰੂ ਸਾਹਿਬ ਦੀ ਮੁਲਾਕਾਤ ਇਕ ਮੁਸਲਮਾਨ ਫ਼ਕੀਰ ਸ਼ਾਹ ਹਮਜਾ ਨਾਲ ਹੋਈ ਜੋ ਕਿਸੇ ਕਾਰਨ ਸ਼ਹਿਰ ਦੇ ਲੋਕਾਂ ਨਾਲ ਨਾਰਾਜ਼ ਹੋ ਗਿਆ ਅਤੇ ਉਨ੍ਹਾਂ ਨੂੰ ਦੁਖ ਪਹੁੰਚਾਣ ਤੇ ਤੁਲਿਆ ਹੋਇਆ ਸੀ। ਗੁਰੂ ਸਾਹਿਬ ਨੇ ਫਕੀਰ ਨੂੰ ਠੀਕ ਰਸਤੇ ਪਾਇਆ ਅਤੇ ਉਸ ਨੂੰ ਲੋਕਾਂ ਨਾਲ ਪਿਆਰ ਅਤੇ ਹਮਦਰਦੀ ਨਾਲ ਪੇਸ਼ ਆਉਣ ਦਾ ਸਬਕ ਦਿੱਤਾ। ਸਿਆਲਕੋਟ ਦੇ ਸੈਂਕੜੇ ਨਿਵਾਸੀ ਗੁਰੂ ਸਾਹਿਬ ਦੇ ਸਿੱਖ ਬਣ ਗਏ। ਇਥੋਂ ਉਹ ਅੱਗੇ ਤੁਰ ਕੇ ਮੁਲਤਾਨ ਦੇ ਨੇੜੇ ਤਲੰਬੇ ਵਿਖੇ ਪਹੁੰਚੇ। ਇਥੇ ਸੰਤ ਦੇ ਭੇਖ ਵਿਚ ਸੱਜਣ ਨਾਂ ਦਾ ਇਕ ਠੱਗ ਰਹਿੰਦਾ ਸੀ ਜੋ ਰਾਤ ਨੂੰ ਲੁੱਟਮਾਰ ਕਰਿਆ ਕਰਦਾ ਸੀ। ਗੁਰੂ ਸਾਹਿਬ ਦੀ ਸ਼ਖ਼ਸ਼ੀਅਤ ਅਤੇ ਬਾਣੀ ਦਾ ਉਸ ਠੱਗ ਤੇ ਪ੍ਰਭਾਵ ਪਿਆ ਕਿ ਉਸ ਨੇ ਮੰਦੇ ਕੰਮ ਸਦਾ ਲਈ ਛੱਡ ਦਿੱਤੇ ਅਤੇ ਗੁਰੂ ਸਾਹਿਬ ਦਾ ਸਿੱਖ ਬਣ ਗਿਆ।

ਗੁਰੂ ਨਾਨਕ ਨੇ ਹੁਣ ਪੂਰਬ ਵਲ ਰਸਤਾ ਪਕੜਿਆ ਅਤੇ ਕੁਝ ਦਿਨਾਂ ਦੇ ਸਫਰ ਪਿਛੋਂ ਉਹ ਕੁਰੂਕਸ਼ੇਤਰ ਪੁੱਜ ਗਏ। ਉਸ ਸਮੇਂ ਸੂਰਜ ਗ੍ਰਹਿਣ ਲੱਗਾ ਹੋਇਆ ਸੀ ਅਤੇ ਲੱਖਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੋਏ ਸਨ। ਗੁਰੂ ਸਾਹਿਬ ਨੇ ਬ੍ਰਾਹਮਣਾਂ ਦੁਆਰਾ ਪ੍ਰਚਲਿਤ ਗ੍ਰਹਿਣ ਸੰਬੰਧੀ ਵਹਿਮਾਂ ਦੀ ਨਿਖੇਧੀ ਕੀਤੀ ਅਤੇ ਲੋਕਾਂ ਨੂੰ ਧਰਮ ਦੇ ਅਸਲੀ ਸਿਧਾਂਤਾਂ ਦਾ ਗਿਆਨ ਕਰਵਾਇਆ। ਕੁਰੂਕਸ਼ੇਤਰ ਤੋਂ ਉਹ ਹਿੰਦੂਆਂ ਦੇ ਪ੍ਰਸਿੱਧ ਤੀਰਥ-ਅਸਥਾਨ ਹਰਿਦੁਆਰ ਨੂੰ ਚਲੇ ਗਏ। ਉਥੋਂ ਉਨ੍ਹਾਂ ਨੇ ਲੋਕਾਂ ਨੂੰ ਇਹ ਉਪਦੇਸ਼ ਦਿੱਤਾ ਕਿ ਸੂਰਜ ਅਤੇ ਪਿੱਤਰਾਂ ਨੂੰ ਪਾਣੀ ਦਾ ਕੋਈ ਲਾਭ ਨਹੀਂ ਅਤੇ ਉਨ੍ਹਾਂ ਨੂੰ ਪ੍ਰਮਾਤਮਾ ਦੀ ਭਗਤੀ ਦੇ ਪਵਿੱਤਰ ਜੀਵਨ ਬਤੀਤ ਕਰਨ ਵਲ ਧਿਆਨ ਦੇਣਾ ਚਾਹੀਦਾ ਹੈ। ਹਰਿਦੁਆਰ ਤੋਂ ਗੁਰੂ ਸਾਹਿਬ ਦਿੱਲੀ ਪਹੁੰਚੇ। ਉਥੇ ਕੁਝ ਦਿਨ ਠਹਿਰਨ ਪਿਛੋਂ ਉਹ ਅਲੀਗੜ੍ਹ, ਮਥੁਰਾ, ਬਿੰਦਰਾਬਨ, ਕਾਨਪੁਰ, ਲਖਨਊ ਆਦਿ ਸਥਾਨਾਂ ਦੀ ਯਾਤਰਾ ਕਰਦੇ ਹੋਏ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਕਰਦੇ ਹੋਏ ਕਾਂਸੀ ਪਹੁੰਚੇ। ਉਥੇ ਉਨ੍ਹਾਂ ਦੀ ਪ੍ਰਸਿੱਧ ਬ੍ਰਾਹਮਣ ਚਤੁਰ ਦਾਸ ਨਾਲ ਖੂਬ ਬਹਿਸ ਹੋਈ। ਅੰਤ ਵਿਚ ਚਤੁਰ ਦਾਸ ਅਤੇ ਕਾਂਸੀ ਦੇ ਹਜ਼ਾਰਾਂ ਲੋਕ ਗੁਰੂ ਸਾਹਿਬ ਦੇ ਸ਼ਰਧਾਲੂ ਬਣ ਗਏ। ਕਾਂਸੀ ਵਿਚ ਜਿਸ ਸਥਾਨ ਤੇ ਗੁਰੂ ਸਾਹਿਬ ਠਹਿਰੇ ਸਨ ਉਸ ਨੂੰ ਅੱਜ ਕਲ੍ਹ 'ਗੁਰੂ ਕਾ ਬਾਗ' ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਗੁਰੂ ਨਾਨਕ, ਗੋਰਖ ਮਤੇ ਗਏ ਜਿਸ ਨੂੰ ਅੱਜ ਕਲ੍ਹ ਨਾਨਕ ਮਤਾ ਕਿਹਾ ਜਾਂਦਾ ਹੈ। ਇਥੇ ਉਨ੍ਹਾਂ ਗੋਰਖ ਨਾਥ ਦੇ ਚੇਲੇ ਜੋਗੀਆਂ ਨੂੰ ਉਪਦੇਸ਼ ਦਿੱਤਾ ਕਿ ਸੰਸਾਰ ਨੂੰ ਤਿਆਗਣਾ, ਸਰੀਰ ਤੇ ਸੁਆਹ ਮਲਣਾ, ਹੱਥ ਵਿਚ ਡੰਡਾ ਫੜਨਾ ਆਦਿ ਸਭ ਵਿਅਰਥ ਹਨ। ਮਨੁੱਖ ਨੂੰ ਸੰਸਾਰ ਵਿਚ ਰਹਿ ਕੇ ਸੱਚੇ ਦਿਲ ਨਾਲ ਰੱਬ ਦੇ ਨਾਂ ਦਾ ਜਾਪ ਕਰਨਾ ਚਾਹੀਦਾ ਹੈ ਅਤੇ ਆਪਣੇ ਆਚਰਣ ਨੂੰ ਪਵਿੱਤਰ ਰੱਖਣਾ ਚਾਹੀਦਾ ਹੈ। ਗੋਰਖ ਮਤੇ ਤੋਂ ਗੁਰੂ ਸਾਹਿਬ ਪਟਨਾ, ਬੁਧ ਗਯਾ, ਢਾਕਾ ਆਦਿ ਸਥਾਨਾਂ ਤੇ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਕਰਦੇ ਹੋਏ ਕਾਮਰੂਪ (ਵਰਤਮਾਨ ਆਸਾਮ) ਪੁਜੇ। ਕਿਹਾ ਜਾਂਦਾ ਹੈ ਕਿ ਉਥੇ ਨੂਰੀਸਾਹੀ ਨਾਂ ਦੀ ਇਕ ਜਾਦੂਗਰਨੀ ਨੇ ਆਪਣੇ ਟੂਣਿਆਂ ਰਾਹੀਂ ਉਨ੍ਹਾਂ ਨੂੰ ਵੱਸ ਵਿਚ ਕਰਨ ਦਾ ਯਤਨ ਕੀਤਾ ਪਰ ਅੰਤ ਵਿਚ ਅਸਫਲ ਹੋ ਕੇ ਗੁਰੂ ਸਾਹਿਬ ਦੇ ਚਰਨਾਂ ਵਿਚ ਡਿੱਗ ਪਈ। ਕਾਮਰੂਪ ਤੋਂ ਗੁਰੂ ਸਾਹਿਬ ਉੜੀਸਾ ਪ੍ਰਾਂਤ ਵਲ ਤੁਰ ਪਏ ਅਤੇ ਪੁਰੀ ਜਾ ਪਹੁੰਚੇ ਜਿਥੇ ਜਗਨ ਨਾਥ ਮੰਦਰ ਹੈ। ਉਥੇ ਉਹਨਾਂ ਲੋਕਾਂ ਨੂੰ ਅਵਤਾਰਾਂ ਦੀਆਂ ਮੂਰਤੀਆਂ ਦੀ

ਬਜਾਏ ਨਿਰੰਕਾਰ ਪ੍ਰਮਾਤਮਾ ਦੀ ਪੂਜਾ ਕਰਨ ਦਾ ਉਪਦੇਸ਼ ਦਿੱਤਾ। ਪੁਰੀ ਤੋਂ ਗੁਰੂ ਸਾਹਿਬ ਭੋਪਾਲ, ਝਾਂਸੀ, ਗਵਾਲੀਅਰ, ਆਗਰਾ, ਗੁੜਗਾਵਾਂ, ਰਿਵਾੜੀ ਆਦਿ ਤੋਂ ਹੁੰਦੇ ਹੋਏ ਵਾਪਸ ਪੰਜਾਬ ਆ ਗਏ। ਪੰਜਾਬ ਦੇ ਕਈ ਸਥਾਨਾਂ ਤੇ ਘੁੰਮਣ ਮਗਰੋਂ ਉਹ ਕੁਝ ਸਮੇਂ ਤਲਵੰਡੀ ਦੇ ਨੇੜੇ ਕੁਝ ਮੀਲ ਦੀ ਦੂਰੀ ਤੇ ਇਕ ਇਕਾਂਤ ਸਥਾਨ ਤੇ ਠਹਿਰੇ। ਉਨ੍ਹਾਂ ਦੀ ਪਹਿਲੀ ਉਦਾਸੀ ਵਿਚ ਲਗਭਗ 12 ਸਾਲ (1495 ਈ. ਤੋਂ 1507 ਈ.) ਲੱਗ ਗਏ।

**1.2.2.3 ਦੂਜੀ ਉਦਾਸੀ (ਦੱਖਣ ਦੀ ਯਾਤਰਾ) (Second Udasi-Travel to South) :-** ਕੁਝ ਸਮਾਂ ਆਰਾਮ ਕਰਨ ਪਿਛੋਂ ਗੁਰੂ ਨਾਨਕ ਨੇ ਆਪਣੀ ਦੂਜੀ ਉਦਾਸੀ ਆਰੰਭ ਕੀਤੀ। ਇਸ ਵਾਰੀ ਸੈਦੋ ਅਤੇ ਘੇਓ ਨਾਮਕ ਦੋ ਜੱਟਾਂ ਨੇ ਉਨ੍ਹਾਂ ਦਾ ਸਾਥ ਦਿੱਤਾ। ਗੁਰੂ ਸਾਹਿਬ ਨੇ ਇਸ ਉਦਾਸੀ ਵਿਚ ਪਹਿਲਾਂ ਸਰਸਾ, ਬੀਕਾਨੇਰ, ਅਜਮੇਰ ਮਾਊਂਟ ਆਬੂ ਦੀ ਯਾਤਰਾ ਕੀਤੀ। ਇਸ ਤੋਂ ਮਗਰੋਂ ਇੰਦੌਰ ਅਤੇ ਉਜੈਨ ਤੋਂ ਹੁੰਦੇ ਹੋਏ ਗੁਰੂ ਸਾਹਿਬ ਦੱਖਣੀ ਭਾਰਤ ਵਲ ਤੁਰ ਪਏ। ਹੈਦਰਾਬਾਦ, ਬੀਦਰ (ਵਰਤਮਾਨ ਮਦਰਾਸ) ਅਤੇ ਰਾਮੇਸ਼ਵਰ ਤੋਂ ਹੁੰਦੇ ਹੋਏ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਕਰਦੇ ਹੋਏ ਲੰਕਾ ਜਾ ਪਹੁੰਚੇ। ਉਸ ਸਮੇਂ ਲੰਕਾ ਦਾ ਰਾਜਾ ਸ਼ਿਵਨਾਭ ਸੀ ਜੋ ਬੁੱਧ ਧਰਮ ਦਾ ਪੈਰੋਕਾਰ ਸੀ। ਉਹ ਗੁਰੂ ਸਾਹਿਬ ਦੀ ਸ਼ਖਸੀਅਤ ਅਤੇ ਉਪਦੇਸ਼ਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਦਾ ਸ਼ਰਧਾਲੂ ਬਣ ਗਿਆ। ਲੰਕਾ ਦੇ ਸੈਂਕੜੇ ਲੋਕ ਵੀ ਗੁਰੂ ਸਾਹਿਬ ਦੇ ਸਿੱਖ ਬਣੇ। ਲੰਕਾ ਤੋਂ ਵਾਪਸ ਆਉਂਦੇ ਹੋਏ ਗੁਰੂ ਸਾਹਿਬ ਨੇ ਬਹੁਤ ਸਾਰੇ ਸਥਾਨਾਂ ਤੇ ਆਪਣੇ ਉਪਦੇਸ਼ ਦਿੱਤੇ ਅਤੇ 5 ਵਰ੍ਹਿਆਂ ਦੇ ਸਫਰ ਬਾਅਦ ਉਹ ਫਿਰ ਤਲਵੰਡੀ ਪੁੱਜੇ। ਟਰੰਪ ਵਰਗੇ ਇਤਿਹਾਸਕਾਰ ਦਾ ਕਹਿਣਾਂ ਹੈ ਕਿ ਗੁਰੂ ਨਾਨਕ ਦੀ ਲੰਕਾ ਦੀ ਯਾਤਰਾ ਦੀ ਕਹਾਣੀ ਨਿਰੀ ਕਲਪਨਾ ਤੇ ਆਧਾਰਿਤ ਹੈ ਪਰ ਆਧੁਨਿਕ ਖੋਜ ਤੇ ਵਿਸ਼ੇਸ਼ ਕਰਕੇ ਢਾਕੇ ਵਿਚ ਗੁਰਬਖਸ਼ ਸਿੰਘ ਦੀ ਲੱਭੀ ਹੋਈ ਇਕ ਹੱਥ-ਲਿਖਤ ਤੋਂ ਇਹ ਭਲੀ ਪ੍ਰਕਾਰ ਸਿੱਧ ਹੋ ਗਿਆ ਹੈ ਕਿ ਗੁਰੂ ਸਾਹਿਬ ਨੇ ਦੱਖਣੀ ਭਾਰਤ ਅਤੇ ਲੰਕਾ ਦੀ ਅਵੱਸ਼ ਹੀ ਯਾਤਰਾ ਕੀਤੀ ਸੀ।

**1.2.2.4 ਤੀਜੀ ਉਦਾਸੀ (Third Udasi) :-** (ਉੱਤਰ ਪ੍ਰਦੇਸ਼, ਤਿੱਬਤ ਅਤੇ ਚੀਨ ਦੀ ਯਾਤਰਾ) :- ਆਪਣੀ ਤੀਜੀ ਉਦਾਸੀ ਵਿਚ ਗੁਰੂ ਨਾਨਕ ਉੱਤਰੀ ਭਾਰਤ ਤੇ ਪਹਾੜੀ ਪ੍ਰਦੇਸ਼ਾਂ ਵਲ ਗਏ। ਇਸ ਉਦਾਸੀ ਵਿਚ ਹਸੂ ਲੁਹਾਰ ਅਤੇ ਸ਼ੀਹਾਂ ਛੀਬਾ ਉਨ੍ਹਾਂ ਦੇ ਨਾਲ ਗਏ ਜਵਾਲਾ ਮੁਖੀ, ਮੰਡੀ, ਕੁਲੂ, ਜੰਮੂ ਆਦਿ ਸਥਾਨਾਂ ਤੇ ਆਪਣੇ ਸੰਦੇਸ਼ਾਂ ਦਾ ਪ੍ਰਚਾਰ ਕਰਦੇ ਹੋਏ ਗੁਰੂ ਸਾਹਿਬ ਕਸ਼ਮੀਰ ਪਹੁੰਚੇ। ਉਥੇ ਉਨ੍ਹਾਂ ਦੀ ਪ੍ਰਸਿੱਧ ਪੰਡਤ ਬ੍ਰਹਮ ਦਾਸ ਨਾਲ ਮੁਲਾਕਾਤ ਹੋਈ। ਗੁਰੂ ਸਾਹਿਬ ਨੇ ਬ੍ਰਹਮ ਦਾਸ ਤੇ ਉਸ ਦੇ ਚੇਲਿਆਂ ਨੂੰ ਬਹਿਸ ਵਿਚ ਹਰਾ ਦਿੱਤਾ। ਕਸ਼ਮੀਰ ਦੇ ਬਹੁਤ ਸਾਰੇ ਲੋਕ ਗੁਰੂ ਸਾਹਿਬ ਦੇ ਸ਼ਰਧਾਲੂ ਬਣ ਗਏ ਅਤੇ ਉਨ੍ਹਾਂ ਨੇ ਇਕ ਸੰਗਤ ਦੀ ਸਥਾਪਨਾ ਕੀਤੀ। ਕਸ਼ਮੀਰ ਤੋਂ ਗੁਰੂ ਸਾਹਿਬ ਕੇਲਾਸ਼ ਪਰਬਤ ਅਤੇ ਮਾਨ ਸਰੋਵਰ ਝੀਲ ਵਲ ਗਏ ਨਿਵਾਸ ਕਰ ਰਹੇ ਯੋਗੀਆਂ ਨੂੰ ਉਨ੍ਹਾਂ ਨੇ ਉਪਦੇਸ਼ ਦਿੱਤਾ ਕਿ ਉਨ੍ਹਾਂ ਨੂੰ ਪਹਾੜਾਂ ਵਿਚ ਸ਼ਰਣ ਲੈਣ ਦੀ ਬਜਾਏ ਲੋਕਾਂ ਦੀ ਵਿਗੜੀ ਹੋਈ ਦਸ਼ਾ ਨੂੰ ਸੁਧਾਰਨ ਦਾ ਯਤਨ ਕਰਨਾ ਚਾਹੀਦਾ ਹੈ। ਕਿਹਾ ਜਾਂਦਾ ਹੈ ਕਿ ਇਸ ਉਦਾਸੀ ਵਿਚ ਗੁਰੂ ਨਾਨਕ ਨੇ ਤਿੱਬਤ ਅਤੇ ਚੀਨ ਦੀ ਯਾਤਰਾ ਵੀ ਕੀਤੀ। ਹੁਣ ਤਕ ਤਿੱਬਤ ਦੇ ਕੁਝ ਲੋਕ ਉਨ੍ਹਾਂ ਨੂੰ ਆਪਣਾ ਗੁਰੂ ਮੰਨਦੇ ਹਨ ਅਤੇ ਉਨ੍ਹਾਂ ਦੀ ਮੂਰਤੀ ਦੀ ਪੂਜਾ ਕਰਦੇ ਹਨ।

**1.2.2.5 ਚੌਥੀ ਉਦਾਸੀ (ਪੱਛਮ ਦੀ ਯਾਤਰਾ) (Fourth Udasi-Travel to West) :-** ਗੁਰੂ ਨਾਨਕ ਨੇ ਆਪਣੀ ਚੌਥੀ ਉਦਾਸੀ ਵਿਚ ਪੱਛਮ ਦੇ ਪ੍ਰਸਿੱਧ ਮੁਸਲਮਾਨਾਂ ਦੇ ਧਾਰਮਿਕ ਸਥਾਨਾਂ ਦੀ ਯਾਤਰਾ ਕੀਤੀ। ਇਸ ਉਦਾਸੀ ਵਿਚ ਉਨ੍ਹਾਂ ਦਾ ਪੁਰਾਣਾ ਸਾਥੀ ਮਰਦਾਨਾ ਉਨ੍ਹਾਂ ਦੇ ਨਾਲ ਗਿਆ। ਗੁਰੂ ਸਾਹਿਬ ਸਭ ਤੋਂ ਪਹਿਲਾਂ ਮੱਕੇ ਪਹੁੰਚੇ। ਸਿੱਖ ਪਰੰਪਰਾਵਾਂ ਅਨੁਸਾਰ ਉਥੇ ਉਹ ਕਾਅਬੇ ਵੱਲ ਨੂੰ ਪੈਰ ਪਾਸਾਰ ਕੇ ਸੌਂ ਗਏ। ਜਦੋਂ ਰੁਕਨਉਦੀਕ ਮੁੱਖ ਇਮਾਮ ਨੇ ਇਸ ਗੱਲ ਉੱਤੇ ਇਤਰਾਜ ਕੀਤਾ ਤਾਂ ਗੁਰੂ ਸਾਹਿਬ ਨੇ ਬੜੀ ਨਿਮਰਤਾ ਨਾਲ ਕਿਹਾ ਜਿਧਰ ਰੱਬ ਦਾ ਘਰ ਨਹੀਂ ਮੇਰੀਆਂ ਲੱਤਾਂ ਉਧਰ ਕਰ ਦਿਓ। ਇਹ ਰੱਬ ਦੀ ਸਰਬ-ਵਿਆਪਕਤਾ ਵੱਲ ਇਸ਼ਾਰਾ ਸੀ। ਸਾਰਿਆਂ ਲਈ ਇਹ ਬਹੁਤ ਵੱਡਾ ਸਬਕ ਸੀ ਤੇ ਰੁਕਨਉਦੀਨ ਅਤੇ ਮੱਕੇ ਦੇ ਹੋਰ ਬਹੁਤ ਸਾਰੇ ਮੁਸਲਮਾਨ ਗੁਰੂ ਸਾਹਿਬ ਦੇ ਉਪਦੇਸ਼ ਤੋਂ ਬਹੁਤ ਪ੍ਰਭਾਵਿਤ ਹੋਏ। ਇਸ ਪਿਛੋਂ ਗੁਰੂ ਸਾਹਿਬ ਮਦੀਨੇ ਗਏ ਉਥੇ ਵੀ ਉਨ੍ਹਾਂ ਨੇ ਲੋਕਾਂ ਵਿਚ ਰੱਬ ਨੂੰ ਸੱਚੇ ਦਿਲ ਨਾਲ ਜਪਣ ਅਤੇ ਝੂਠੇ ਵਹਿਮਾਂ ਨੂੰ ਛੱਡ ਦੇਣ ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਹਜ਼ਰਤ ਮੁਹੰਮਦ ਸਾਹਿਬ ਦੀ ਕਬਰ ਦੇ ਵੀ ਦਰਸ਼ਨ ਕੀਤੇ। ਇਸ ਤੋਂ ਬਾਅਦ ਗੁਰੂ ਸਾਹਿਬ ਕਈ ਸਥਾਨਾਂ ਤੋਂ ਹੁੰਦੇ ਹੋਏ ਬਗਦਾਦ ਪਹੁੰਚੇ। ਉਥੇ ਉਨ੍ਹਾਂ ਦੀ ਸ਼ੇਖ ਬਹਿਲੋਲ ਨਾਲ ਮੁਲਾਕਾਤ ਹੋਈ। ਸ਼ੇਖ ਬਹਿਲੋਲ ਗੁਰੂ ਜੀ ਦੀ ਬਾਣੀ

ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਦਾ ਸ਼ਰਧਾਲੂ ਬਣ ਗਿਆ। ਉਸਨੇ ਗੁਰੂ ਸਾਹਿਬ ਦਾ ਸਤਿਕਾਰ ਵਜੋਂ ਬਗਦਾਦ ਵਿਚ ਇਕ ਯਾਦਗਾਰੀ ਸਥਾਨ ਵੀ ਬਣਾਇਆ ਜੋ ਅੱਜ ਤਕ ਕਾਇਮ ਹੈ। ਬਗਦਾਦ ਤੋਂ ਵਾਪਸ ਆਉਂਦੇ ਹੋਏ ਗੁਰੂ ਕੁਝ ਸਮੇਂ ਲਈ ਹਸਨ ਅਬਦਾਲ (ਪੰਜਾ ਸਾਹਿਬ, ਪਾਕਿਸਤਾਨ) ਵਿਚ ਠਹਿਰੇ। ਇਥੇ ਉਨ੍ਹਾਂ ਨੇ ਹੰਕਾਰੀ ਵਲੀ ਕੰਧਾਰੀ ਨੂੰ ਸਿੱਧੇ ਰਾਹ ਪਾਇਆ।

**1.2.2.6 ਪੰਜਵੀਂ ਉਦਾਸੀ (Fifth Udasi-Travel within Punjab) (ਪੰਜਾਬ ਦੀ ਯਾਤਰਾ) :-** ਪੰਜਵੀਂ ਅਤੇ ਅੰਤਲੀ ਉਦਾਸੀ ਵਿਚ ਗੁਰੂ ਨਾਨਕ ਨੇ ਪੰਜਾਬ ਵਿਚ ਹੀ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਕੀਤਾ। ਪਾਕਪਟਨ ਵਿਚ ਸ਼ੇਖ ਫਰੀਦ ਦੀ ਗੱਦੀ ਦੇ ਵਾਰਸ ਸ਼ੇਖ ਬ੍ਰਹਮ ਨਾਲ ਮੁਲਾਕਾਤ ਕਰਦੇ ਹੋਏ ਗੁਰੂ ਸਾਹਿਬ ਨੇ ਦੀਪਾਲਪੁਰ, ਕੰਚਨਪੁਰ ਅਤੇ ਪੱਟੀ ਆਦਿ ਸਥਾਨਾਂ ਦੀ ਯਾਤਰਾ ਕੀਤੀ। ਫਿਰ ਉਹ ਵਰਤਮਾਨ ਅੰਮ੍ਰਿਤਸਰ ਨੇੜੇ ਕਰੀ ਪਠਾਣਾ ਵਿਚ ਪਹੁੰਚੇ। ਇਥੇ ਉਨ੍ਹਾਂ ਨੇ ਬਹੁਤ ਸਾਰੇ ਪਠਾਣਾਂ ਨੂੰ ਆਪਣਾ ਸਿੱਖ ਬਣਾਇਆ। ਇਸ ਤੋਂ ਬਾਦ ਬਟਾਲੇ ਵਿਚ ਪ੍ਰਚਾਰ ਕਰਦੇ ਹੋਏ ਗੁਰੂ ਸਾਹਿਬ-ਸੱਯਦਪੁਰ ਗਏ। ਉਸ ਸਮੇਂ ਮੁਗਲ ਹਮਲਾਵਰ ਬਾਬਰ ਨੇ ਹੁਣੇ ਸੱਯਦਪੁਰ ਤੇ ਕਬਜ਼ਾ ਕੀਤਾ ਸੀ ਅਤੇ ਉਹ ਉਥੋਂ ਦੇ ਲੋਕਾਂ ਤੇ ਬਹੁਤ ਜ਼ੁਲਮ ਕਰ ਰਿਹਾ ਸੀ। ਗੁਰੂ ਸਾਹਿਬ ਨੇ ਇਨ੍ਹਾਂ ਜ਼ੁਲਮਾਂ ਦੇ ਵਿਰੁੱਧ ਬਾਬਰ ਬਾਣੀ ਦੀ ਰਚਨਾ ਕੀਤੀ। ਸਿੱਖ ਪਰੰਪਰਾਵਾਂ ਅਨੁਸਾਰ ਮੁਗਲਾਂ ਨੇ ਗੁਰੂ ਨਾਨਕ ਅਤੇ ਉਨ੍ਹਾਂ ਦੇ ਸਾਥੀ ਮਰਦਾਨੇ ਨੂੰ ਵੀ ਕੈਦ ਕਰ ਲਿਆ। ਜੇਲ੍ਹ ਦੇ ਮੁਖੀ ਮੀਰ ਖਾਨ ਨੇ ਬਾਬਰ ਨੂੰ ਦੱਸਿਆ ਕਿ ਗੁਰੂ ਨਾਨਕ ਇਕ ਬਹੁਤ ਵੱਡਾ ਸੰਤ ਹੈ। ਇਸ ਤੇ ਬਾਬਰ ਗੁਰੂ ਸਾਹਿਬ ਨੂੰ ਆਪ ਮਿਲਿਆ ਅਤੇ ਉਨ੍ਹਾਂ ਦੀ ਸ਼ਖਸੀਅਤ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਕੇਵਲ ਉਨ੍ਹਾਂ ਨੂੰ ਹੀ ਨਹੀਂ ਰਿਹਾਅ ਕਰ ਦਿੱਤਾ, ਸਗੋਂ ਉਹਨਾਂ ਦੇ ਕਹਿਣ ਤੇ ਦੂਜੇ ਸਾਰੇ ਕੈਦੀਆਂ ਨੂੰ ਛੱਡ ਦਿੱਤਾ। ਸੱਯਦਪੁਰ ਤੋਂ ਗੁਰੂ ਸਾਹਿਬ ਪਸਰੂਰ ਅਤੇ ਸਿਆਲਕੋਟ ਗਏ ਅਤੇ ਡੇਰਾ ਗਾਜੀ ਖਾਂ ਦੇ ਜ਼ਿਲ੍ਹੇ ਮਿਠਨਕੋਟ ਪੁੱਜੇ ਉਥੇ ਉਨ੍ਹਾਂ ਨੇ ਪ੍ਰਸਿੱਧ ਮੁਸਲਮ ਫਕੀਰ ਮੀਆਂ ਮਿਠਾ ਨਾਲ ਬਹੁਤ ਬਹਿਸ ਕੀਤੀ ਅਤੇ ਅੰਤ ਵਿਚ ਉਸਨੂੰ ਸ਼ਰਧਾਲੂ ਬਣਾਇਆ। ਇਸਤੋਂ ਬਾਅਦ ਗੁਰੂ ਸਾਹਿਬ ਲਾਹੌਰ ਪਹੁੰਚੇ। ਹੁਣ ਉਨ੍ਹਾਂ ਨੇ ਆਪਣੀਆਂ ਉਦਾਸੀਆਂ ਸਮਾਪਤ ਕਰਕੇ ਨਿਸ਼ਚਿਤ ਜਗ੍ਹਾ ਤੇ ਨਿਵਾਸ ਕਰਨ ਦਾ ਫੈਸਲਾ ਕੀਤਾ।

**1.2.3.1 ਕਰਤਾਰਪੁਰ ਵਿਚ ਨਿਵਾਸ (Residing at Kartarpur) :-** ਗੁਰੂ ਜੀ ਨੇ ਰਾਵੀ ਦੇ ਕੰਢੇ ਤੇ ਇਕ ਨਵਾਂ ਨਗਰ ਵਸਾਇਆ ਜਿਸ ਦਾ ਨਾਂ ਉਨ੍ਹਾਂ ਨੇ 'ਕਰਤਾਰਪੁਰ' (ਰੱਬ ਦਾ ਸ਼ਹਿਰ) ਰਖਿਆ। ਉਨ੍ਹਾਂ ਨੇ ਆਪਣੇ ਜੀਵਨ ਦੇ ਆਖਰੀ ਦਸ ਸਾਲ ਇਸ ਸ਼ਹਿਰ ਵਿਚ ਹੀ ਬਤੀਤ ਕੀਤੇ। ਉਨ੍ਹਾਂ ਨੇ ਆਪਣੀ ਪਤਨੀ ਅਤੇ ਪੁੱਤਰਾਂ ਨੂੰ ਵੀ ਆਪਣੇ ਪਾਸ ਬੁਲਾ ਲਿਆ। ਇਸ ਪ੍ਰਕਾਰ ਉਨ੍ਹਾਂ ਨੇ ਆਪਣੀ ਆਦਰਸ਼ਕ ਗ੍ਰਹਿਸਤ ਜੀਵਨ ਦੀ ਮਿਸਾਲ ਆਪਣੇ ਸਿੱਖਾਂ ਦੇ ਸਾਹਮਣੇ ਰੱਖੀ।

**1.2.3.2 ਚੇਲਿਆਂ ਦਾ ਸੰਗਠਨ (ਸੰਗਤ ਅਤੇ ਪੰਗਤ) (Organised Discipline-Sangat and Pangat):-** ਗੁਰੂ ਸਾਹਿਬ ਨੇ ਆਪਣੀਆਂ ਉਦਾਸੀਆਂ ਦੇ ਦੌਰਾਨ ਅਨੇਕ ਸਥਾਨਾਂ ਤੇ 'ਸੰਗਤ' ਅਰਥਾਤ ਆਪਣੇ ਚੇਲਿਆਂ ਦੇ ਸੰਘ ਸਥਾਪਿਤ ਕੀਤੇ ਸਨ। ਇਨ੍ਹਾਂ ਸਭ ਸੰਗਤਾਂ ਨੂੰ ਮਜ਼ਬੂਤ ਬਣਾਉਣ ਲਈ ਅਤੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਆਪਣੇ ਉਪਦੇਸ਼ਾਂ ਦਾ ਗਿਆਨ ਕਰਾਉਣ ਲਈ ਗੁਰੂ ਸਾਹਿਬ ਨੇ ਕਰਤਾਰਪੁਰ ਵਿਚ ਇਕ ਸੰਗਤ ਕਾਇਮ ਕੀਤੀ ਜਿਸ ਸੰਗਤ ਵਿਚ ਬਹੁਤ ਗਿਣਤੀ ਵਿਚ ਗੁਰੂ ਜੀ ਦੇ ਸਿੱਖ ਇਕੱਠੇ ਹੁੰਦੇ ਸਨ ਤੇ ਉਨ੍ਹਾਂ ਤੋਂ ਉਪਦੇਸ਼ ਪ੍ਰਾਪਤ ਕਰਦੇ ਸਨ। ਦੂਰ ਦੂਰ ਦੇ ਸਥਾਨਾਂ ਦੇ ਸਿੱਖ ਕਰਤਾਰਪੁਰ ਵਿਚ ਗੁਰੂ ਸਾਹਿਬ ਤੋਂ ਆਦੇਸ਼ ਲੈਣ ਲਈ ਆਉਂਦੇ ਸਨ ਅਤੇ ਫੇਰ ਆਪਣੇ ਪ੍ਰਦੇਸ਼ਾਂ ਵਿਚ ਜਾ ਕੇ ਉਨ੍ਹਾਂ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਦੇ ਸਨ। ਗੁਰੂ ਸਾਹਿਬ ਨੇ ਆਪਣੇ ਚੇਲਿਆਂ ਦਾ ਸੰਗਠਨ ਕਰਦੇ ਹੋਏ ਇਕ ਮਹੱਤਵਪੂਰਨ ਕੰਮ ਇਹ ਕੀਤਾ ਕਿ ਉਨ੍ਹਾਂ ਨੇ ਲੰਗਰ ਪ੍ਰਥਾ ਚਾਲੂ ਕੀਤੀ। ਉਨ੍ਹਾਂ ਨੇ ਆਪਣੇ ਸਾਰੇ ਸਿੱਖਾਂ ਨੂੰ ਇਹ ਆਦੇਸ਼ ਦਿੱਤਾ ਕਿ ਉਹ ਧਰਮ ਅਤੇ ਜਾਤੀ ਦਾ ਕੋਈ ਖਿਆਲ ਨਾ ਕਰਦੇ ਹੋਏ ਸਾਰੇ ਇਕੋ ਪੰਗਤ ਵਿਚ ਇਕੱਠੇ ਬੈਠ ਕੇ ਖਾਣਾ ਖਾਣ ਅਤੇ ਆਪਸ ਵਿਚ ਭਾਈ ਬਣੇ ਰਹਿਣ, ਇਸੇ ਤਰ੍ਹਾਂ ਕੁਝ ਹੀ ਸਾਲਾਂ ਵਿਚ ਗੁਰੂ ਸਾਹਿਬ ਦੇ ਸਿੱਖਾਂ ਦਾ ਇਕ ਨਵਾਂ ਸਮਾਜ ਹੋਂਦ ਵਿਚ ਆਇਆ।

**1.2.3.3 ਉਤਰ-ਅਧਿਕਾਰੀ ਦੀ ਨਿਯੁਕਤੀ (Appointed Successor) :-** ਆਪਣੇ ਉਪਦੇਸ਼ਾਂ ਦਾ ਪ੍ਰਚਾਰ ਜਾਰੀ ਰਖਣ ਦੇ ਉਦੇਸ਼ ਨਾਲ ਗੁਰੂ ਨਾਨਕ ਨੇ ਆਪਣਾ ਉਤਰ-ਅਧਿਕਾਰੀ ਨਿਯੁਕਤ ਕਰਨ ਦਾ ਨਿਸ਼ਚਾ ਕੀਤਾ। ਆਪਣੇ ਪੁੱਤਰਾਂ ਅਤੇ ਸਿੱਖਾਂ, ਦੀਆਂ ਉਨ੍ਹਾਂ ਨੇ ਕਈ ਪ੍ਰੀਖਿਆਵਾਂ ਲਈਆਂ ਜਿਨ੍ਹਾਂ ਵਿਚ ਭਾਈ ਲਹਿਣਾ ਸਭ ਤੋਂ ਅਧਿਕ ਯੋਗ

ਸਿੱਧ ਹੋਏ। ਇਸ ਲਈ ਗੁਰੂ ਸਾਹਿਬ ਨੇ ਭਾਈ ਲਹਿਣਾ ਨੂੰ 'ਅੰਗਦ' ਭਾਵ ਉਨ੍ਹਾਂ ਦੇ ਆਪਣੇ ਹੀ ਸਰੀਰ ਦਾ ਅੰਗ ਦਾ ਨਾਂ ਦਿੱਤਾ।

**1.2.3.4 ਅਕਾਲ ਚਲਾਣਾ (Death) :-** 1539 ਈ. ਵਿਚ ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਖੇ ਜੋਤੀ ਜੋਤ ਸਮਾ ਗਏ।

### 1.2.4.1 ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ (Teachings of Guru Nanak)

ਗੁਰੂ ਨਾਨਕ ਨੇ ਕੋਈ ਗੁੜ੍ਹ ਫਲਸਫੇ ਦਾ ਪ੍ਰਚਾਰ ਨਹੀਂ ਕੀਤਾ। ਉਨ੍ਹਾਂ ਦੇ ਉਪਦੇਸ਼ ਬੜੇ ਸਾਦੇ ਸਨ ਅਤੇ ਇਨ੍ਹਾਂ ਨੂੰ ਲੋਕਾਂ ਦੇ ਸਾਹਮਣੇ ਉਨ੍ਹਾਂ ਦੀ ਆਪਣੀ ਬੋਲੀ ਵਿਚ ਰੱਖਿਆ। 'ਜਪੁਜੀ ਸਾਹਿਬ', 'ਆਸਾ ਦੀ ਵਾਰ' ਆਦਿ ਗੁਰੂ ਸਾਹਿਬ ਦੀਆਂ ਰਚਨਾਵਾਂ ਤੋਂ ਉਨ੍ਹਾਂ ਦੇ ਉਪਦੇਸ਼ਾਂ ਦੇ ਮੁੱਖ ਸਿਧਾਂਤ ਪਤਾ ਲੱਗਦਾ ਹੈ :-

**1.2.4.2 ਰੱਬ ਸਬੰਧੀ ਵਿਚਾਰ :-** ਗੁਰੂ ਨਾਨਕ ਦਾ ਰੱਬ ਦੀ ਹੋਂਦ ਬਾਰੇ ਪੱਕਾ ਅਤੇ ਅੱਟਲ ਵਿਸ਼ਵਾਸ ਸੀ। 'ਜਪੁਜੀ ਸਾਹਿਬ' ਦੇ ਮੂਲ ਮੰਤਰ ਵਿਚ ਉਨ੍ਹਾਂ ਨੇ ਰੱਬ ਸੰਬੰਧੀ ਵਿਚਾਰਾਂ ਦਾ ਸਾਰ ਇਸ ਤਰ੍ਹਾਂ ਦਿੱਤਾ ਹੈ; ਰੱਬ ਇਕ ਹੈ, ਉਸ ਦਾ ਨਾਮ ਸੱਚਾ ਹੈ, ਉਹ ਸੰਸਾਰ ਦਾ ਕਰਤਾ-ਧਰਤਾ ਹੈ, ਉਹ ਨਿਡਰ ਹੈ, ਉਸ ਦਾ ਕੋਈ ਵੈਰੀ ਨਹੀਂ, ਉਹ ਜਨਮ ਮਰਨ ਤੋਂ ਰਹਿਤ ਹੈ, ਉਹ ਭਿੰਨ-ਭਿੰਨ ਜੁੱਗਾਂ ਵਿਚ ਸੱਚਾ ਸੀ, ਹੁਣ ਵੀ ਸੱਚਾ ਹੈ ਅਤੇ ਭਵਿੱਖ ਵਿਚ ਵੀ ਸਦਾ ਸੱਚਾ ਰਹੇਗਾ। ਗੁਰੂ ਸਾਹਿਬ ਦੇ ਰੱਬ ਸੰਬੰਧੀ ਵਿਚਾਰਾਂ ਦਾ ਵੇਰਵਾ ਸਪਸ਼ਟ ਰੂਪ ਨਾਲ, ਇਨ੍ਹਾਂ ਸਿਰਲੇਖਾਂ ਹੇਠ ਕੀਤਾ ਜਾ ਸਕਦਾ ਹੈ :-

**(ੳ) ਰੱਬ ਇਕ ਹੈ :-** ਗੁਰੂ ਨਾਨਕ ਨੇ ਇਸ ਗੱਲ ਤੇ ਬਹੁਤ ਜ਼ੋਰ ਦਿੱਤਾ ਹੈ ਕਿ ਰੱਬ ਇਕ ਹੈ। ਉਸ ਜ਼ਮਾਨੇ ਵਿਚ ਇਹ ਵਿਚਾਰ ਆਮ ਪ੍ਰਚਲਿਤ ਸੀ ਕਿ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਤਿੰਨ ਦੇਵਤੇ ਰੱਬ ਰੂਪ ਹਨ। ਇਕ ਸੰਸਾਰ ਦੇ ਲੋਕਾਂ ਨੂੰ ਪੈਦਾ ਕਰਦਾ ਹੈ, ਦੂਸਰਾ ਉਹਨਾਂ ਦੀ ਦੇਖਭਾਲ ਕਰਦਾ ਹੈ ਅਤੇ ਤੀਸਰਾ ਉਨ੍ਹਾਂ ਦੇ ਜੀਵਨ ਨੂੰ ਸਮਾਪਤ ਕਰਦਾ ਹੈ। ਮੁਸਲਮਾਨ ਹਜ਼ਰਤ ਮੁਹੰਮਦ ਨੂੰ ਰੱਬ ਮੰਨਦੇ ਸਨ। ਗੁਰੂ ਨਾਨਕ ਨੇ ਇਨ੍ਹਾਂ ਪ੍ਰਚਲਿਤ ਵਿਚਾਰਾਂ ਨੂੰ ਨਾ ਮੰਨਦੇ ਹੋਏ ਲੋਕਾਂ ਨੂੰ ਇਹ ਉਪਦੇਸ਼ ਦਿੱਤਾ ਕਿ ਕੇਵਲ ਇਕ ਹੀ ਰੱਬ ਹੈ ਜੋ ਬ੍ਰਹਮਾ, ਵਿਸ਼ਨੂੰ, ਮਹੇਸ਼, ਰਾਮ, ਕ੍ਰਿਸ਼ਨ, ਹਜ਼ਰਤ ਮੁਹੰਮਦ ਸਭ ਤੋਂ ਉੱਚਾ ਹੈ।

**(ਅ) ਸਰਵਸ਼ਕਤੀਮਾਨ ਹੈ :-** ਗੁਰੂ ਨਾਨਕ ਅਨੁਸਾਰ ਰੱਬ ਸਰਵਸ਼ਕਤੀਮਾਨ ਹੈ। ਉਸ ਦੇ ਹੁਕਮ ਅਨੁਸਾਰ ਹੀ ਹਰ ਇਕ ਮਨੁੱਖ ਦਾ ਜਨਮ ਹੁੰਦਾ ਹੈ, ਉਸਦਾ ਆਕਾਰ ਬਣਦਾ ਹੈ, ਉਸ ਨੂੰ ਵਡਿਆਈ ਪ੍ਰਾਪਤ ਹੁੰਦੀ ਹੈ, ਉਹ ਉੱਤਮ ਜਾਂ ਨੀਚ ਹੋ ਜਾਂਦਾ ਹੈ, ਉਹ ਲਿਖ ਪੜ੍ਹ ਜਾਂਦਾ ਹੈ, ਦੁਖ-ਸੁਖ ਪਾਉਂਦਾ ਹੈ ਅਤੇ ਉਸ ਦਾ ਅਕਾਲ ਚਲਾਣਾ ਹੁੰਦਾ ਹੈ। ਕਿਸੇ ਵੀ ਮਨੁੱਖ ਵਿਚ ਇੰਨੀ ਯੋਗਤਾ ਨਹੀਂ ਕਿ ਉਹ ਰੱਬ ਦੀ ਮਹਾਨਤਾ ਨੂੰ ਪੂਰੀ ਤਰ੍ਹਾਂ ਸਮਝ ਸਕੇ ਜਾਂ ਉਸ ਦਾ ਵਰਣਨ ਕਰ ਸਕੇ। ਕਰੋੜਾਂ ਲੋਕ ਰੱਬ ਦੀ ਮਹਿਮਾ ਦੇ ਗੀਤ ਗਾਉਂਦੇ ਹਨ, ਹਜ਼ਾਰਾਂ ਲਿਖਾਰੀਆਂ ਨੇ ਆਪਣੀਆਂ ਪੁਸਤਕਾਂ ਵਿਚ ਰੱਬ ਦੀ ਵਡਿਆਈ ਕੀਤੀ ਹੈ, ਪਰ ਅਸਲ ਵਿਚ ਆਪਣੀ ਮਹਾਨਤਾ ਸਿਰਫ ਰੱਬ ਆਪ ਹੀ ਸਮਝਦਾ ਹੈ।

**(ੲ) ਰੱਬ ਅਗੋਚਰ ਅਤੇ ਸਰਬ ਵਿਆਪਕ ਹੈ :-** ਗੁਰੂ ਨਾਨਕ ਤੋਂ ਪਹਿਲਾਂ ਆਤਮਕਵਾਦੀਆਂ ਵਿਚ ਰੱਬ ਦੇ ਵਿਰੋਧੀ ਮੱਤ ਪ੍ਰਚਲਿਤ ਸਨ। ਕੁਝ ਇਕ ਆਤਮਕਵਾਦੀ ਮੰਨਦੇ ਸਨ ਕਿ ਰੱਬ ਅਗੋਚਰ (Transcendent) ਹੈ, ਉਹ ਬੇਅੰਤ ਹੈ ਅਤੇ ਮਨੁੱਖ ਦੀ ਪਹੁੰਚ ਤੇ ਸਮਝ ਤੋਂ ਪਰੇ। ਦੂਜਿਆਂ ਦੇ ਵਿਚਾਰ ਅਨੁਸਾਰ ਰੱਬ ਸਰਵ-ਵਿਆਪਕ (Omnipresent) ਹੈ। ਗੁਰੂ ਨਾਨਕ ਨੇ ਬੜੀ ਸੁੰਦਰਤਾ ਨਾਲ ਇਨ੍ਹਾਂ ਵਿਰੋਧੀ ਵਿਚਾਰਾਂ ਦਾ ਸੁਮੇਲ ਕੀਤਾ। ਉਨ੍ਹਾਂ ਦੇ ਵਿਚਾਰ ਵਿਚ ਰੱਬ ਅਗੋਚਰ ਵੀ ਹੈ ਅਤੇ ਸਰਬ ਵਿਆਪਕ ਵੀ ਹੈ। ਅਸਲ ਵਿਚ ਰੱਬ ਆਪਣੇ ਸੱਚੇ ਸੇਵਕਾਂ ਦੇ ਹਿਰਦੇ ਵਿਚ ਵਸਦਾ ਹੈ।

**(ਸ) ਰੱਬ ਨਿਰੰਕਾਰ ਹੈ :-** ਗੁਰੂ ਨਾਨਕ ਦੇ ਮੱਤ ਅਨੁਸਾਰ ਰੱਬ ਨਿਰੰਕਾਰ ਹੈ, ਉਸ ਦਾ ਕੋਈ ਰੂਪ ਰੰਗ ਆਦਿ ਨਹੀਂ ਹੈ। ਉਸ ਨੂੰ ਮਿੱਟੀ ਜਾਂ ਪੱਥਰ ਵਿਚ ਨਹੀਂ ਥਾਪਿਆ ਜਾ ਸਕਦਾ ਕਿਉਂਕਿ ਅਰੂਪ ਅਤੇ ਬੇਅੰਤ ਹੈ। ਗੁਰੂ ਸਾਹਿਬ ਦੇ ਵਿਚਾਰ ਵਿਚ ਰੱਬ ਦੀਆਂ ਮੂਰਤੀਆਂ ਬਣਾਉਣੀਆਂ ਅਤੇ ਉਸ ਨੂੰ ਮੰਦਰ ਵਿਚ ਸੀਮਿਤ ਕਰ ਦੇਣਾ ਠੀਕ ਨਹੀਂ ਹੈ।

**(ਹ) ਆਤਮ ਤਿਆਗ ਰੱਬ ਦੀ ਪ੍ਰਾਪਤੀ ਦਾ ਸਾਧਨ ਹੈ :-** ਆਪਣੀ ਬਾਣੀ ਵਿਚ ਗੁਰੂ ਜੀ ਇਕ ਜਗ੍ਹਾ ਤੇ ਫਰਮਾਉਂਦੇ ਹਨ, 'ਆਪ ਗਵਾਈਐ ਤਾਂ ਸਹੁ ਪਾਈਐ' ਅਰਥਾਤ ਮਨੁੱਖ ਆਪਣੇ ਆਪ ਨੂੰ ਗਵਾ ਕੇ ਹੀ ਰੱਬ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਉਨ੍ਹਾਂ ਦਾ ਮਤਲਬ ਇਹ ਨਹੀਂ ਕਿ ਭੁਖਿਆਂ ਰਹਿ ਕੇ ਜਾਂ ਕਠੋਰ ਤਪ ਕਰਕੇ ਸਰੀਰ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ। ਇਸ ਤੋਂ ਕੇਵਲ ਇਹ ਭਾਵ ਹੈ ਕਿ ਮਨੁੱਖ ਨੂੰ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਨਾਮੀ ਆਪਣੇ ਵੈਰੀਆਂ ਨੂੰ ਵਸ ਵਿਚ ਰਖਣਾ ਹੈ। ਆਪਣੇ ਮਨ ਤਨ ਨੂੰ ਰੱਬ ਦੇ ਸਪੁਰਦ ਕਰਕੇ ਹੀ ਮਨੁੱਖ-ਉਸ ਨੂੰ ਪ੍ਰਾਪਤ ਕਰਨ ਦੀ ਆਸ ਕਰ ਸਕਦਾ ਹੈ।

**(ਕ) ਨਾਮ ਜੱਪਣ ਦੀ ਮਹੱਤਤਾ :-** ਗੁਰੂ ਨਾਨਕ ਨੇ ਆਪਣੀਆਂ ਰਚਨਾਵਾਂ ਵਿਚ ਨਾਮ ਜਪਣ ਅਤੇ ਸੁਣਨ ਤੇ ਜ਼ੋਰ ਦਿੱਤਾ। ਉਨ੍ਹਾਂ ਦੇ ਵਿਚਾਰ ਅਨੁਸਾਰ ਰੱਬ ਦਾ ਨਾਮ ਜਪਣ ਤੇ ਸੁਣਨ ਨਾਲ ਮਨੁੱਖ ਕਾਮ, ਕਰੋਧ, ਲੋਭ ਮੋਹ ਅਤੇ ਹੰਕਾਰ ਵੱਸ ਵਿਚ ਕਰ ਲੈਂਦਾ ਹੈ, ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ, ਸੱਤ, ਸੰਤੋਖ ਅਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਉਸ ਨੂੰ ਘਰ ਬੈਠੇ ਹੀ 68 ਤੀਰਥ ਅਸਥਾਨਾਂ ਦੀ ਯਾਤਰਾ ਦਾ ਫ਼ਲ ਮਿਲ ਜਾਂਦਾ ਹੈ ਅਤੇ ਉਸ ਦੇ ਦੁੱਖ ਤੇ ਪਾਪ ਦੂਰ ਹੋ ਜਾਂਦੇ ਹਨ। ਜਪੁਜੀ ਸਾਹਿਬ ਦੀ ਵੀਹਵੀਂ ਪੌੜੀ ਵਿਚ ਗੁਰੂ ਸਾਹਿਬ ਕਹਿੰਦੇ ਹਨ ਕਿ ਜਿਸ ਤਰ੍ਹਾਂ ਹੱਥਾਂ ਪੈਰਾਂ ਅਤੇ ਸਰੀਰ ਦੀ ਮੈਲ ਪਾਣੀ ਨਾਲ ਅਤੇ ਗੰਦੇ ਕਪੜਿਆਂ ਦੀ ਮੈਲ ਸਾਬਣ ਨਾਲ ਦੂਰ ਹੋ ਜਾਂਦੀ ਹੈ, ਉਸੇ ਤਰ੍ਹਾਂ, ਮਨ ਦੇ ਪਾਪਾਂ ਦੀ ਮੈਲ ਨਾਮ ਜਪਣ ਨਾਲ ਦੂਰ ਹੋ ਜਾਂਦੀ ਹੈ। ਆਪਣੀਆਂ ਉਦਾਸੀਆਂ ਦੇ ਦੌਰਾਨ ਗੁਰੂ ਸਾਹਿਬ ਅਕਸਰ ਕਿਹਾ ਕਰਦੇ ਸਨ ਕਿ ਉਨ੍ਹਾਂ ਪਾਸ 'ਨਾਮ' ਤੋਂ ਬਿਨਾਂ ਹੋਰ ਕੋਈ ਚਮਤਕਾਰ ਨਹੀਂ ਹੈ।

**(ਖ) ਗੁਰੂ ਦੀ ਲੋੜ :-** ਆਤਮ ਤਿਆਗ ਦੇ ਨਾਮ ਜਪਣ ਦਾ ਰਾਹ ਦਿਖਾਣ ਲਈ ਮਨੁੱਖ ਨੂੰ ਗੁਰੂ ਦੀ ਲੋੜ ਹੈ। ਗੁਰੂ ਤੋਂ ਬਿਨਾਂ ਉਸ ਨੂੰ ਧਰਮ ਬਾਰੇ ਅਸਲੀ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਗੁਰੂ ਨਾਨਕ ਦੇ ਕਹਿਣ ਅਨੁਸਾਰ ਗੁਰੂ ਇਕ ਜਹਾਜ਼ ਦੇ ਸਮਾਨ ਹੈ ਜਿਸ ਦੀ ਮਦਦ ਨਾਲ ਸੰਸਾਰ ਰੂਪੀ ਸਾਗਰ ਨੂੰ ਪਾਰ ਕਰਕੇ ਮੁਕਤੀ ਪ੍ਰਾਪਤ ਕਰ ਸਕਦਾ ਹੈ। ਗੁਰੂ ਇਕ ਅਜਿਹੀ ਪੌੜੀ ਹੈ ਜਿਸ ਦਾ ਸਹਾਰਾ ਲੈ ਕੇ ਉਹ ਪ੍ਰਭੂ ਨੂੰ ਪ੍ਰਾਪਤ ਕਰ ਸਕਦਾ ਹੈ।

ਜੇਕਰ ਮਨੁੱਖ ਸੰਸਾਰਕ ਮੋਹ ਮਾਇਆ ਵਿਚ ਨਾ ਫਸਦੇ ਹੋਏ ਪੱਕੇ ਇਰਾਦੇ ਨਾਲ ਅਧਿਆਤਮਕ-ਮਾਰਗ ਉਤੇ ਚਲ ਪੈਂਦਾ ਹੈ ਤਾਂ ਉਸ ਨੂੰ ਪ੍ਰਭੂ ਦੀ ਕ੍ਰਿਪਾ ਨਾਲ ਸੱਚਾ ਗੁਰੂ ਮਿਲ ਜਾਂਦਾ ਹੈ।

**(ਗ) ਕਠਿਨ ਤਪੱਸਿਆ ਵਿਚ ਅਵਿਸ਼ਵਾਸ :-** ਗੁਰੂ ਨਾਨਕ ਘਰ ਛੱਡ ਕੇ ਬਾਹਰ ਜੰਗਲਾਂ ਵਿਚ ਜਾ ਕੇ ਤਪ ਕਰਨ (Asceticism) ਦੇ ਪੱਖ ਵਿਚ ਨਹੀਂ ਸਨ। ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਤਿਆਗਣ ਵਿਰੁੱਧ ਪ੍ਰਚਾਰ ਕੀਤਾ। ਗੁਰੂ ਸਾਹਿਬ ਇਕ ਪਾਸੇ ਤਾਂ ਉਹ ਗ੍ਰਹਿਸਤ ਦੇ ਜੀਵਨ ਨੂੰ ਤਿਆਗ ਕੇ ਜੰਗਲਾਂ ਵਿਚ ਤਪ ਕਰਨਾ ਅਤੇ ਸਰੀਰ ਨੂੰ ਕਸ਼ਟ ਦੇਣਾ ਵਿਅਰਥ ਸਮਝਦੇ ਹਨ, ਦੂਜੇ ਪਾਸੇ ਉਹ ਇਹ ਵੀ ਕਹਿੰਦੇ ਹਨ ਕਿ ਸੰਸਾਰ ਵਿਚ ਰਹਿੰਦੇ ਹੋਏ ਮਨੁੱਖ ਨੂੰ ਕਾਮ, ਕਰੋਧ, ਮੋਹ, ਹੰਕਾਰ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਮਨੁੱਖ ਨੂੰ ਸੰਸਾਰ ਵਿਚ ਇਸ ਤਰ੍ਹਾਂ ਰਹਿਣਾ ਚਾਹੀਦਾ ਹੈ ਜਿਸ ਤਰ੍ਹਾਂ ਕਮਲ ਦਾ ਫੁੱਲ ਪਾਣੀ ਵਿਚ ਰਹਿੰਦਾ ਹੈ। ''ਸੰਸਾਰ ਦੀਆਂ ਅਪਵਿੱਤਰਤਾ ਵਿਚ ਪਵਿੱਤਰ ਜੀਵਨ ਬਿਤਾਓ'' ਇਹ ਉਨ੍ਹਾਂ ਦਾ ਆਪਣੇ ਸਿੱਖਾਂ ਨੂੰ ਮਹੱਤਵਪੂਰਨ ਸੰਦੇਸ਼ ਹੈ। ਗੁਰੂ ਸਾਹਿਬ ਨੇ ਆਪਣੇ ਜੀਵਨ ਦੇ ਅੰਤਲੇ ਦਸ ਸਾਲ ਕਰਤਾਰਪੁਰ ਵਿਚ ਆਪਣੇ ਪਰਿਵਾਰ ਸਹਿਤ ਬਤੀਤ ਕੀਤੇ। ਇਸ ਤਰ੍ਹਾਂ ਉਨ੍ਹਾਂ ਨੇ ਇਕ ਆਦਰਸ਼ ਗ੍ਰਹਿਸਥੀ ਜੀਵਨ ਦੀ ਮਿਸਾਲ ਆਪਣੇ ਸਿੱਖਾਂ ਦੇ ਸਾਹਮਣੇ ਰੱਖੀ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਨੌ ਉੱਤਰ-ਅਧਿਕਾਰੀਆਂ ਨੇ ਵੀ ਗ੍ਰਹਿਸਤ ਜੀਵਨ ਬਤੀਤ ਕਰਦੇ ਹੋਏ ''ਰਾਜ ਵਿਚ ਜੋਗ ਕਮਾਉ'' ਸਿਧਾਂਤ ਨੂੰ ਅਮਲੀ ਰੂਪ ਦਿੱਤਾ।

**(ਘ) ਕਰਮ ਤੇ ਸਦਾਚਾਰ ਉੱਤੇ ਜ਼ੋਰ :-** ਗੁਰੂ ਨਾਨਕ ਬੁਧ ਧਰਮ ਤੇ ਹਿੰਦੂ ਧਰਮ ਵਿਚ ਪ੍ਰਚਲਿਤ ਕਰਮ ਸਿਧਾਂਤ ਨੂੰ ਮੰਨਦੇ ਹਨ। ਉਹ ਕਹਿੰਦੇ ਹਨ ਕਿ ਮਨੁੱਖ ਨੂੰ ਸ਼ੁਭ ਕਰਮ ਕਰਨੇ ਚਾਹੀਦੇ ਹਨ। ਚੰਗੇ ਕਰਮਾਂ ਤੋਂ ਬਿਨਾ ਮਨੁੱਖ ਨੂੰ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਗੁਰੂ ਸਾਹਿਬ ਅਨੁਸਾਰ ਧਾਰਮਿਕ ਗ੍ਰੰਥਾਂ ਨੂੰ ਪੜ੍ਹਨ ਜਾਂ ਰਟ ਲੈਣ ਦਾ ਕੋਈ ਲਾਭ ਨਹੀਂ, ਸਗੋਂ ਮਨੁੱਖ ਨੂੰ ਉਨ੍ਹਾਂ ਵਿਚ ਦਿਤੇ ਗਏ ਸਦਾਚਾਰ ਦੇ ਨਿਯਮਾਂ ਨੂੰ ਅਮਲੀ ਰੂਪ ਵਿਚ ਅਪਨਾਉਣਾ ਚਾਹੀਦਾ ਹੈ। ਆਪਣੀਆਂ ਰਚਨਾਵਾਂ ਵਿਚ ਗੁਰੂ ਸਾਹਿਬ ਦੇ ਸਦਾਚਾਰ ਤੇ ਬਹੁਤ ਜ਼ੋਰ ਦਿੱਤਾ ਹੈ। ਉਹ ਕਹਿੰਦੇ ਹਨ ਕਿ ਮਨੁੱਖ ਵਿਚ ਬਚਨ ਅਤੇ ਕਰਮ ਦੀ ਪਵਿੱਤਰਤਾ ਹੋਣੀ ਚਾਹੀਦੀ ਹੈ। ਉਸ ਨੂੰ ਚੋਰੀ ਨਹੀਂ ਕਰਨੀ ਚਾਹੀਦੀ, ਮਿਹਨਤ ਦੀ ਕਮਾਈ ਖਾਣੀ ਚਾਹੀਦੀ ਹੈ, ਹਰੇਕ ਨਾਲ ਪਿਆਰ ਦਾ ਵਤੀਰਾ ਕਰਨਾ ਚਾਹੀਦਾ ਹੈ। ਸਤਿ ਅਤੇ ਸੰਤੋਖ, ਖਿਮਾਂ ਆਦਿ ਗੁਣਾਂ ਨੂੰ ਅਪਨਾਉਣ ਦਾ ਯਤਨ ਕਰਨਾ ਚਾਹੀਦਾ ਹੈ।

**(ਙ) ਫੋਕੇ ਰਸਮਾਂ-ਰਿਵਾਜ਼ਾਂ ਅਤੇ ਵਹਿਮਾਂ ਦੀ ਨਿਖੇਧੀ** :- ਗੁਰੂ ਨਾਨਕ ਨੇ ਉਸ ਸਮੇਂ ਸਮਾਜ ਦੇ ਲੋਕਾਂ ਵਿਚ ਪ੍ਰਚੱਲਤ ਫੋਕੇ ਰਸਮ-ਰਿਵਾਜ਼ਾਂ ਅਤੇ ਝੂਠੇ ਵਹਿਮਾਂ ਦੀ ਬੜੇ ਉਤਸ਼ਾਹ ਨਾਲ ਨਿਖੇਧੀ ਕੀਤੀ। ਉਨ੍ਹਾਂ ਨੇ ਕਿਹਾ ਕਿ ਜੰਗਲਾਂ ਵਿਚ ਜਾ ਕੇ ਤਪ ਕਰਨਾ, ਤੀਰਥ-ਅਸਥਾਨਾਂ ਦੀ ਯਾਤਰਾ ਕਰਨੀ, ਵਰਤ ਰੱਖਣਾ, ਪਾਣੀ ਵਿਚ ਬੈਠਿਆ ਰਹਿਣਾ, ਸੂਰਜ ਨੂੰ ਪਾਣੀ ਦੇਣਾ, ਉਲਟੇ ਖੜ੍ਹੇ ਰਹਿਣਾ, ਵੇਦਾਂ ਨੂੰ ਰਟ ਲੈਣ, ਮੂਰਤੀਆਂ ਨੂੰ ਪੂਜਣਾ ਆਦਿ ਸਭ ਵਿਅਰਥ ਹਨ ਅਤੇ ਇਨ੍ਹਾਂ ਦੀ ਕੋਈ ਧਾਰਮਿਕ ਮਹੱਤਤਾ ਨਹੀਂ। ਗੁਰੂ ਸਾਹਿਬ ਨੂੰ ਉਸ ਜ਼ਮਾਨੇ ਦੇ ਜੋਗੀਆਂ ਅਤੇ ਸਾਧੂਆਂ ਦੇ ਪਾਖੰਡਾਂ, ਜਿਵੇਂ ਚੋਲਾ ਪਹਿਨ ਲੈਣਾ, ਸਰੀਰ ਤੇ ਸੁਆਹ ਮਲ ਲੈਣੀ, ਕੰਨਾਂ ਵਿਚ ਮੁੰਦਰਾਂ ਪਾ ਲੈਣੀਆਂ, ਹੱਥ ਵਿਚ ਡੰਡਾ ਫੜ ਲੈਣਾ ਆਦਿ ਨੂੰ ਵੀ ਫਜ਼ੂਲ ਦਸਿਆ। ਉਨ੍ਹਾਂ ਨੇ ਬੈਰਾਗੀ, ਕਾਜ਼ੀ ਅਤੇ ਬ੍ਰਾਹਮਣਾਂ ਦੇ ਅਸਲੀ ਅਰਥ ਵੀ ਦੱਸੇ। ਉਨ੍ਹਾਂ ਅਨੁਸਾਰ ਬੈਰਾਗੀ ਉਹ ਹੈ ਜੋ ਆਪਣੀਆਂ ਤ੍ਰਿਸ਼ਨਾਵਾਂ ਨੂੰ ਤਿਆਗ ਦਿੰਦਾ ਹੈ, ਜੋਗੀ ਉਹ ਹੈ ਜੋ ਪ੍ਰਭੂ ਪ੍ਰਾਪਤੀ ਦੇ ਮਾਰਗ ਤੋਂ ਜਾਣੂ ਹੈ, ਕਾਜ਼ੀ ਉਹ ਹੈ ਜੋ ਮਨੁੱਖਾਂ ਨੂੰ ਸੰਸਾਰਕ ਝੰਜਟਾਂ ਤੋਂ ਕੱਢ ਕੇ ਅਧਿਆਤਮਕ ਮਾਰਗ ਵਲ ਲਿਆਉਂਦਾ ਹੈ ਅਤੇ ਬ੍ਰਾਹਮਣਾਂ, ਕਾਜ਼ੀਆਂ ਅਤੇ ਜੋਗੀਆਂ ਦੇ ਪਿਛੇ ਲੱਗ ਕੇ ਝੂਠੇ ਰਸਮ-ਰਿਵਾਜਾਂ ਵਿਚ ਵਿਸ਼ਵਾਸ ਨਹੀਂ ਕਰਨਾ ਚਾਹੀਦਾ।

**(ਚ) ਜਾਤ ਪਾਤ 'ਤੇ ਆਧਾਰਤ ਭੇਦ ਭਾਵਾਂ ਦਾ ਖੰਡਨ** :- ਗੁਰੂ ਨਾਨਕ ਦੇ ਸਮੇਂ ਹਿੰਦੂ ਸਮਾਜ ਚਾਰ ਮੁੱਖ ਜਾਤੀਆਂ (ਬ੍ਰਾਹਮਣ, ਕਸ਼ਤਰੀ, ਵੈਸ਼ ਅਤੇ ਸੂਦਰ) ਅਤੇ ਸੈਂਕੜੇ ਉਪ-ਜਾਤੀਆਂ ਵਿਚ ਵੰਡਿਆ ਹੋਇਆ ਸੀ। ਉੱਚੀਆਂ ਜਾਤੀਆਂ ਦੇ ਲੋਕ ਨੀਵੀਆਂ ਜਾਤਾਂ ਦੇ ਲੋਕਾਂ ਤੋਂ ਘ੍ਰਿਣਾ ਕਰਦੇ ਸਨ। ਗੁਰੂ ਸਾਹਿਬ ਜਾਤਾਂ ਦੇ ਇਨ੍ਹਾਂ ਭੇਦਾਂ ਭਾਵਾਂ ਦੇ ਸਖਤ ਖਿਲਾਫ ਸਨ ਅਤੇ ਉਨ੍ਹਾਂ ਬੜੇ ਜ਼ੋਰਦਾਰ ਸ਼ਬਦਾਂ ਵਿਚ ਇਸ ਪ੍ਰਥਾ ਦਾ ਖੰਡਨ ਕੀਤਾ ਹੈ। ਉਹ ਫਰਮਾਉਂਦੇ ਹਨ, 'ਫੱਕੜ ਜਾਤੀ ਫੱਕੜ ਨਾਉਂ' ਅਰਥਾਤ ਜਾਤੀਆਂ ਦੇ ਨਾਮ ਸਭ ਫਜ਼ੂਲ ਗੱਲਾਂ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ ਸਭ ਲੋਕ ਬਰਾਬਰ ਹਨ ਅਤੇ ਕੋਈ ਜਨਮ ਤੋਂ ਉੱਚਾ ਜਾਂ ਨੀਵਾਂ ਨਹੀਂ। ਜੇ ਕੋਈ ਵੀ ਰੱਬ ਦਾ ਸੱਚੇ ਦਿਲ ਨਾਲ ਨਾਮ ਜਪਦਾ ਹੈ ਅਤੇ ਨਿਰਮਲ ਕਰਮ ਕਰਦਾ ਹੈ, ਉਹ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ, ਚਾਹੇ ਉਹ ਕਿਸੇ ਵੀ ਜਾਤ ਦਾ ਕਿਉਂ ਨਾ ਹੋਵੇ। ਗੁਰੂ ਸਾਹਿਬ ਨੇ ਆਪਣੇ ਸਿੱਖਾਂ ਵਿਚ ਜਾਤ ਪਾਤ ਦੇ ਭਾਵ ਦਾ ਖੰਡਨ ਕਰਨ ਲਈ ਲੰਗਰ ਪ੍ਰਥਾ ਚਾਲੂ ਕੀਤੀ। ਇਸ ਪ੍ਰਥਾ ਅਨੁਸਾਰ ਉਨ੍ਹਾਂ ਦੇ ਸਾਰੇ ਸਿੱਖ ਇਕੱਠੇ ਬੈਠ ਕੇ ਇਕੋ ਹੀ ਰਸੋਈ ਤੋਂ ਤਿਆਰ ਕੀਤਾ ਗਿਆ ਭੋਜਨ ਖਾਂਦੇ ਸਨ।

**(ਛ) ਮਨੁੱਖੀ ਭਾਈਚਾਰੇ ਵਿਚ ਵਿਸ਼ਵਾਸ** :- ਗੁਰੂ ਨਾਨਕ ਨੇ ਮਨੁੱਖੀ ਭਾਈਚਾਰੇ ਦੇ ਸਿਧਾਂਤ ਦਾ ਪ੍ਰਚਾਰ ਕੀਤਾ। ਉਹ ਸੰਸਾਰ ਦੇ ਸਭ ਲੋਕਾਂ ਨੂੰ ਆਪਸ ਵਿਚ ਭਰਾ ਸਮਝਦੇ ਸਨ ਅਤੇ ਉਨ੍ਹਾਂ ਵਿਚ ਧਰਮ, ਜਾਤੀ ਜਾਂ ਫਿਰਕੇ ਦੇ ਭੇਦ-ਭਾਵਾਂ ਨੂੰ ਸਵੀਕਾਰ ਨਹੀਂ ਕਰਦੇ ਸਨ। ਉਹ ਕਿਹਾ ਕਰਦੇ ਸਨ 'ਨਾ ਕੋਈ ਹਿੰਦੂ ਹੈ ਅਤੇ ਨਾ ਕੋਈ ਮੁਸਲਮਾਨ' ਉਨ੍ਹਾਂ ਦੇ ਉਪਦੇਸ਼ ਸਭ ਧਰਮਾਂ ਅਤੇ ਜਾਤੀਆਂ ਦੇ ਲੋਕਾਂ ਲਈ ਸਨ। ਇਸ ਲਈ ਤਾਂ ਹਿੰਦੂ ਉਨ੍ਹਾਂ ਨੂੰ ਆਪਣਾ 'ਗੁਰੂ' ਅਤੇ ਮੁਸਲਮਾਨ ਉਨ੍ਹਾਂ ਨੂੰ ਆਪਣਾ 'ਪੀਰ' ਮੰਨਦੇ ਹਨ।

**(ਜ) ਸੱਚਖੰਡ ਦੀ ਪ੍ਰਾਪਤੀ** :- ਗੁਰੂ ਨਾਨਕ ਅਨੁਸਾਰ ਜੀਵਨ ਦਾ ਅੰਤਮ ਉਪਦੇਸ਼ 'ਸੱਚਖੰਡ' ਦੀ ਪ੍ਰਾਪਤੀ ਹੈ। ਇਸ ਅਵਸਥਾ ਵਿਚ ਮਨੁੱਖ ਨੂੰ ਪੂਰਣ ਸ਼ਾਂਤੀ ਅਤੇ ਸਰਵ-ਉੱਚ ਆਨੰਦ ਮਿਲਦਾ ਹੈ। ਜਨਮ ਅਤੇ ਮਰਨ ਦੇ ਚੱਕਰ ਤੋਂ ਉਸ ਦਾ ਸਦਾ ਲਈ ਛੁਟਕਾਰਾ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੇ ਉਪਰੋਕਤ ਉਦੇਸ਼ਾਂ ਦੀ ਪਾਲਣਾ ਕਰਕੇ ਹੀ ਮਨੁੱਖ ਨੂੰ 'ਸੱਚਖੰਡ' ਦੀ ਪ੍ਰਾਪਤੀ ਹੋ ਸਕਦੀ ਹੈ।

### 1.2.5.1 ਕੀ ਗੁਰੂ ਨਾਨਕ ਦੇਵ ਜੀ ਕ੍ਰਾਂਤੀਕਾਰੀ ਸਨ ਜਾਂ ਸੁਧਾਰਕ ?

### (Was Guru Nanak Dev a Revolutionary or a Reformer ?)

ਇਸ ਵਿਸ਼ੇ ਤੇ ਇਤਿਹਾਸਕਾਰਾਂ ਵਿਚ ਮਤਭੇਦ ਹੈ ਕਿ ਗੁਰੂ ਨਾਨਕ ਕ੍ਰਾਂਤੀਕਾਰੀ ਸਨ ਜਾਂ ਸੁਧਾਰਕ। ਮੈਕਾਲਿਫ, ਭਾਈ ਕਾਹਨ ਸਿੰਘ ਅਤੇ ਪ੍ਰਿੰਸੀਪਲ ਤੇਜਾ ਸਿੰਘ ਦੇ ਵਿਚਾਰ ਵਿਚ ਗੁਰੂ ਸਾਹਿਬ ਕ੍ਰਾਂਤੀਕਾਰੀ ਸਨ, ਜਿਨ੍ਹਾਂ ਨੇ ਸਮਾਜ ਵਿਚ ਪ੍ਰਚਲਿਤ ਸੰਸਥਾਵਾਂ ਦਾ ਖੰਡਨ ਕੀਤਾ ਤੇ ਇਕ ਨਵੇਂ ਸਮਾਜ ਦੀ ਉਸਾਰੀ ਕਰਨ ਦਾ ਯਤਨ ਕੀਤਾ। ਸੀ.ਐਚ.ਪੈਨ (C.H. Payne), ਡਾ. ਇੰਦੂ ਭੂਸ਼ਨ ਬੈਨਰਜੀ ਅਤੇ ਸਰ ਗੋਕਲ ਚੰਦ ਨਾਰੰਗ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ। ਇਨ੍ਹਾਂ ਵਿਦਵਾਨਾਂ ਨੇ ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਆਲੋਚਨਾਤਮਕ ਅਧਿਐਨ ਕਰਕੇ ਇਹ ਸਿੱਟਾ ਕੱਢਿਆ ਹੈ ਕਿ ਉਹ ਇਕ

ਸੁਧਾਰਕ ਸਨ। ਇਨ੍ਹਾਂ ਦੋਹਾਂ ਵਿਰੋਧੀ ਵਿਚਾਰਾਂ ਦਾ ਵੇਰਵਾ ਨਿਮਨਲਿਖਤ ਹੈ :-

**1.2.5.2 ਕ੍ਰਾਂਤੀਕਾਰੀ ਦੇ ਰੂਪ ਵਿਚ (As a Revolutionary) :-** ਮੈਕਾਲਿਫ, ਭਾਈ ਕਾਹਨ ਸਿੰਘ ਅਤੇ ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੇ ਮਤ ਦੀ ਪੁਸ਼ਟੀ ਵਿਚ ਹੇਠ ਲਿਖੀਆਂ ਦਲੀਲਾਂ ਦਿੱਤੀਆਂ ਹਨ :-

(ੳ) **ਹਿੰਦੂ ਦੇਵਤਿਆਂ ਅਤੇ ਅਵਤਾਰ ਦਾ ਖੰਡਨ :-** ਸਭ ਤੋਂ ਪਹਿਲਾਂ ਉਹ ਆਖਦੇ ਹਨ ਕਿ ਗੁਰੂ ਸਾਹਿਬ ਨੇ ਹਿੰਦੂ ਦੇਵਤਿਆਂ ਅਤੇ ਅਵਤਾਰਾਂ ਦਾ ਖੰਡਨ ਕੀਤਾ। ਹਿੰਦੂ ਲੋਕ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਰੱਬ ਦੇ ਰੂਪ ਅਤੇ ਕ੍ਰਿਸ਼ਨ ਤੇ ਰਾਮ ਨੂੰ ਰੱਬ ਦੇ ਅਵਤਾਰ ਸਮਝਦੇ ਸਨ, ਪਰ ਗੁਰੂ ਸਾਹਿਬ ਨੇ ਇਨ੍ਹਾਂ ਦੀ ਦੈਵੀ ਸ਼ਕਤੀ ਨੂੰ ਸਵੀਕਾਰ ਨਾ ਕੀਤਾ। ਇਹ ਅਵੱਸ਼ ਹੀ ਉਨ੍ਹਾਂ ਦਾ ਇਨਕਲਾਬੀ ਕੰਮ ਸੀ।

(ਅ) **ਮੂਰਤੀ ਪੂਜਾ ਦਾ ਖੰਡਨ :-** ਉਨ੍ਹਾਂ ਨੇ ਸਮਾਜ ਵਿਚ ਮੂਰਤੀ ਪੂਜਾ ਦਾ ਖੰਡਨ ਕੀਤਾ ਤੇ ਲੋਕਾਂ ਨੂੰ ਇਹ ਕ੍ਰਾਂਤੀਕਾਰੀ ਉਪਦੇਸ਼ ਦਿੱਤਾ ਕਿ ਰੱਬ ਨਿਰੰਕਾਰ ਹੈ ਅਤੇ ਉਸ ਦੀਆਂ ਮੂਰਤੀਆਂ ਬਣਾਕੇ ਉਨ੍ਹਾਂ ਦੀ ਪੂਜਾ ਕਰਨੀ ਠੀਕ ਨਹੀਂ ਹੈ।

(ੲ) **ਕਠਨ ਤਪੱਸਿਆ ਦਾ ਖੰਡਨ :-** ਹਿੰਦੂ ਰਿਸ਼ੀਆਂ-ਮੁਨੀਆਂ ਦੇ ਵਿਚਾਰ ਅਨੁਸਾਰ ਮਨੁੱਖ ਨੂੰ ਬ੍ਰਿਧ ਅਵਸਥਾ ਵਿਚ ਗ੍ਰਹਿਸਤ ਜੀਵਨ ਨੂੰ ਤਿਆਗ ਕੇ ਸੰਨਿਆਸ ਲੈ ਲੈਣਾ ਚਾਹੀਦਾ ਹੈ। ਜੰਗਲਾਂ ਵਿਚ ਜਾ ਕੇ ਤਪ ਕਰਨਾ ਚਾਹੀਦਾ ਹੈ ਅਤੇ ਸਰੀਰ ਨੂੰ ਕਸ਼ਟ ਦੇਣੇ ਚਾਹੀਦੇ ਹਨ। ਅਜਿਹਾ ਕਰਨ ਨਾਲ ਹੀ ਉਸ ਦੀ ਆਤਮਾ ਨੂੰ ਮੁਕਤੀ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰੂ ਨਾਨਕ ਨੇ ਹਿੰਦੂ ਧਰਮ ਦੇ ਇਸ ਸਿਧਾਂਤ ਦਾ ਖੰਡਨ ਕੀਤਾ। ਉਨ੍ਹਾਂ ਨੇ ਸਿੱਖਾਂ ਨੂੰ ਇਹ ਉਪਦੇਸ਼ ਦਿੱਤਾ ਕਿ ਉਹ ਗ੍ਰਹਿਸਤ ਜੀਵਨ ਨਾ ਤਿਆਗਣ ਅਤੇ ਸੰਸਾਰ ਵਿਚ ਰਹਿੰਦੇ ਰੱਬ ਦਾ ਨਾਮ ਜੱਪਣ ਅਤੇ ਸ਼ੁਭ ਕਰਮਾਂ ਨਾਲ ਉਨ੍ਹਾਂ ਨੂੰ ਮੁਕਤੀ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਲਈ ਇਹ ਵੀ ਉਨ੍ਹਾਂ ਦਾ ਇਨਕਲਾਬੀ ਕੰਮ ਸੀ।

(ਸ) **ਹਿੰਦੂ-ਰਸਮ-ਰਿਵਾਜ਼ਾਂ ਦਾ ਖੰਡਨ :-** ਗੁਰੂ ਜੀ ਨੇ ਕਿਹਾ ਕਿ ਤੀਰਥ-ਅਸਥਾਨਾਂ ਦੀਆਂ ਯਾਤਰਾਵਾਂ ਕਰਨਾ, ਵਰਤ ਰਖਣਾ, ਯੱਗ ਕਰਨਾ, ਮੰਤਰ ਪੜ੍ਹਨਾ, ਸੂਰਜ ਨੂੰ ਪਾਣੀ ਦੇਣਾ ਆਦਿ ਸਭ ਵਿਅਰਥ ਹਨ ਅਤੇ ਇਨ੍ਹਾਂ ਦੀ ਕੋਈ ਧਾਰਮਿਕ ਮਹੱਤਤਾ ਨਹੀਂ। ਹਿੰਦੂ ਲੋਕ ਇਨ੍ਹਾਂ ਰਸਮ-ਰਿਵਾਜਾਂ ਨੂੰ ਆਪਣੇ ਧਰਮ ਦਾ ਅੰਗ ਸਮਝਦੇ ਸਨ। ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਇਨ੍ਹਾਂ ਦਾ ਖੰਡਨ ਕਰਕੇ ਇਕ ਨਵੇਂ ਧਰਮ ਦੀ ਬੁਨਿਆਦ ਦਾ ਯਤਨ ਕੀਤਾ।

(ਹ) **ਜਾਤ-ਪਾਤ ਦਾ ਖੰਡਨ :-** ਜਾਤੀ ਪ੍ਰਥਾ ਬਹੁਤ ਪ੍ਰਾਚੀਨ ਕਾਲ ਤੋਂ ਹਿੰਦੂ ਧਰਮ ਅਤੇ ਸਮਾਜ ਦਾ ਇਕ ਮਹੱਤਵਪੂਰਨ ਅੰਗ ਬਣ ਗਈ ਸੀ। ਗੁਰੂ ਸਾਹਿਬ ਨੇ ਇਸ ਪ੍ਰਥਾ ਦਾ ਬੜੇ ਉਤਸ਼ਾਹ ਨਾਲ ਖੰਡਨ ਕੀਤਾ, ਉਨ੍ਹਾਂ ਨੇ ਸਾਫ-ਸਾਫ ਸ਼ਬਦਾਂ ਵਿਚ ਕਿਹਾ ਕਿ ਜਾਤੀਆਂ ਅਤੇ ਨਾਮ ਬਿਲਕੁਲ ਫਜ਼ੂਲ ਗੱਲਾਂ ਹਨ, ਕੇਵਲ ਇਹ ਹੀ ਨਹੀਂ ਉਨ੍ਹਾਂ ਨੇ ਆਪਣੇ ਸਭ ਸਿੱਖਾਂ ਨੂੰ ਇਕੱਠੇ ਖਾਣਾ ਖਾਣ ਦਾ ਵੀ ਹੁਕਮ ਦਿੱਤਾ।

(ਕ) **ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਤੇ ਅਵਿਸ਼ਵਾਸ :-** ਗੁਰੂ ਨਾਨਕ ਜੀ ਨੇ ਕਿਹਾ ਕਿ ਪੁਰਾਣਾਂ, ਵੇਦਾਂ ਆਦਿ ਨੂੰ ਪੜ੍ਹਨ ਜਾਂ ਰੱਟਣ ਦਾ ਕੋਈ ਲਾਭ ਨਹੀਂ। ਹਿੰਦੂ ਲੋਕ ਇਨ੍ਹਾਂ ਗ੍ਰੰਥਾਂ ਨੂੰ ਪੜ੍ਹਨਾ ਤੇ ਵੇਦਾਂ ਦੇ ਮੰਤਰਾਂ ਦਾ ਉਚਾਰਣ ਕਰਨਾ ਆਪਣਾ ਉੱਤਮ ਧਾਰਮਿਕ ਕਰਤੱਵ ਸਮਝਦੇ ਸਨ। ਗੁਰੂ ਨਾਨਕ ਨੇ ਹਿੰਦੂ ਧਰਮ ਦੀ ਪਵਿੱਤਰ ਭਾਸ਼ਾ ਸੰਸਕ੍ਰਿਤ ਨੂੰ ਨਾ ਅਪਣਾਇਆ। ਇਸਦੇ ਉਲਟ ਉਨ੍ਹਾਂ ਪੰਜਾਬੀ ਭਾਸ਼ਾ ਵਿਚ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਕੀਤਾ।

(ਖ) **ਸੰਗਤ ਦੀ ਸਥਾਪਨਾ ਅਤੇ ਉਤਰ-ਅਧਿਕਾਰੀ ਦੀ ਨਿਯੁਕਤੀ :-** ਗੁਰੂ ਨਾਨਕ ਨੇ ਕੇਵਲ ਹਿੰਦੂ ਧਰਮ ਤੇ ਪ੍ਰਚੱਲਿਤ ਸਿਧਾਂਤਾਂ ਦਾ ਹੀ ਖੰਡਨ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਇਕ ਨਵੇਂ ਸਮਾਜ ਦੀ ਨੀਂਹ ਰੱਖੀ।ਗੁਰੂ ਸਾਹਿਬ ਨੇ ਸੰਗਤ ਦੇ ਨਾਂ ਇਕ ਅਲੱਗ ਭਾਈਚਾਰਾ ਬਣਾਇਆ। ਇਸਦੇ ਮੈਂਬਰਾਂ ਦਾ ਜੀਵਨ ਹਿੰਦੂਆਂ ਦੇ ਜੀਵਨ ਨਾਲੋਂ ਬਹੁਤ ਭਿੰਨ ਸੀ। ਗੁਰੂ ਸਾਹਿਬ ਦਾ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਉਤਰ-ਅਧਿਕਾਰੀ ਨਿਯੁਕਤ ਕਰਨਾ ਵੀ ਉਨ੍ਹਾਂ ਦਾ ਇਕ ਇਨਕਲਾਬੀ ਕੰਮ ਸਮਝਿਆ ਜਾਂਦਾ ਹੈ।

(ਗ) **ਗੁਰੂ ਸਾਹਿਬ ਨੇ ਸੰਨਿਆਸ, ਵੈਰਾਗ ਤੇ ਤਿਆਗ ਦੀ ਵਿਰੋਧਤਾ ਕੀਤੀ :-** ਇਹ ਹਿੰਦੂ ਧਰਮ ਦੇ ਅਟੁੱਟ ਅੰਗ ਸਮਝੇ ਜਾਂਦੇ ਹਨ। ਪਰ ਗੁਰੂ ਸਾਹਿਬ ਨੇ ਖੁੱਲੇ ਸ਼ਬਦਾਂ ਵਿਚ ਇਨ੍ਹਾਂ ਬੁਨਿਆਦੀ ਅਸੂਲਾਂ ਦਾ ਖੰਡਨ ਕੀਤਾ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਦਾ ਆਤਮਾ ਤੇ ਧਰਮ ਨਾਲ ਕੋਈ ਸੰਬੰਧ ਨਹੀਂ। ਬਲਕਿ ਪਰਮ ਸੱਤ ਦੀ ਪ੍ਰਾਪਤੀ ਲਈ ਸ਼ੁਭ ਕਰਮਾਂ ਦੀ ਲੋੜ ਹੈ, ਉਨ੍ਹਾਂ ਨੇ ਉਪਦੇਸ਼ ਦਿੱਤਾ ''ਅੰਜਨ ਮਾਹਿ ਨਿਰੰਜਨ ਰਹੀਐ'' ਭਾਵ ਦੁਨੀਆਂ ਵਿਚ ਰਹੋ, ਸ਼ੁਭ

ਕੰਮ ਕਰੋ, ਪਰ ਦੁਨੀਆਂ ਦੇ ਨਾ ਬਣੋ।

**1.2.5.3 ਸੁਧਾਰਕ ਦੇ ਰੂਪ ਵਿਚ (As a Reformer)**

ਪੈਨ, ਬੈਨਰਜੀ, ਨਾਰੰਗ ਆਦਿ ਇਤਿਹਾਸਕਾਰਾਂ ਦੇ ਮੱਤ ਅਨੁਸਾਰ ਗੁਰੂ ਨਾਨਕ ਸੁਧਾਰਕ ਸਨ। ਡਾ. ਬੈਨਰਜੀ ਦੇ ਅਨੁਸਾਰ ''ਉਹ ਕੋਈ ਸਮਾਜ ਨੂੰ ਮਾਰਨਾ ਨਹੀਂ ਚਾਹੁੰਦੇ ਸਨ, ਸਗੋਂ ਉਹ ਤਾਂ ਰੋਗੀ ਸਮਾਜ ਨੂੰ ਠੀਕ ਕਰਨਾ ਚਾਹੁੰਦੇ ਸਨ।'' ਪੈਲਵੀ ਲਿਖਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਭਾਵ ਹਿੰਦੂ ਧਰਮ ਨੂੰ ਖਤਮ ਕਰਨਾ ਨਹੀਂ ਸੀ, ਸਗੋਂ ਇਸ ਨੂੰ ਇਸ ਦੀ ਪ੍ਰਾਚੀਨ ਪਵਿੱਤਰਤਾ ਦੀ ਪੱਧਰ ਤੇ ਲਿਆਉਣਾ ਸੀ। ਇਸ ਮੱਤ ਦੀ ਪੁਸ਼ਟੀ ਵਿਚ ਹੇਠ ਲਿਖੀਆਂ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ।

**(ੳ) ਗੁਰੂ ਸਾਹਿਬ ਨੇ ਦੇਵਤਿਆਂ ਅਤੇ ਅਵਤਾਰਾਂ ਦਾ ਅਨਾਦਰ ਨਹੀਂ ਕੀਤਾ** :–ਗੁਰੂ ਨਾਨਕ ਨੇ ਹਿੰਦੂਆਂ ਦੇ ਦੇਵਤਿਆਂ ਅਤੇ ਅਵਤਾਰਾਂ ਦੀ ਨਿਰਾਦਰੀ ਨਹੀਂ ਕੀਤੀ। 'ਜਪੁਜੀ ਸਾਹਿਬ' ਵਿਚ ਉਹ ਫਰਮਾਉਂਦੇ ਹਨ ਕਿ ਰੱਬ ਦਾ ਨਾਂ ਸੁਣਨ ਨਾਲ ਮਨੁੱਖ ਸ਼ਿਵ, ਬ੍ਰਹਮਾ ਅਤੇ ਇੰਦਰ ਦੀ ਮਹਾਨਤਾ ਪ੍ਰਾਪਤ ਕਰ ਲੈਂਦਾ ਹੈ। 'ਆਦਿ ਗ੍ਰੰਥ' ਵਿਚ ਜੈਦੇਵ, ਨਾਮਦੇਵ, ਰਾਮ ਨੰਦ, ਰਵਿਦਾਸ ਆਦਿ ਭਗਤਾਂ ਦੇ ਸਲੋਕ ਦਿੱਤੇ ਗਏ ਅਤੇ ਇਹ ਭਗਤ ਵਿਸ਼ਨੂੰ, ਰਾਮ ਜਾਂ ਕ੍ਰਿਸ਼ਨ ਦੇ ਉਪਾਸਕ ਸਨ। ਵਾਸਤਵ ਵਿਚ ਗੁਰੂ ਸਾਹਿਬ ਅਵਤਾਰਾਂ ਨੂੰ ਮਹਾਨ ਜ਼ਰੂਰ ਸਮਝਦੇ ਸਨ, ਪਰ ਉਨ੍ਹਾਂ ਦਾ ਵਿਚਾਰ ਸੀ ਕਿ ਰੱਬ ਦੇ ਸਮਾਨ ਨਹੀਂ।

**(ਅ) ਗੁਰੂ ਸਾਹਿਬ ਨੇ ਜਾਤ ਪਾਤ ਦਾ ਖੰਡਨ ਨਹੀਂ ਕੀਤਾ** :–ਡਾ. ਇੰਦੂ ਭੂਸ਼ਨ ਬੈਨਰਜੀ ਦੇ ਕਥਨ ਅਨੁਸਾਰ ਗੁਰੂ ਨਾਨਕ ਨੇ ਜਾਤ ਪਾਤ ਦਾ ਨਹੀਂ ਸਗੋਂ ਜਾਤੀ ਅਭਿਮਾਨ ਦਾ ਖੰਡਨ ਕੀਤਾ। ਉਹ ਸਮਾਜ ਦੀਆਂ ਜਾਤੀਆਂ ਵਿਚ ਵੰਡ ਦੇ ਸਿਧਾਂਤ ਨੂੰ ਮੰਨਦੇ ਸਨ ਪਰੰਤੂ ਉਹ ਬ੍ਰਾਹਮਣਾਂ ਅਤੇ ਦੂਜੇ ਉੱਚੀਆਂ ਜਾਤੀਆਂ ਦੇ ਸਖਤ ਖਿਲਾਫ ਸਨ, ਜੋ ਆਪਣੀ ਉੱਚੀ ਜਾਤ ਦਾ ਅਭਿਮਾਨ ਕਰਦੇ ਅਤੇ ਨੀਵੀਂ ਜਾਤ ਦੇ ਲੋਕਾਂ ਤੋਂ ਘਿਰਣਾ ਕਰਦੇ ਸਨ। ਜੇ ਇਹ ਮੰਨ ਵੀ ਲਿਆ ਜਾਏ ਕਿ ਗੁਰੂ ਸਾਹਿਬ ਨੇ ਜਾਤੀ ਪ੍ਰਥਾ ਦਾ ਖੰਡਨ ਕੀਤਾ ਸੀ ਤਾਂ ਇਹ ਕੋਈ ਉਨ੍ਹਾਂ ਦਾ ਕ੍ਰਾਂਤੀਕਾਰੀ ਕੰਮ ਨਹੀਂ ਸੀ। ਰਾਮਾ ਨੰਦ, ਕਬੀਰ ਆਦਿ ਦੂਜੇ ਭਗਤਾਂ ਨੇ ਵੀ ਇਸ ਪ੍ਰਥਾ ਦਾ ਖੰਡਨ ਕੀਤਾ ਸੀ ਅਤੇ ਗੁਰੂ ਨਾਨਕ ਨੂੰ ਵੀ ਉਨ੍ਹਾਂ ਵਾਂਗ ਇਕ ਸੁਧਾਰਕ ਸਮਝਣਾ ਚਾਹੀਦਾ ਹੈ।

**(ੲ) ਗੁਰੂ ਸਾਹਿਬ ਨੇ ਹਿੰਦੂਆਂ ਦੇ ਰਸਮ-ਰਿਵਾਜ਼ਾਂ ਦੀ ਨਿਖੇਧੀ ਨਹੀਂ ਕੀਤੀ** :–ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਨੇ ਹਿੰਦੂਆਂ ਦੇ ਰਸਮ-ਰਿਵਾਜ਼ਾਂ ਦੀ ਨਿਖੇਧੀ ਨਹੀਂ ਕੀਤੀ। ਉਹ ਇਨ੍ਹਾਂ ਰਸਮ-ਰਿਵਾਜ਼ਾਂ ਨੂੰ ਬਿਲਕੁਲ ਵਿਅਰਥ ਨਹੀਂ ਸਨ ਸਮਝਦੇ। ਉਨ੍ਹਾਂ ਦਾ ਵਿਚਾਰ ਸੀ ਕਿ ਇਨ੍ਹਾਂ ਰਸਮਾਂ ਦਾ ਲਾਭ ਹੈ, ਪਰ ਬਹੁਤ ਘੱਟ। ਸੱਚੇ ਦਿਲ ਨਾਲ ਨਾਮ ਜਪਣ ਦੀ ਕਿਤੇ ਵੱਧ ਮਹਾਨਤਾ ਹੈ।

**(ਸ) ਗੁਰੂ ਸਾਹਿਬ ਨੇ ਹਿੰਦੂਆਂ ਦੇ ਪਵਿੱਤਰ ਗਰੰਥਾਂ ਨੂੰ ਨਿੰਦਿਆ ਨਹੀਂ** :–ਗੁਰੂ ਨਾਨਕ ਨੇ ਵੇਦਾਂ ਪੁਰਾਣਾਂ ਆਦਿ ਹਿੰਦੂਆਂ ਦੇ ਪਵਿੱਤਰ ਗਰੰਥਾਂ ਦੀ ਨਿਖੇਧੀ ਨਹੀਂ ਕੀਤੀ। ਗੁਰੂ ਨਾਨਕ ਉਨ੍ਹਾਂ ਪਾਖੰਡੀ ਲੋਕਾਂ ਦੇ ਸਖਤ ਖਿਲਾਫ ਸਨ ਜੋ ਵੇਦਾਂ ਨੂੰ ਬਿਨਾਂ ਸਮਝੇ ਰਟ ਲੈਂਦੇ ਸਨ ਅਤੇ ਆਪਣੇ ਆਪ ਨੂੰ ਗਿਆਨੀ ਸਮਝਦੇ ਸਨ। ਗੁਰੂ ਸਾਹਿਬ ਦੀ ਇੱਛਾ ਸੀ ਕਿ ਲੋਕ ਆਪਣੇ ਜੀਵਨ ਨੂੰ ਵੇਦਾਂ ਅਤੇ ਪੁਰਾਣਾਂ ਦੀ ਰੋਸ਼ਨੀ ਵਿਚ ਢਾਲਣ, ਇਸ ਲਈ ਡਾ. ਬੈਨਰਜੀ ਲਿਖਦੇ ਹਨ ਕਿ ਗੁਰੂ ਨਾਨਕ ਨੇ ਹਿੰਦੂਆਂ ਦੇ ਪਵਿੱਤਰ 'ਗਰੰਥਾਂ' ਨੂੰ ਨਹੀਂ ਸਗੋਂ 'ਗਰੰਥਵਾਦ' ਨੂੰ ਨਿੰਦਿਆ ਹੈ।

**(ਹ) ਗੁਰੂ ਸਾਹਿਬ ਦੇ ਮੁੱਖ ਸਿਧਾਂਤ ਭਗਤਾਂ ਦੇ ਸਿਧਾਂਤਾਂ ਨਾਲ ਮਿਲਦੇ ਹਨ** :–ਗੁਰੂ ਨਾਨਕ ਦੇ ਮੁੱਖ ਸਿਧਾਂਤ ਮੱਧ ਕਾਲ ਦੇ ਹਿੰਦੂ ਸੁਧਾਰਕਾਂ ਦੇ ਸਿਧਾਂਤਾਂ ਦੇ ਨਾਲ ਮਿਲਦੇ ਹਨ। ਨਾਮਦੇਵ, ਜੈ ਦੇਵ, ਚੇਤੰਨਯ, ਰਾਮਾਨੰਦ, ਕਬੀਰ, ਰਵੀਦਾਸ ਆਦਿ ਭਗਤਾਂ ਵਾਂਗ ਗੁਰੂ ਨਾਨਕ ਦੇ ਰੱਬ ਦੀ ਭਗਤੀ, ਕਰਮ ਸਿਧਾਂਤ, ਆਤਮ ਤਿਆਗ ਜਾਂ ਪ੍ਰਾਪਤੀ, ਗੁਰੂ ਭਗਤੀ, ਸਦਾਚਾਰ ਦੇ ਨਿਯਮਾਂ ਆਦਿ ਦਾ ਪ੍ਰਚਾਰ ਕੀਤਾ। ਇਨ੍ਹਾਂ ਸੁਧਾਰਕਾਂ ਵਾਂਗ ਹੀ ਗੁਰੂ ਸਾਹਿਬ ਨੇ ਜਾਤੀ ਪ੍ਰਥਾ ਅਤੇ ਫੋਕੇ ਰਸਮ-ਰਿਵਾਜਾਂ ਦੀ ਨਿਖੇਧੀ ਕੀਤੀ। ਇਸ ਲਈ ਗੁਰੂ ਸਾਹਿਬ ਨੂੰ ਇਨ੍ਹਾਂ ਸੁਧਾਰਕਾਂ ਦੀ ਤਰ੍ਹਾਂ ਸੁਧਾਰਕ ਹੀ ਸਮਝਣਾ ਚਾਹੀਦਾ ਹੈ। ਉਨ੍ਹਾਂ ਦਾ ਉਦੇਸ਼ ਕੋਈ ਨਵਾਂ ਸਮਾਜ ਜਾਂ ਧਰਮ ਕਾਇਮ ਕਰਨਾ ਨਹੀਂ ਸੀ। ਦੂਜੇ ਭਗਤੀ ਸੁਧਾਰਕਾਂ ਵਾਂਗ ਗੁਰੂ ਸਾਹਿਬ ਨੇ ਹਿੰਦੂ ਧਰਮ ਦੇ ਬੁਨਿਆਦੀ ਅਸੂਲਾਂ ਦੀ ਨਹੀਂ ਹਿੰਦੂ ਧਰਮ ਦੀਆਂ ਬੁਰਾਈਆਂ ਦੀ ਨਿਖੇਧੀ ਕੀਤੀ। ਸਰ ਗੋਕਲ ਚੰਦ ਨਾਰੰਗ ਲਿਖਦੇ ਹਨ ਕਿ ਗੁਰੂ ਜੀ ਨੇ ਸੁਧਾਰਕ ਦੇ ਰੂਪ ਵਿਚ ਪੰਜਾਬ ਦੇ ਹਿੰਦੂਆਂ

ਦੀ ਹਾਲਤ ਨੂੰ ਜ਼ਿਆਦਾ ਸੁਧਾਰ ਦਿੱਤਾ।

### 1.2.5.4 ਸਿੱਟਾ

ਉਪਰੋਕਤ ਦੋਹਾਂ ਵਿਚਾਰਾਂ ਦਾ ਨਿਰਪੱਖ ਨਿਰੀਖਣ ਕਰਕੇ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੂੰ ਇਕ ਸਾਧਾਰਨ ਸੁਧਾਰਕ ਨਹੀਂ ਮੰਨਿਆ ਜਾ ਸਕਦਾ। ਉਹ ਦੂਜੇ ਭਗਤੀ ਸੁਧਾਰਕਾਂ ਦੀ ਤੁਲਨਾ ਵਿਚ ਇਕ ਮੌਲਿਕ ਸੁਧਾਰਕ ਸਨ।

### 1.2.6.1 ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਭਾਵ (Effects of Guru Nanak Dev's Teachings)

### (ੳ) ਧਾਰਮਿਕ ਪ੍ਰਭਾਵ (Religious Impact)

ਗੁਰੂ ਨਾਨਕ ਲਾਜ਼ਮੀ ਤੌਰ ਤੇ ਇਕ ਧਾਰਮਿਕ ਪੁਰਖ ਸਨ। ਉਨ੍ਹਾਂ ਦਾ ਮਨ ਫੋਕੀਆਂ ਰਸਮਾਂ, ਭੈੜੇ ਰਿਵਾਜਾਂ, ਬੇਕਾਰ ਰਿਵਾਇਤਾਂ ਨੂੰ ਦੇਖ ਕੇ ਬਹੁਤ ਦੁਖੀ ਹੋਇਆ। ਉਨ੍ਹਾਂ ਨੇ ਤਕੜਾਈ ਨਾਲ ਇਨ੍ਹਾਂ ਦੀ ਵਿਰੋਧਤਾ ਕੀਤੀ। ਇਕ ਸਾਫ ਦਿਲ ਧਾਰਮਿਕ ਨੇਤਾ ਹੋਣ ਕਰਕੇ ਉਹ ਹਿੰਦੂ ਧਰਮ ਵਿਚ ਬੁੱਤ ਪੂਜਾ ਅਤੇ ਕਈ ਦੇਵੀ ਦੇਵਤਿਆਂ ਦੀ ਹੋਂਦ ਨੂੰ ਬਰਦਾਸ਼ਤ ਨਾ ਕਰ ਸਕੇ। ਇਹ ਮਹਾਨ ਗੁਰੂ ਨੇ ਭਿਰਸ਼ਟ ਤੇ ਸਵਾਰਥੀ ਬ੍ਰਾਹਮਣਾਂ ਦੇ ਗਲਬੇ ਨੂੰ ਵੰਗਾਰਿਆ। ਉਨ੍ਹਾਂ ਨੇ ਲੋਕਾਂ ਨੂੰ ਸੇਧ ਦਿੱਤੀ ਕਿ ਇਕ ਸਰਵ ਸ਼ਕਤੀਮਾਨ ਪਰਮਾਤਮਾ ਦੀ ਭਗਤੀ ਕਰਨ ਤੇ ਗਰੀਬਾਂ ਤੇ ਘੁੰਮਣ ਦੀ ਬਜਾਏ, ਉਨ੍ਹਾਂ ਨੇ ਰੱਬ ਦਾ ਨਾਮ ਜਪਣ ਤੇ ਜ਼ੋਰ ਦਿੱਤਾ। ਗੁਰੂ ਨਾਨਕ ਨੇ ਮਹਿੰਗੀਆਂ ਤੇ ਗੁੰਝਲਦਾਰ ਰਸਮਾਂ ਦੀ ਬਜਾਏ ਸਾਦੀਆਂ ਤੇ ਸਸਤੀਆਂ ਰਸਮਾਂ ਕਰਨ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਨੇ ਲੋਕਾਂ ਦੀ ਸੋਚ ਨੂੰ ਤਰਕਪੂਰਣ ਬਣਾਇਆ। ਸਵੈ-ਭਰੋਸਾ ਲੋਕਾਂ ਦੇ ਜੀਵਨ ਦਾ ਅੰਗ ਬਣ ਗਿਆ।ਮੂਰਤੀ ਪੂਜਾ ਦਾ ਵਿਰੋਧ ਕਰਨ ਦੇ ਕਾਰਨ ਮੁਸਲਮਾਨ ਉਨ੍ਹਾਂ ਦੇ ਮਿੱਤਰ ਬਣ ਗਏ। ਹਿੰਦੂ ਅਤੇ ਮੁਸਲਮਾਨ ਇਕ ਦੂਜੇ ਦੇ ਨੇੜੇ ਵੀ ਆਏ। ਉਨ੍ਹਾਂ ਵਿਚ ਪਿਆਰ ਤੇ ਵਿਸ਼ਵਾਸ ਵਧਿਆ। ਧਾਰਮਿਕ ਸਹਿਨਸ਼ੀਲਤਾ ਪੈਦਾ ਹੋਈ। ਗੌਰਡਨ ਦੀ ਰਾਏ ਗੁਰੂ ਨਾਨਕ ਹੀ ਇਕ ਅਜਿਹਾ ਹਿੰਦੂ ਸੁਧਾਰਕ ਸਨ ਜਿਸ ਨੇ ਕੌਮੀ ਵਿਸ਼ਵਾਸ ਦੀ ਸਥਾਪਨਾ ਕੀਤੀ। ਉਹ ਆਮ ਲੋਕਾਂ ਵਿਚ ਉਠ ਕੇ ਇਕ ਮਹਾਨ ਪ੍ਰਚਾਰਕ ਤੇ ਸੁਧਾਰਕ ਬਣੇ ਅਤੇ ਇਸ ਵਿਸ਼ਵਾਸ ਦਾ ਪ੍ਰਚਾਰ ਪਕਿਆਈ ਨਾਲ ਕੀਤਾ ਤੇ ਲੋਕਾਂ ਨੂੰ ਇਕ ਮਹਾਨ ਧਾਰਮਿਕ ਕੌਮ ਬਣਨ ਲਈ ਜਗਾਇਆ। ਧਰਮ ਸਿਧਾਂਤ ਸਾਦਾ ਤੇ ਸਾਫ ਹੋ ਗਏ। ਸੱਚ ਸਮਾਜ ਦਾ ਧੁਰਾ ਬਣ ਗਿਆ।

### (ਅ) ਸਮਾਜਿਕ ਪ੍ਰਭਾਵ (Social Impact)

ਗੁਰੂ ਨਾਨਕ ਦੇ ਸਮਾਜਿਕ ਸੁਧਾਰ ਕਾਰਣ, ਸਮਕਾਲੀ ਸਮਾਜ ਵਿਚ ਅਨੇਕ ਵਰਨਣਯੋਗ ਤਬਦੀਲੀਆਂ ਆਈਆਂ, ਉਨ੍ਹਾਂ ਭਾਰਤੀ ਸਮਾਜ ਦੇ ਢਾਂਚੇ ਵਿੱਚ ਕਰਾਂਤੀਕਾਰੀ ਤਬਦੀਲੀ ਲਿਆਂਦੀ। ਗੁਰੂ ਨਾਨਕ ਨੇ ਸਭ ਤੋਂ ਵਧ ਨਿਸ਼ਾਨਾ ਜਾਤੀ ਪ੍ਰਥਾ ਨੂੰ ਬਣਾਇਆ। ਲੰਗਰ ਪ੍ਰਥਾ ਦਾ ਆਰੰਭ ਕਰਕੇ ਗੁਰੂ ਜੀ ਨੇ ਵੱਖ ਵੱਖ ਰੰਗਾਂ, ਜਾਤਾਂ, ਧਰਮਾਂ, ਨਸਲਾਂ ਤੇ ਕੌਮ ਦੇ ਲੋਕਾਂ ਨੂੰ ਇਕ ਥਾਂ ਤੇ ਇਕੱਠੇ ਕੀਤਾ ਅਤੇ ਲੋਕਾਂ ਨੇ ਸੰਪਰਦਾਇਕ ਭਾਵਨਾ ਦਾ ਤਿਆਗ ਕੀਤਾ। ਅਮੀਰ-ਗਰੀਬ, ਉੂਚ-ਨੀਚ ਤੇ ਛੂਤ-ਅਛੂਤ ਦਾ ਵਿਤਕਰਾ ਦੂਰ ਹੋਇਆ ਅਤੇ ਮਾਨਵ ਪਿਆਰ ਦਾ ਪਾਠ ਯਾਦ ਹੋਇਆ। ਲੋਕਾਂ ਨੇ ਸਮਾਜ ਵਿਚ ਇਸ ਨਵੀਂ ਤੇ ਵਧੀਆ ਤਬਦੀਲੀ ਦਾ ਸਵਾਗਤ ਕੀਤਾ। ਸਤੀ ਪ੍ਰਥਾ ਤੇ ਕੰਨਿਆ-ਹੱਤਿਆ ਦੀ ਨਿਖੇਧੀ ਕੀਤੀ ਗਈ। ਗੁਰੂ ਨਾਨਕ ਦੇ ਪ੍ਰਭਾਵ ਅਧੀਨ ਸਮਾਜਿਕ ਪੁਨਰ ਜਾਗਰਤੀ ਅਤੇ ਕੌਮੀ ਭਾਵਨਾ ਮਜ਼ਬੂਤ ਹੋਈ। ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਇਕੋ ਧਰਮ ਦੀ ਰਾਏ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਿਆ। ਧਾਰਮਿਕ ਇਕੱਠਾਂ ਵਿਚ ਹਿੰਦੂ ਅਤੇ ਮੁਸਲਮਾਨ ਦੋਵੇਂ ਸ਼ਾਮਲ ਹੁੰਦੇ ਸਨ। ਆਪਸੀ ਈਰਖਾ ਦੀ ਥਾਂ ਆਪਸੀ ਸਮਝ ਅਤੇ ਮਿੱਤਰਤਾ ਪੈਦਾ ਹੋਈ ਤੇ ਦਬੇ-ਕੁਚਲੇ ਛੋਟੀਆਂ ਜਾਤਾਂ ਦੇ ਲੋਕ ਸਮਾਨਤਾ ਦੀ ਮੰਗ ਕਰਨ ਲਗੇ। ਉਨ੍ਹਾਂ ਦਾ ਦਰਜਾ ਉੱਚਾ ਹੋਇਆ, ਗੁਰੂ ਦੇ ਪ੍ਰਭਾਵ ਅਧੀਨ ਉਨ੍ਹਾਂ ਨੂੰ ਆਦਰ ਮਾਣ ਦਾ ਦਰਜਾ ਦਿੱਤਾ ਜਾਣ ਲੱਗਾ। ਉਹ ਸਿੱਖ ਸੱਜਣ ਲੱਗੇ ਤੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ।

### (ੲ) ਰਾਜਨੀਤਿਕ ਪ੍ਰਭਾਵ (Political Impact)

ਉਸ ਵੇਲੇ ਦੇ ਮੁਸਲਮਾਨ ਸ਼ਾਸਕ ਜ਼ਾਲਮ ਸਨ। ਰਾਜ ਕਰਮਚਾਰੀ ਰਿਸ਼ਵਤਖੋਰ ਸਨ। ਰਾਜਤੰਤਰ ਦੀ ਮਸ਼ੀਨ ਵਿਗੜੀ ਪਈ ਸੀ। ਹਿੰਦੂ ਸਮਾਜ ਮੁਸਲਮਾਨ ਅਫਸਰਾਂ ਦੀ ਕੱਟੜਤਾ ਦਾ ਸ਼ਿਕਾਰ ਸੀ। ਮੁਗਲ ਹਮਲਵਾਰ ਬਾਬਰ ਨੇ ਭੋਲੇ

ਭਾਲੇ ਬੇਕਸੂਰ ਲੋਕਾਂ ਦਾ ਕਤਲੇਆਮ ਕੀਤਾ। ਗੁਰੂ ਨਾਨਕ ਨੇ ਜ਼ਾਲਮਾਂ ਦੇ ਖਿਲਾਫ ਨਿਡਰ ਹੋ ਕੇ ਆਵਾਜ਼ ਉਠਾਈ। ਗੁਰੂ ਨਾਨਕ ਨੇ ਆਪਣੇ ਸਮਕਾਲੀ ਲੋਕਾਂ ਦੇ ਰਾਜਨੀਤਿਕ ਅਧਿਕਾਰਾਂ ਦੀ ਅਣਹੋਂਦ ਬਾਰੇ ਵਿਚਾਰ ਕੀਤਾ ਤੇ ਟਿੱਪਣੀ ਕੀਤੀ ਕਿ ਪਾਪ ਰਾਜ ਹੈ, ਲਾਲਚ ਮੰਤਰੀ ਹੈ, ਝੂਠ ਸਿਕਦਾਰ ਹੈ ਤੇ ਕਾਮ-ਭੁਖ ਨਾਇਬ ਹੈ ਜਿਸ ਤੋਂ ਸਲਾਹ ਲਈ ਜਾਂਦੀ, ਅੰਧੀ ਪਰਜਾ ਗਿਆਨ ਵਿਹੂਣੀ ਮੁਰਦਿਆਂ ਵਾਂਗ ਨਜ਼ਰ ਆ ਰਹੀ ਹੈ :-

ਲਬ ਪਾਪ ਦੁਇ ਰਾਜਾ ਮਹਿਤਾ, ਕੂੜ ਹੋਆ ਸਿਕਦਾਰ
ਅੰਧੀ ਪਰਜਾ ਗਿਆਨ ਵਿਹੂਣੀ ਭਾਹਿ ਵਰੇ ਮੁਰਦਾਰ।

ਗੁਰੂ ਸਾਹਿਬ ਨੇ ਲੋਧੀ ਹਾਕਮਾਂ ਨੂੰ ਭਾਰਤ ਦੇ ਬਚਾਅ ਲਈ ਤਕੜਾ ਮੁਕਾਬਲਾ ਨਾ ਕਰਨ ਕਰਕੇ ਬੁਰਾ ਭਲਾ ਕਿਹਾ:-

ਰਤਨ ਵਿਗਾੜ ਵਿਗੋਇ ਕੁਤੀ, ਮੋਇਆ ਸਾਰ ਨਾ ਕਾਈ

ਭਾਵ ਲੋਧੀ ਰਾਜਿਆਂ ਨੇ ਹਿੰਦੁਸਤਾਨ, ਕੀਮਤੀ ਵਿਰਾਸਤ ਨੂੰ ਲੁਟਾ ਦਿੱਤਾ ਹੈ ਤੇ ਉਨ੍ਹਾਂ ਦੇ ਮਰਨ ਤੋਂ ਬਾਅਦ ਉਨ੍ਹਾਂ ਦਾ ਕੋਈ ਆਦਰ ਨਹੀਂ ਹੋਵੇਗਾ ਤੇ ਨਾ ਹੀ ਉਨ੍ਹਾਂ ਨੂੰ ਕੋਈ ਯਾਦ ਕਰੇਗਾ। ਖੁਸ਼ਵੰਤ ਸਿੰਘ ਅਨੁਸਾਰ ਉਨ੍ਹਾਂ ਦੇ ਰਾਜਨੀਤਿਕ ਖਿਆਲ ਵੀ ਧਾਰਮਿਕ ਤੇ ਪੰਥਕ ਉਪਦੇਸ਼ਾਂ ਜਿੰਨੇ ਹੀ ਮਹੱਤਵਪੂਰਣ ਸਨ। ਭਾਰਤ ਦੇ ਪੂਰੇ ਇਤਿਹਾਸ ਵਿਚ ਉਹ ਇਕ ਅਜਿਹੇ ਪ੍ਰਸਿੱਧ ਨੇਤਾ ਸਨ ਜਿਨ੍ਹਾਂ ਦੇ ਅਸਲ ਚੇਲਿਆਂ ਦੀ ਗਿਣਤੀ ਭਾਵੇਂ ਬਹੁਤੀ ਨਹੀਂ ਸੀ ਪਰ ਫਿਰ ਵੀ ਦੂਜੇ ਧਰਮਾਂ ਤੇ ਮਜ਼ਹਬਾਂ ਦੇ ਲੋਕਾਂ ਨੇ ਉਨ੍ਹਾਂ ਦੀ ਇਸ ਗੱਲ ਤੇ ਫੁੱਲ ਚੜ੍ਹਾਏ :-

ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ

ਭਾਵ ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ। ਇਸ ਵਿਚਾਰ ਨੇ ਹੀ ਪੰਜਾਬੀਅਤ ਤੇ ਪੰਜਾਬੀ ਕੌਮ ਦੀ ਭਾਵਨਾ ਨੂੰ ਜਨਮ ਦਿੱਤਾ। ਉਨ੍ਹਾਂ ਨੇ ਖੁਲ੍ਹੇ ਆਮ ਇਹ ਗੱਲ ਕਹੀ ਕਿ ਜ਼ਾਲਮਾਂ ਨੂੰ ਕੋਈ ਯਾਦ ਨਹੀਂ ਕਰੇਗਾ। ਉਨ੍ਹਾਂ ਦੀਆਂ ਸਿੱਖਿਆਵਾਂ ਦਾ ਬਹੁਤ ਹੀ ਅਸਰ ਹੋਇਆ ਤੇ ਅੰਤ ਇਸੇ ਅਸਰ ਦੇ ਅਧੀਨ ਦਸਮ ਗੁਰੂ ਦੇ ਵੇਲੇ ਖਾਲਸੇ ਦਾ ਜਨਮ ਹੋਇਆ ਜੋ ਗੁਰੂ ਦੁਆਰਾ ਪੇਸ਼ ਕੀਤੇ ਸਿਧਾਂਤਾਂ ਦੀ ਖਾਤਰ ਲੜਿਆ।

ਗੁਰੂ ਨਾਨਕ ਦੇਵ ਜੀ ਨੇ ਝੂਠ, ਧੋਖਾ, ਚੋਰੀ, ਨਸ਼ਿਆਂ ਅਤੇ ਬਦਕਾਰੀ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਇਨ੍ਹਾਂ ਬੁਰਾਈਆਂ ਨੂੰ ਨੰਗਾ ਕੀਤਾ ਤੇ ਇਨ੍ਹਾਂ ਦਾ ਸੁਧਾਰ ਦਾ ਰਸਤਾ ਦੱਸਿਆ। ਉਨ੍ਹਾਂ ਨੇ ਸਮਾਜ ਦੀ ਆਤਮਾ ਨੂੰ ਜਗਾਇਆ। ਜਿਵੇਂ ਕਿ ਗੰਡਾ ਸਿੰਘ ਦਾ ਕਹਿਣਾ ਹੈ, ''ਆਪਣੇ ਦੇਸ਼ ਦੀ ਬੇਚਾਰਗੀ ਨੂੰ ਦੇਖਦੇ ਹੋਏ ਉਨ੍ਹਾਂ ਨੇ ਲੋਕਾਂ ਲਈ ਸੱਚ ਦਾ ਰਸਤਾ ਲੱਭਿਆ।'' ਉਨ੍ਹਾਂ ਨੇ ਲੋਕਾਂ ਨੂੰ ਬੁਰੀਆਂ ਆਦਮਾਂ ਵਿਚ ਪੈਣੋਂ ਰੋਕਿਆ। ਡਾ. ਜੀ.ਸੀ. ਨਾਰੰਗ ਅਨੁਸਾਰ, ''ਪੰਜਾਬ ਦੇ ਹਿੰਦੂ, ਨਾਨਕ ਦੇ ਜਨਮ ਵੇਲੇ ਦੀ ਬਜਾਏ, ਉਨ੍ਹਾਂ ਦੇ ਕਾਰਣ ਉਨ੍ਹਾਂ ਦੇ ਮਰਨ ਵੇਲੇ ਨਿਸ਼ਚਿਤ ਤੌਰ ਤੇ ਵਧੀਆ ਸਨ। ਉਨ੍ਹਾਂ ਦੇ ਵਿਸ਼ਵਾਸ ਨੇਕ ਹੋਏ, ਪੂਜਾ ਪਵਿੱਤਰ ਹੋਈ, ਜਾਤੀ ਪ੍ਰਥਾ ਦਾ ਬੰਧਨ ਕਾਫੀ ਹੱਦ ਤਕ ਢਿੱਲਾ ਹੋਇਆ, ਉਨ੍ਹਾਂ ਦੇ ਮਨ ਵਿਚ ਪ੍ਰਕਾਸ਼ ਹੋਇਆ ਅਤੇ ਹੁਣ ਉਹ ਨਾਨਕ ਦੇ ਉਤਰਾਧਿਕਾਰੀਆਂ ਦੀ ਅਗਵਾਈ ਵਿਚ ਆਪਣੇ ਕੁਦਰਤੀ ਵਿਕਾਸ ਦੇ ਲਈ ਵਧੇਰੇ ਯੋਗ ਹੋ ਗਏ ਸਨ।'' ਗੁਰੂ ਨਾਨਕ ਮਾਨਵਤਾ ਨੂੰ ਆਤਮਿਕ ਵਿਕਾਸ ਵੱਲ ਲੈ ਗਏ। ਆਮ ਲੋਕਾਂ ਦੇ ਮਨ ਸਾਫ ਤੇ ਪਵਿੱਤਰ ਹੋਏ। ਉਨ੍ਹਾਂ ਨੇ ਹਿੰਦੂ ਵਿਚਾਰਧਾਰਾ ਨੂੰ ਝੰਜੋੜਿਆ ਅਤੇ ਪੰਜਾਬੀਆਂ ਦੀ ਅਖਲਾਕੀ ਤੇ ਆਤਮਿਕ ਦਸ਼ਾ ਵਿਚ ਸੁਧਾਰ ਕੀਤਾ। ਤੇਜਾ ਸਿੰਘ ਤੇ ਗੰਢਾ ਸਿੰਘ, ਗੁਰੂ ਨਾਨਕ ਦੇਵ ਜੀ ਦੇ ਕੰਮਾਂ ਦਾ ਲੇਖਾ ਜੋਖਾ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦਾ ਪੱਕਾ ਭਰੋਸਾ ਸੀ ਕਿ ਜਿੰਨਾ ਚਿਰ ਲੋਕ ਅਗਿਆਨਤਾ ਅਤੇ ਭ੍ਰਿਸ਼ਟਾਚਾਰ ਵਿਚ ਫਸੇ ਹੋਏ ਹਨ ਉਨ੍ਹਾਂ ਲਈ ਕੁਝ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਲੋਕਾਂ ਨੂੰ ਅਣਗਿਣਤ ਦੇਵੀ-ਦੇਵਤਿਆਂ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਇਆ ਅਤੇ ਉਨ੍ਹਾਂ ਨੂੰ ਇਕ ਪ੍ਰਮਾਤਮਾ, ਜੋ ਕਰਤਾ ਹੈ, ਪਾਲਕ ਹੈ ਭਾਵੇਂ ਉਸ ਦਾ ਕੋਈ ਵੀ ਨਾਮ ਹੈ, ਮੰਨਣ ਦੀ ਪ੍ਰੇਰਨਾ ਦਿੱਤੀ। ਉਸ ਦੀ ਪਰਛਾਈ ਦੇ ਰੂਪ ਵਿਚ ਪੂਜਾ ਨਹੀਂ ਕੀਤੀ ਜਾ ਸਕਦੀ ਸਗੋਂ ਭਾਰਤ ਨੇ ਉਸ ਦੇ ਨਾਮ ਦਾ ਅਭਿਆਸ ਕਰਨਾ ਹੈ। ਉਸ ਦੇ ਨਾਂ ਤੋਂ ਉਸ ਦੀ ਹੋਂਦ ਨੂੰ ਮਹਿਸੂਸ ਕਰਨਾ ਹੈ। ਅਵਤਾਰ ਨਹੀਂ ਹੁੰਦੇ ਤੇ ਨਾ ਹੀ ਆਕਾਸ਼ ਬਾਣੀ ਜਾਂ ਖਾਸ ਇਲਹਾਮ। ਮਨੁੱਖ, ਪਰਮਾਤਮਾ ਦਾ ਅਜਬ ਚਮਤਕਾਰ ਹੈ। ਪਰਮਾਤਮਾ ਮਨੁੱਖ ਦੇ ਮਨਾਂ ਵਿਚ ਵਸਦਾ ਤੇ ਪ੍ਰਗਟ ਹੁੰਦਾ ਹੈ। ਆਦਮੀ ਦੇ ਨਾਲ ਨਾਲ ਇਸਤਰੀ ਦਾ ਦਰਜਾ ਉੱਚਾ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ।

### 1.2.6.2 ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ :

ਗੁਰੂ ਨਾਨਕ ਦੇਵ ਜੀ, ਭਾਈ ਬਾਲਾ, ਬਾਬਰ, ਕਰਤਾਰਪੁਰ, ਸੁਲੱਖਣੀ, ਸਿਕੰਦਰ ਲੋਧੀ, ਨੂਰੀਸ਼ਾਹੀ, ਮੱਕਾ, ਕ੍ਰਾਂਤੀਕਾਰੀ, ਸੰਗਤ, ਪੰਗਤ, ਸੱਚਖੰਡ।

**1.2.6.3 ਵਿਦਿਆਰਥੀਆਂ ਦੇ ਅਭਿਆਸ ਲਈ ਪ੍ਰਸ਼ਨ:**

1. ਗੁਰੂ ਨਾਨਕ ਦੇਵ ਜੀ ਦੇ ਜੀਵਨ ਉੱਤੇ ਨੋਟ ਲਿਖੋ?
2. ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਉੱਤੇ ਵਿਸਥਾਰ ਪੂਰਵਕ ਚਰਚਾ ਕਰੋ?
3. ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਵਰਣਨ ਕਰੋ? ਇਨ੍ਹਾਂ ਦੇ ਸਮਾਜ ਉੱਤੇ ਕੀ ਪ੍ਰਭਾਵ ਪਏ?
4. ਕੀ ਗੁਰੂ ਨਾਨਕ ਦੇਵ ਜੀ ਕ੍ਰਾਂਤੀਕਾਰੀ ਸਨ ਜਾਂ ਸੁਧਾਰਕ? ਚਰਚਾ ਕਰੋ।
5. 'ਸੰਗਤ' ਤੋਂ ਕੀ ਭਾਵ ਹੈ? ਇਸਦੀ ਮਹੱਤਤਾ ਲਿਖੋ?
6. ਸਿੰਕਦਰ ਲੋਧੀ ਉੱਤੇ ਨੋਟ ਲਿਖੋ?

ਪਾਠ ਨੰ. 1.3 (ੲ)

# ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੇ ਸਮੇਂ ਸਿੱਖ ਧਰਮ ਦਾ ਵਿਕਾਸ

ਪਾਠ ਦੀ ਬਣਤਰ:

1.3.1 ਗੁਰੂ ਅੰਗਦ ਦੇਵ ਜੀ (1539 ਈ: 1552 ਈ:)
1.3.2 ਗੁਰ ਗੱਦੀ ਦੀ ਪ੍ਰਾਪਤੀ ਤੇ ਉਸ ਦੀ ਮਹੱਤਤਾ
1.3.3 ਸਿੱਖ ਮੱਤ ਦੇ ਵਿਕਾਸ ਲਈ ਕੰਮ
1.3.4 ਉੱਤਰ-ਅਧਿਕਾਰੀ ਦੀ ਨਿਯੁਕਤੀ
1.3.2.1 ਗੁਰੂ ਅਮਰਦਾਸ ਜੀ
1.3.2.2 ਗੁਰ-ਗੱਦੀ ਪ੍ਰਾਪਤ ਕਰਨ ਸਮੇਂ ਔਕੜਾਂ
1.3.2.3 ਬਾਬਾ ਸ੍ਰੀ ਚੰਦ ਜੀ ਦਾ ਵਿਰੋਧ
1.3.2.4 ਗੋਇੰਦਵਾਲ ਦੇ ਮੁਸਲਮਾਨਾਂ ਦਾ ਵਿਰੋਧ
1.3.2.5 ਹਿੰਦੂਆਂ ਵਲੋਂ ਵਿਰੋਧ
1.3.3.1 ਸਿੱਖ ਮੱਤ ਦੇ ਸੰਗਠਨ ਅਤੇ ਵਿਕਾਸ ਲਈ ਕੰਮ
1.3.4.1 ਗੁਰੂ ਰਾਮਦਾਸ ਜੀ (1574 ਈ: 1581 ਈ:)
1.3.5.1 ਸਿੱਖ ਧਰਮ ਦੇ ਵਿਕਾਸ ਲਈ ਕੰਮ
1.3.5.2 ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ
1.3.5.3 ਵਿਦਿਆਰਥੀ ਦੇ ਅਭਿਆਸ ਲਈ ਪ੍ਰਸ਼ਨ

**ਪਾਠ ਦਾ ਉਦੇਸ਼:** 1. ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਰਾਮਦਾਸ ਜੀ ਤੱਕ ਸਿੱਖ ਧਰਮ ਦੇ ਸੰਗਠਨ ਅਤੇ ਵਿਕਾਸ ਸੰਬੰਧੀ ਚਰਚਾ।

2. ਗੁਰੂ ਗੱਦੀ ਪ੍ਰਾਪਤੀ ਸੰਬੰਧੀ ਗੁਰੂ ਅੰਗਦ ਦੇਵ ਅਤੇ ਗੁਰੂ ਅਮਰਦਾਸ ਜੀ ਨੂੰ ਆਈਆਂ ਔਕੜਾਂ ਸੰਬੰਧੀ ਚਰਚਾ।
3. ਵਿਕਾਸ ਸੰਬੰਧੀ ਕੀਤੇ ਗਏ ਕੰਮਾਂ ਦਾ ਸਮਾਜਿਕ ਢਾਂਚੇ ਉੱਤੇ ਅਸਰ।
4. ਮਸੰਦ ਪ੍ਰਥਾ ਦੇ ਆਰੰਭ ਅਤੇ ਵਿਕਾਸ ਬਾਰੇ ਗਿਆਨ।

## 1.3.1 ਗੁਰੂ ਅੰਗਦ ਦੇਵ ਜੀ (1539 ਈ: 1552 ਈ:)

**(ੳ) ਮੁੱਢਲਾ ਜੀਵਨ (Early Life) :-** ਗੁਰੂ ਅੰਗਦ ਦੇਵ ਜੀ ਜਿਨ੍ਹਾਂ ਦਾ ਪਹਿਲਾ ਨਾਂ ਲਹਿਣਾ ਸੀ, ਸਿੱਖਾਂ ਦੇ ਦੂਜੇ ਗੁਰੂ ਸਨ। ਉਹ ਮੁਕਤਸਰ ਦੇ ਲਾਗੇ ਮੱਤੇ ਦੀ ਸਰਾਏ ਵਿਖੇ 31 ਮਾਰਚ, 1504 ਈ. ਨੂੰ ਪੈਦਾ ਹੋਏ। ਉਨ੍ਹਾਂ ਦੇ ਪਿਤਾ ਫੇਰੂ ਮਲ, ਜਾਤ ਦੇ ਖੱਤਰੀ ਸਨ ਤੇ ਮਾਤਾ ਜੀ ਦਾ ਨਾਂ ਦਇਆ ਕੌਰ ਸੀ। ਲਹਿਣਾ ਜੀ ਦੇ ਜਨਮ ਪਿਛੋਂ ਉਨ੍ਹਾਂ ਦੇ ਪਿਤਾ ਪਰਿਵਾਰ ਸਮੇਤ ਹਰੀਕੇ ਅਤੇ ਫਿਰ ਖਡੂਰ ਸਾਹਿਬ ਚਲੇ ਗਏ। ਇਸ ਲਈ ਲਹਿਣਾ ਜੀ ਦੀ ਬਾਲ ਵਿਵਸਥਾ ਦਾ ਜ਼ਿਆਦਾ ਹਿੱਸਾ ਖਡੂਰ ਸਾਹਿਬ ਹੀ ਬੀਤਿਆ। ਇਥੇ ਹੀ 15 ਸਾਲ ਦੀ ਉਮਰ ਵਿੱਚ ਉਨ੍ਹਾਂ ਦਾ ਵਿਆਹ ਦੇਵੀ ਚੰਦ ਦੀ ਪੁੱਤਰੀ ਖੀਵੀ ਜੀ ਨਾਲ ਕਰ ਦਿੱਤਾ ਗਿਆ। ਉਨ੍ਹਾਂ ਦੇ ਘਰ ਦੋ ਪੁੱਤਰਾਂ ਅਤੇ ਦੋ ਧੀਆਂ ਨੇ ਜਨਮ ਲਿਆ। ਉਨ੍ਹਾਂ ਦੇ ਪੁੱਤਰਾਂ ਦੇ ਨਾਂ ਦਾਤੂ ਅਤੇ ਦਾਸੂ ਤੇ ਧੀਆਂ ਦੇ ਨਾਂ ਅਮਰੋ ਅਤੇ ਅਨੋਖੀ ਸਨ।

ਲਹਿਣਾ ਜੀ ਬਚਪਨ ਤੋਂ ਹੀ ਧਾਰਮਿਕ ਵਿਚਾਰਾਂ ਦੇ ਸਨ। ਗੁਰੂ ਨਾਨਕ ਦੇ ਸਿੱਖ ਬਣਨ ਤੋਂ ਪਹਿਲਾਂ ਉਹ ਦੁਰਗਾ ਦੇਵੀ ਦੇ ਭਗਤ ਸਨ ਅਤੇ ਹਰ ਸਾਲ ਜਵਾਲਾਮੁੱਖੀ ਦੇ ਤੀਰਥ-ਅਸਥਾਨ ਦੀ ਯਾਤਰਾ ਕਰਨ ਲਈ ਜਾਇਆ ਕਰਦੇ ਸਨ।

ਇੱਕ ਦਿਨ ਉਨ੍ਹਾਂ ਨੇ ਮਾਈ ਜੋਧਾ ਦੇ ਮੁੱਖ ਤੋਂ ਗੁਰੂ ਨਾਨਕ ਦੀ ਬਾਣੀ ਸੁਣੀ। ਇਸ ਦਾ ਉਨ੍ਹਾਂ ਦੇ ਮਨ ਤੇ ਡੂੰਘਾ ਅਸਰ ਪਿਆ ਤੇ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਮਿਲਣ ਦਾ ਨਿਸ਼ਚਾ ਕਰ ਲਿਆ। ਅਗਲੇ ਸਾਲ ਜਦੋਂ ਉਹ ਜਵਾਲਾਮੁਖੀ ਦੀ ਯਾਤਰਾ ਕਰਨ ਗਏ ਤਾਂ ਰਸਤੇ ਵਿੱਚ ਗੁਰੂ ਨਾਨਕ ਦੇ ਦਰਸ਼ਨਾਂ ਲਈ ਰੁਕੇ। ਉਹ ਗੁਰੂ ਸਾਹਿਬ ਦੀ ਸ਼ਖਸੀਅਤ ਅਤੇ ਬਾਣੀ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੇ ਸਿੱਖ ਬਣ ਗਏ।

**1.3.2 ਗੁਰ ਗੱਦੀ ਦੀ ਪ੍ਰਾਪਤੀ ਤੇ ਉਸ ਦੀ ਮਹੱਤਤਾ :-** 1539 ਈ. ਵਿਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਨਾਨਕ ਨੇ ਆਪਣਾ ਉੱਤਰ-ਅਧਿਕਾਰੀ ਨਿਯੁਕਤ ਕਰਨ ਦਾ ਨਿਸ਼ਚਾ ਕੀਤਾ। ਉਨ੍ਹਾਂ ਨੇ ਆਪਣੇ ਪੁੱਤਰਾਂ ਅਤੇ ਸਿੱਖਾਂ ਦੀਆਂ ਕਈ ਪ੍ਰੀਖਿਆਵਾਂ ਲਈਆਂ ਅਤੇ ਅੰਤ ਭਾਈ ਲਹਿਣਾ ਜੀ ਨੂੰ ਸਭ ਤੋਂ ਯੋਗ ਸਮਝਿਆ। ਗੁਰੂ ਸਾਹਿਬ ਭਾਈ ਲਹਿਣਾ ਦੀ ਸੇਵਾ-ਭਾਵ ਅਤੇ ਨਿਮਰਤਾ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੇ ਸਾਹਮਣੇ ਪੰਜ ਪੈਸੇ ਤੇ ਇੱਕ ਨਾਰੀਅਲ ਰੱਖ ਕੇ ਗੁਰ-ਗੱਦੀ ਸੌਂਪ ਦਿੱਤੀ। ਉਨ੍ਹਾਂ ਨੇ ਭਾਈ ਲਹਿਣੇ ਨੂੰ 'ਅੰਗਦ' ਅਰਥਾਤ 'ਆਪਨੇ ਸਰੀਰ ਦਾ ਅੰਗ' ਦਾ ਨਾਂ ਵੀ ਦਿੱਤਾ।

ਡਾ. ਇੰਦੂ ਭੂਸ਼ਣ ਬੈਨਰਜੀ ਦੇ ਕਥਨ ਅਨੁਸਾਰ ''ਅੰਗਦ ਜੀ ਦਾ ਗੁਰੂ ਥਿੱਥੇ ਜਾਣਾ ਇੱਕ ਬਹੁਤ ਹੀ ਮਹੱਤਵਪੂਰਨ ਘਟਨਾ ਸੀ। ਇਸ ਨਾਲ ਗੁਰੂ ਨਾਨਕ ਦੁਆਰਾ ਚਲਾਈ ਗਈ ਲਹਿਰ ਦੀ ਅਗਵਾਈ ਇੱਕ ਨਿਸ਼ਚਿਤ ਨੇਤਾ ਦੇ ਹੱਥਾਂ ਵਿਚ ਆ ਗਈ ਅਤੇ ਉਸ ਨੂੰ ਸ਼ੁਰੂ ਤੋਂ ਹੀ ਇੱਕ ਵਿਸ਼ੇਸ਼ ਰੂਪ ਪ੍ਰਾਪਤ ਹੋ ਸਕਿਆ।'' ਜੇ ਗੁਰੂ ਨਾਨਕ ਆਪਣਾ ਉੱਤਰ-ਅਧਿਕਾਰੀ ਨਿਯੁਕਤ ਨਾ ਕਰਦੇ ਤਾਂ ਹੋ ਸਕਦਾ ਸੀ ਉਨ੍ਹਾਂ ਪਿਛੋਂ ਉਨ੍ਹਾਂ ਦੇ ਅਨੁਯਾਈ ਖਿੰਡ-ਪੁੰਡ ਕੇ ਲੋਪ ਹੋ ਜਾਂਦੇ, ਭਾਵ ਹਿੰਦੂ ਧਰਮ ਵਿੱਚ ਹੀ ਘੁਲ ਮਿਲ ਜਾਂਦੇ।

### 1.3.3 ਸਿੱਖ ਮੱਤ ਦੇ ਵਿਕਾਸ ਲਈ ਕੰਮ
### (Works for the Development of Sikhism)

ਗੁਰੂ ਅੰਗਦ 1539 ਤੋਂ ਲੈ ਕੇ 1552 ਈ. ਤੱਕ ਗੁਰ-ਗੱਦੀ ਤੇ ਬਿਰਾਜਮਾਨ ਰਹੇ। ਇਸ ਸਮੇਂ ਦੌਰਾਨ ਉਨ੍ਹਾਂ ਨੇ ਸਿੱਖ ਮੱਤ ਦੇ ਵਿਕਾਸ ਲਈ ਕੁਝ ਮਹੱਤਵਪੂਰਨ ਕੰਮ ਕੀਤੇ ਜਿਨ੍ਹਾਂ ਦਾ ਵੇਰਵਾ ਅੱਗੇ ਦਿੱਤਾ ਜਾਂਦਾ ਹੈ।

**(ੳ) ਗੁਰਮੁਖੀ ਲਿਪੀ ਦਾ ਪ੍ਰਚਾਰ (Preaching of Gurmukhi Script) :-** ਗੁਰੂ ਅੰਗਦ ਦੇਵ ਜੀ ਦੀ ਸਿੱਖ ਮੱਤ ਲਈ ਪਹਿਲੀ ਮਹਾਨ ਸੇਵਾ ਇਹ ਸੀ ਕਿ ਉਨ੍ਹਾਂ ਨੇ ਗੁਰਮੁਖੀ ਲਿਪੀ ਦਾ ਪ੍ਰਚਾਰ ਕਰਕੇ ਇਸ ਨੂੰ ਸਿੱਖਾਂ ਵਿੱਚ ਹਰਮਨ-ਪਿਆਰੀ ਬਣਾ ਦਿੱਤਾ। ਕੁਝ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਇਸ ਲਿਪੀ ਨੂੰ ਬਣਾਉਣ ਦਾ ਸਿਹਰਾ ਗੁਰੂ ਅੰਗਦ ਦੇਵ ਜੀ ਨੂੰ ਹੀ ਪ੍ਰਾਪਤ ਹੈ। ਉਨ੍ਹਾਂ ਤੋਂ ਪਹਿਲਾਂ ਪੰਜਾਬ ਵਿਚ ਲੰਡੇ ਨਾਂ ਦੀ ਲਿਪੀ ਪ੍ਰਚਲਿਤ ਸੀ, ਜਿਸ ਵਿੱਚ ਕਈ ਤਰੁੱਟੀਆਂ ਪਾਈਆਂ ਜਾਂਦੀਆਂ ਸਨ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਗੁਰੂ ਨਾਨਕ ਦੀ ਬਾਣੀ ਨੂੰ ਇਸ ਲਿਪੀ ਵਿੱਚ ਕਿਧਰੇ ਲੋਕ ਗਲਤ ਨਾ ਪੜ੍ਹਨਾ ਸ਼ੁਰੂ ਕਰ ਦੇਣ। ਇਸ ਲਈ ਉਨ੍ਹਾਂ ਨੇ ਇਸ ਲਿਪੀ ਨੂੰ ਸੁਧਾਰ ਕੇ ਇੱਕ ਨਵੀਂ ਲਿਪੀ ਨੂੰ ਜਨਮ ਦਿੱਤਾ, ਜਿਸ ਦਾ ਨਾਂ 'ਗੁਰਮੁਖੀ' ਅਰਥਾਤ ਗੁਰੂ ਦੇ ਮੁੱਖ ਤੋਂ ਨਿਕਲੀ ਹੋਈ ਭਾਸ਼ਾ ਸੀ। ਪਰ ਕੁਝ ਵਿਦਵਾਨ ਇਸ ਵਿਚਾਰ ਨਾਲ ਸਹਿਮਤ ਨਹੀਂ, ਉਨ੍ਹਾਂ ਦਾ ਕਹਿਣਾ ਹੈ ਕਿ ਲਿਪੀ ਗੁਰੂ ਨਾਨਕ ਦੇ ਸਮੇਂ ਤੋਂ ਪ੍ਰਚਲਿੱਤ ਸੀ। ਆਪਣੇ ਵਿਚਾਰ ਦੀ ਪੁਸ਼ਟੀ ਲਈ ਉਹ ਗੁਰੂ ਨਾਨਕ ਦੇਵ ਜੀ ਦੀ 'ਰਾਗ ਆਸਾ' ਵਿੱਚ ਦਿੱਤੀ 'ਪੱਟੀ' ਦਾ ਹਵਾਲਾ ਦੇਂਦੇ ਹਨ ਜਿਸ ਵਿੱਚ ਗੁਰਮੁਖੀ ਲਿਪੀ ਦੇ ਸਾਰੇ 35 ਅੱਖਰਾਂ ਦੀ ਵਰਤੋਂ ਕੀਤੀ ਗਈ ਹੈ। ਕੁਝ ਵੀ ਹੋਵੇ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰੂ ਅੰਗਦ ਦੇਵ ਜੀ ਨੇ ਦੇਵਨਾਗਰੀ ਲਿਪੀ ਤੋਂ ਕੁਝ ਅੱਖਰ ਗ੍ਰਹਿਣ ਕਰਕੇ ਇਸ ਨੂੰ ਸੁਧਾਰਿਆ ਅਤੇ ਸਿੱਖਾਂ ਵਿਚ ਹਰਮਨ ਪਿਆਰੀ ਬਣਾਇਆ।

ਗੁਰਮੁਖੀ ਲਿਪੀ ਸਿੱਖ-ਮੱਤ ਦੇ ਵਿਕਾਸ ਵਿੱਚ ਬੜੀ ਮਹੱਤਤਾ ਰੱਖਦੀ ਹੈ। ਇਸ ਲਿਪੀ ਵਿੱਚ ਹੀ ਗੁਰੂ ਨਾਨਕ ਦੇਵ ਜੀ ਅਤੇ ਦੂਜੇ ਗੁਰੂਆਂ ਦੀ ਬਾਣੀ ਨੂੰ ਲਿਖਿਆ ਗਿਆ ਹੈ ਤੇ ਸਿੱਖਾਂ ਨੂੰ ਗੁਰੂ ਦੀ ਬਾਣੀ ਦਾ ਨਿਸ਼ਚਿਤ ਅਤੇ ਸ਼ੁੱਧ ਰੂਪ ਵਿੱਚ ਗਿਆਨ ਪ੍ਰਾਪਤ ਹੋਣ ਲੱਗਾ। ਦੂਜੇ, ਗੁਰਮੁਖੀ ਦੇ ਪ੍ਰਚਾਰ ਨਾਲ ਸੰਸਕ੍ਰਿਤ ਦੀ ਮਹੱਤਤਾ ਘੱਟ ਗਈ ਅਤੇ ਨਾਲ ਹੀ ਸਿੱਖ ਸਮਾਜ ਵਿਚ ਬ੍ਰਾਹਮਣਾਂ ਦਾ ਪ੍ਰਭਾਵ ਵੀ ਘੱਟ ਹੋ ਗਿਆ। ਤੀਜੇ, ਗੁਰੂ ਦੀ ਬਾਣੀ ਦਾ ਲੋਕਾਂ ਦੀ ਆਪਣੀ ਭਾਸ਼ਾ ਵਿੱਚ ਹੋਣ ਦੇ ਕਾਰਨ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਦੇ ਮਨਾਂ ਤੇ ਪ੍ਰਭਾਵ ਪਿਆ। ਚੌਥੇ, ਜਿਵੇਂ ਕਿ ਸਰ ਗੋਲਕ ਚੰਦ ਨਾਰੰਗ ਲਿਖਦੇ ਹਨ, ''ਨਵੀਂ ਲਿਪੀ ਦਾ ਨਾਂ ਲਿਪੀ ਦੀ ਵਰਤੋਂ ਕਰਨ ਵਾਲਿਆਂ ਨੂੰ ਗੁਰੂ ਦੇ ਵੱਲ ਕਰਤੱਵ ਦੀ ਯਾਦ ਦਿਲਾਉਂਦਾ ਸੀ ਅਤੇ ਉਨ੍ਹਾਂ ਦੇ ਮਨ ਵਿੱਚ ਇਹ ਭਾਵ ਸਦਾ ਜਗਾਈ ਰੱਖਦਾ ਸੀ ਕਿ ਉਹ ਆਮ ਹਿੰਦੂਆਂ ਨਾਲੋਂ ਕੁਝ ਵੱਖਰੇ ਸਨ।''

**(ਅ) ਭਾਈ ਬਾਲਾ ਦੀ ਜਨਮ ਸਾਖੀ ਦਾ ਸੰਕਲਨ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸੰਗ੍ਰਹਿ (Compilation of Bhai Bala's Janamsakhi & Collection of Guru Nanak's Hymns) :-** ਇੱਕ ਪ੍ਰਚਲਤ ਵਿਚਾਰ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਸਿੱਖ ਧਰਮ ਲਈ ਦੂਜਾ ਵੱਡਾ ਕੰਮ ਇਹ ਕੀਤਾ ਕਿ ਉਨ੍ਹਾਂ ਨੇ ਗੁਰੂ ਨਾਨਕ ਜੀ ਦੇ ਜੀਵਨ ਸੰਬੰਧੀ ਸਾਖੀਆ ਦਾ ਸੰਕਲਨ ਕੀਤਾ। ਉਨ੍ਹਾਂ ਨੇ ਭਾਈ ਬਾਲੇ ਨੂੰ ਜੋ ਗੁਰੂ ਨਾਨਕ ਜੀ ਦਾ ਬਚਪਨ ਤੋਂ ਸਾਥੀ ਰਿਹਾ ਸੀ, ਖਡੂਰ ਸਾਹਿਬ ਵਿੱਚ ਬੁਲਾਇਆ ਅਤੇ ਉਸ ਤੋਂ ਗੁਰੂ ਸਾਹਿਬ ਦੇ ਜੀਵਨ ਸੰਬੰਧੀ ਸਾਰੀਆਂ ਘਟਨਾਵਾਂ ਪੁੱਛੀਆਂ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਜਨਮ ਦੀ ਸਾਖੀ ਲਿਖੀ ਗਈ ਅਤੇ ਫਿਰ ਉਨ੍ਹਾਂ ਦੇ ਜੀਵਨ ਤੇ ਦੂਜੀਆਂ ਸਾਖੀਆਂ ਲਿਖੀਆਂ ਗਈਆਂ। ਇਨ੍ਹਾਂ ਸਾਖੀਆਂ ਦੇ ਸੰਗ੍ਰਹਿ ਨੂੰ ਪਹਿਲੀ ਸਾਖੀ ਦੇ ਨਾਂ ਤੇ ਹੀ 'ਜਨਮ ਸਾਖੀ' ਕਿਹਾ ਜਾਣ ਲੱਗਾ। ਇਸ ਨੂੰ ਭਾਈ ਬਾਲੇ ਦੀ 'ਜਨਮ ਸਾਖੀ' ਵੀ ਕਿਹਾ ਜਾਂਦਾ ਹੈ। ਪਰ ਮੈਕਾਲਿਫ, ਮੈਕਲੋਡ ਅਤੇ ਬੈਨਰਜੀ ਵਰਗੇ ਇਤਿਹਾਸਕਾਰ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ ਕਿ ਇਹ ਜਨਮ ਸਾਖੀ ਗੁਰੂ ਅੰਗਦ ਦੇਵ ਦੇ ਵੇਲੇ ਲਿਖੀ ਗਈ। ਇਹ ਸੰਭਵ ਹੈ ਕਿ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਜਨਮ-ਪੱਤਰੀ ਪ੍ਰਾਪਤ ਕੀਤੀ ਹੋਵੇ ਅਤੇ ਭਾਈ ਪੈੜਾਂ ਮੋਖਾਂ ਤੋਂ ਉਸ ਦਾ ਪੰਜਾਬੀ ਲਿਪੀ ਵਿਚ ਅਨੁਵਾਦ ਕਰਵਾਇਆ ਹੋਵੇ। ਗੁਰੂ ਨਾਨਕ ਦੇਵ ਜੀ ਦੀ ਰਚੀ ਬਾਣੀ ਦੀ ਰਚਨਾ ਕੀਤੀ ਅਤੇ ਇਹ ਕਈ ਥਾਵਾਂ ਤੇ ਉਨ੍ਹਾਂ ਦੇ ਸਿੱਖਾਂ ਕੋਲ ਖਿੰਡਰੀ ਪਈ ਸੀ, ਚਾਹੇ ਗੁਰੂ ਸਾਹਿਬ ਨੇ ਅਧਿਕਤਰ ਬਾਣੀ ਗੁਰੂ ਅੰਗਦ ਦੇਵ ਜੀ ਨੂੰ ਆਪਣੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਹੀ ਦੇ ਦਿੱਤੀ ਸੀ। ਗੁਰੂ ਸਾਹਿਬ ਨੇ ਵੱਖ-ਵੱਖ ਥਾਵਾਂ ਤੇ ਖਿੰਡੀ ਬਾਣੀ ਨੂੰ ਸਿੱਖਾਂ ਕੋਲੋਂ ਪ੍ਰਾਪਤ ਕਰਨ ਦਾ ਕੰਮ ਆਪਣੇ ਹੱਥਾਂ ਵਿੱਚ ਲਿਆ ਅਤੇ ਉਨ੍ਹਾਂ ਨੂੰ ਇਸ ਕਾਰਜ ਵਿੱਚ ਸਫਲਤਾ ਪ੍ਰਾਪਤ ਹੋਈ। ਇਸ ਤਰ੍ਹਾਂ ਗੁਰਬਾਣੀ ਨੂੰ ਇਕੱਠਾ ਕਰਨ ਦਾ ਸਿਹਰਾ ਗੁਰੂ ਅੰਗਦ ਸਾਹਿਬ ਦੇ ਸਿਰ ਹੈ ਤੇ ਇਹ ਆਦਿ ਗ੍ਰੰਥ ਦੇ ਸੰਕਲਨ ਦੇ ਮਹਾਨ ਕੰਮ ਵੱਲ ਪਹਿਲਾ ਕਦਮ ਸੀ।

**(ੲ) ਲੰਗਰ ਦੀ ਸੰਸਥਾ (Langar Institution) :-** ਗੁਰੂ ਅੰਗਦ ਦੇਵ ਨੇ ਗੁਰੂ ਨਾਨਕ ਦੁਆਰਾ ਸਥਾਪਿਤ ਲੰਗਰ ਸੰਸਥਾ ਨੂੰ ਕੇਵਲ ਜਾਰੀ ਹੀ ਨਾ ਰੱਖਿਆ ਸਗੋਂ ਉਸ ਦਾ ਵਿਸਥਾਰ ਵੀ ਕੀਤਾ। ਉਨ੍ਹਾਂ ਨੇ ਆਪਣੀ ਧਰਮ ਪਤਨੀ ਖੀਵੀ ਨੂੰ ਲੰਗਰ ਦਾ ਸਾਰਾ ਪ੍ਰਬੰਧ ਕਰਨ ਦਾ ਕਾਰਜ ਸੌਂਪਿਆ। ਇਸ ਦਾ ਖਰਚ ਸਿੱਖਾਂ ਦੀਆਂ ਗੁਰੂ ਅੱਗੇ ਚੜ੍ਹਾਈਆਂ ਗਈਆਂ ਭੇਟਾਵਾਂ ਨਾਲ ਚਲਾਇਆ ਜਾਂਦਾ ਸੀ। ਗੁਰੂ ਸਾਹਿਬ ਚੜ੍ਹਾਵੇ ਦਾ ਇੱਕ ਪੈਸਾ ਵੀ ਆਪਣੇ ਪਾਸ ਨਹੀਂ ਸਨ ਰਖਦੇ ਅਤੇ ਨਾਂ ਹੀ ਉਹ ਲੰਗਰ ਤੋਂ ਖਾਣਾ ਖਾਂਦੇ ਸਨ। ਉਹ ਮੁੰਜ ਦਾ ਵਾਣ ਵੱਟ ਕੇ ਆਪਣੀ ਰੋਜ਼ੀ ਕਮਾਉਂਦੇ ਸਨ। ਲੰਗਰ ਵਿਚੋਂ ਗਰੀਬਾਂ, ਕੰਮ ਨਾ ਕਰ ਸਕਣ ਵਾਲੇ ਫਕੀਰਾਂ ਅਤੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਬਾਹਰੋਂ ਆਉਣ ਵਾਲੇ ਲੋਕਾਂ ਨੂੰ ਮੁਫਤ ਖਾਣਾ ਦਿੱਤਾ ਜਾਂਦਾ ਸੀ। ਅਮੀਰ, ਗਰੀਬ ਅਤੇ ਉੱਚੇ-ਨੀਵੇਂ ਲੋਕਾਂ ਨੂੰ ਇੱਕ ਪੰਗਤ (ਲਾਈਨ) ਵਿੱਚ ਬੈਠ ਕੇ ਭੋਜਨ ਖਾਣਾ ਪੈਂਦਾ ਸੀ।

ਲੰਗਰ ਦੀ ਸੰਸਥਾ ਨਾਲ ਸਿੱਖਾਂ ਵਿਚ ਜਾਤ-ਪਾਤ ਦਾ ਭੇਦ-ਭਾਵ ਸਮਾਪਤ ਹੋ ਗਿਆ ਅਤੇ ਉਨ੍ਹਾਂ ਵਿੱਚ ਧਾਰਮਿਕ ਤੇ ਸਮਾਜਿਕ ਏਕਤਾ ਕਾਇਮ ਹੋਣ ਲੱਗੀ। ਇਸ ਸੰਸਥਾ ਦੁਆਰਾ ਸਿੱਖਾਂ ਦੇ ਦਿੱਤੇ ਗਏ ਦਾਨ ਦੀ ਉਚਿਤ ਵਰਤੋਂ ਕੀਤੀ ਜਾਣ ਲੱਗੀ। ਇਸ ਤੋਂ ਬਿਨਾਂ ਇਹ ਸੰਸਥਾ ਸਿੱਖ ਧਰਮ ਦੇ ਪ੍ਰਚਾਰ ਦਾ ਮਹੱਤਵਪੂਰਨ ਸਾਧਨ ਵੀ ਸਿੱਧ ਹੋਈ।

**(ਸ) ਉਦਾਸੀ ਸੰਪਰਦਾਇ ਅਤੇ ਉਨ੍ਹਾਂ ਦੇ ਵਿਚਾਰਾਂ ਦਾ ਖੰਡਨ (Udasi Sect and Criticism of Other Ideas) :-** ਗੁਰੂ ਨਾਨਕ ਜੀ ਦੇ ਅਕਾਲ ਚਲਾਣੇ ਪਿਛੋਂ ਉਨ੍ਹਾਂ ਦੇ ਵੱਡੇ ਪੁੱਤਰ ਸ੍ਰੀ ਚੰਦ ਨੇ ਉਦਾਸੀ ਸੰਪਰਦਾਇ ਦੀ ਸਥਾਪਨਾ ਕਰ ਲਈ। ਇਸ ਸੰਪਰਦਾਇ ਦਾ ਮੁੱਖ ਸਿਧਾਂਤ ਇਹ ਸੀ ਕਿ ਤਿਆਗ ਤੋਂ ਬਿਨਾਂ ਮਨੁੱਖ ਨੂੰ ਪ੍ਰਾਪਤੀ ਨਹੀਂ ਹੋ ਸਕਦੀ। ਬਹੁਤ ਸਾਰੇ ਸਿੱਖ ਇਸ ਸਿਧਾਂਤ ਵੱਲ ਖਿੱਚੇ ਜਾਣ ਲੱਗ ਪਏ। ਇਸ ਅਵਸਥਾ ਵਿੱਚ ਗੁਰੂ ਅੰਗਦ ਦੇਵ ਜੀ ਨੇ ਬੜੀ ਹਿੰਮਤ ਅਤੇ ਹੌਸਲੇ ਤੋਂ ਕੰਮ ਲਿਆ। ਉਨ੍ਹਾਂ ਨੇ ਜ਼ੋਰਦਾਰ ਸ਼ਬਦਾਂ ਵਿੱਚ ਐਲਾਨ ਕਰ ਦਿੱਤਾ ਕਿ ਤਿਆਗ ਦਾ ਸਿਧਾਂਤ ਗੁਰੂ ਨਾਨਕ ਦੇ ਉਪਦੇਸ਼ਾਂ ਦੇ ਵਿਰੁੱਧ ਹੈ ਅਤੇ ਜੋ ਤਿਆਗ ਵਿੱਚ ਵਿਸ਼ਵਾਸ ਕਰਦਾ ਹੈ ਉਹ ਸਿੱਖ ਨਹੀਂ ਹੈ। ਇਸ ਐਲਾਨ ਦਾ ਸਿੱਟਾ ਇਹ ਹੋਇਆ ਕਿ ਸਿੱਖਾਂ ਨੇ ਉਦਾਸੀਆਂ ਦਾ ਸਾਥ ਛੱਡ ਦਿੱਤਾ। ਇਸ ਤਰ੍ਹਾਂ ਇੱਕ ਪਾਸੇ ਤਾਂ ਸਿੱਖ ਸੰਪਰਦਾਇ ਮਜ਼ਬੂਤ ਹੋਣ ਲਗਿਆ ਅਤੇ ਦੂਜੇ ਪਾਸੇ ਇਹ ਹਿੰਦੂ ਧਰਮ ਵਿੱਚ ਘੁਲ ਮਿਲ ਜਾਣ ਤੋਂ ਬਚ ਗਿਆ ਕਿਉਂਕਿ ਹਿੰਦੂ ਧਰਮ ਵੀ ਤਿਆਗ ਦੇ ਸਿਧਾਂਤ ਨੂੰ ਮੰਨਦਾ ਸੀ।

**(ਹ) ਜਿਸਮਾਨੀ ਕਸਰਤ ਤੇ ਸੰਗਤ ਪ੍ਰਥਾ (Physical Exercise and Sangat) :-** ਗੁਰੂ ਜੀ ਆਪਣੇ ਸਿੱਖਾਂ ਨੂੰ ਜਿਸਮਾਨੀ ਤੌਰ ਤੇ ਵੀ ਰਿਸ਼ਟ-ਪੁਸ਼ਟ ਰਖਣਾ ਚਾਹੁੰਦੇ ਸਨ ਕਿਉਂਕਿ ਉਹ ਜਾਣਦੇ ਸਨ ਕਿ ਅਰੋਗ ਸਰੀਰ ਵਿੱਚ ਅਰੋਗ ਆਤਮਾ ਦਾ ਵਾਸਾ ਹੁੰਦਾ ਹੈ। ਇਸ ਕਰਕੇ ਉਨ੍ਹਾਂ ਨੇ ਖਡੂਰ ਸਾਹਿਬ ਵਿੱਚ ਇੱਕ ਅਖਾੜਾ ਬਣਵਾਇਆ। ਜਿਥੇ ਉਨ੍ਹਾਂ ਦੇ ਸਿੱਖ ਕਸਰਤ ਕਰਿਆ ਕਰਦੇ ਸਨ ਅਤੇ ਘੋਲ ਕਰਦੇ ਰਹਿੰਦੇ ਸਨ। ਗੁਰੂ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਸੰਗਠਨ ਲਈ ਗੁਰੂ ਨਾਨਕ ਸਾਹਿਬ ਦੁਆਰਾ ਸਥਾਪਿਤ ਕੀਤੀ ਗਈ ਸੰਗਤ ਸੰਸਥਾ ਨੂੰ ਖਡੂਰ ਸਾਹਿਬ ਵਿਖੇ ਨਿਸ਼ਚਿਤ ਰੂਪ ਦਿੱਤਾ। ਖਡੂਰ ਸਾਹਿਬ ਵਿਖੇ ਹਰ ਰੋਜ਼ ਪ੍ਰਭਾਤ ਵੇਲੇ ਤੇ ਸ਼ਾਮ ਨੂੰ ਗੁਰੂ ਸਾਹਿਬ ਦੇ ਸਿੱਖਾਂ ਦੀ ਸਭਾ ਹੁੰਦੀ ਸੀ ਜਿਥੇ ਗੁਰੂ ਨਾਨਕ ਸਾਹਿਬ ਦੁਆਰਾ ਰਚੇ ਸ਼ਬਦਾਂ ਦਾ ਕੀਰਤਨ ਹੁੰਦਾ ਸੀ। ਇਸ ਸਮੇਂ ਤੋਂ ਹੀ ਸੰਗਤ ਸਿੱਖ ਮੱਤ ਦੀ ਇੱਕ ਸਥਾਈ ਸੰਸਥਾ ਬਣ ਗਈ।

**(ਕ) ਗੋਇੰਦਵਾਲ ਦੀ ਸਥਾਪਨਾ (Establishment of Goindwal) :-** ਗੁਰੂ ਅੰਗਦ ਦੇਵ ਜੀ ਨੂੰ ਗੋਇੰਦ ਨਾਮੀ ਖਤਰੀ ਨੇ ਇਹ ਬੇਨਤੀ ਕੀਤੀ ਕਿ ਖਡੂਰ ਸਾਹਿਬ ਦੇ ਨੇੜੇ ਉਸ ਦੀ ਜ਼ਮੀਨ ਉੱਤੇ ਇਕ ਨਗਰ ਵਸਾਇਆ ਜਾਵੇ। ਗੁਰੂ ਸਾਹਿਬ ਨੇ ਉਸਦੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ, 1546 ਈ. ਵਿੱਚ ਆਪਣੇ ਸਭ ਤੋਂ ਪਿਆਰੇ ਸਿੱਖ ਅਮਰਦਾਸ ਨੂੰ ਇੱਕ ਨਵਾਂ ਨਗਰ ਸਥਾਪਿਤ ਕਰਨ ਲਈ ਉਸ ਸਥਾਨ ਤੇ ਭੇਜ ਦਿੱਤਾ। ਇਸੇ ਤਰ੍ਹਾਂ 'ਗੋਇੰਦਵਾਲ' ਜਾਂ 'ਗੋਇੰਦਵਾਲ ਨਗਰ' ਦਾ ਨਿਰਮਾਣ ਹੋਇਆ। ਬਾਅਦ ਵਿੱਚ ਗੁਰੂ ਅਮਰਦਾਸ ਨੇ ਇਥੇ ਇੱਕ ਬਾਉਲੀ ਬਣਵਾ ਦਿੱਤੀ ਅਤੇ ਇਹ ਸਿੱਖਾਂ ਦਾ ਇੱਕ ਪਵਿੱਤਰ ਤੀਰਥ ਸਥਾਨ ਬਣ ਗਿਆ।

ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਸਿੱਖ ਮਤ ਦੇ ਵਿਕਾਸ ਲਈ ਅਨੇਕਾਂ ਮਹੱਤਵਪੂਰਨ ਕੰਮ ਕੀਤੇ। ਗੋਕਲ ਚੰਦ ਨਾਰੰਗ ਦੇ ਕਥਨ ਅਨੁਸਾਰ, ''ਉਨ੍ਹਾਂ ਨੇ ਇਨ੍ਹਾਂ ਕੰਮਾਂ ਅਤੇ ਪ੍ਰਚਾਰ ਦੇ ਸਿੱਟੇ ਵੱਜੋਂ ਸਿੱਖ ਹੌਲੀ-ਹੌਲੀ ਹਿੰਦੂ ਸਮਾਜ ਤੋਂ ਵੱਖਰੇ ਹੋਣ ਲੱਗੇ ਅਤੇ ਆਪਣਾ ਇੱਕ ਨਵਾਂ ਭਾਈਚਾਰਾ ਬਣਾਉਣ ਲੱਗੇ।''

**(ਖ) ਹਮਾਯੂੰ ਦੀ ਗੁਰੂ ਸਾਹਿਬ ਨਾਲ ਮੁਲਾਕਾਤ (Meeting With Humayun) :-** ਸਿੱਖ ਪਰੰਪਰਾ ਅਨੁਸਾਰ ਮੁਗਲ ਸਮਰਾਟ ਹਮਾਯੂੰ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਗੁਰੂ ਅੰਗਦ ਦੇਵ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ ਲਈ ਖਡੂਰ ਸਾਹਿਬ ਗਿਆ। ਉਸ ਸਮੇਂ ਗੁਰੂ ਸਾਹਿਬ ਰੱਬ ਦੀ ਭਗਤੀ ਵਿੱਚ ਲੀਨ ਸਨ ਅਤੇ ਉਨ੍ਹਾਂ ਨੇ ਬਾਦਸ਼ਾਹ ਵੱਲ ਕੋਈ ਧਿਆਨ ਨਾ ਦਿੱਤਾ। ਇਸ ਤੇ ਹਮਾਯੂੰ ਗੁੱਸੇ ਵਿਚ ਆ ਗਿਆ ਅਤੇ ਉਸ ਨੇ ਤਲਵਾਰ ਮਿਆਨ ਵਿਚੋਂ ਬਾਹਰ ਕੱਢ ਲਈ। ਇਸ ਸਮੇਂ ਗੁਰੂ ਸਾਹਿਬ ਦੀ ਅੱਖ ਖੁਲ੍ਹ ਗਈ। ਉਨ੍ਹਾਂ ਨੇ ਹਮਾਯੂੰ ਨੂੰ ਸੰਤਾਂ ਫਕੀਰਾਂ 'ਤੇ ਤਲਵਾਰ ਚੁੱਕਣ ਲਈ ਸਰਮਸ਼ਾਰ ਕੀਤਾ। ਹਮਾਯੂੰ ਨੇ ਉਨ੍ਹਾਂ ਤੋਂ ਖਿਮਾ ਮੰਗੀ ਅਤੇ ਆਸ਼ੀਰਵਾਦ ਲਈ ਬੇਨਤੀ ਕੀਤੀ। ਗਰੂ ਸਾਹਿਬ ਨੇ ਕਿਹਾ ਕਿ ਉਹ ਕੁਝ ਸਾਲ ਤੱਕ ਕਸ਼ਟ ਸਹਿਣ ਪਿਛੋਂ ਫਿਰ ਬਾਬਰ ਦੀ ਰਾਜ ਗੱਦੀ ਨੂੰ ਪ੍ਰਾਪਤ ਕਰੇਗਾ।

### 1.3.4 ਉੱਤਰ-ਅਧਿਕਾਰੀ ਦੀ ਨਿਯੁਕਤੀ (Appointment of Successor)

ਜਦੋਂ ਗੁਰੂ ਅੰਗਦ ਦੇਵ ਜੀ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਦਾ ਅੰਤਲਾ ਸਮਾਂ ਨਜ਼ਦੀਕ ਆ ਗਿਆ ਹੈ ਤਾਂ ਉਨ੍ਹਾਂ ਨੇ ਆਪਣਾ ਉੱਤਰ-ਅਧਿਕਾਰੀ ਨਿਯੁਕਤ ਕਰਨ ਦਾ ਨਿਸ਼ਚਾ ਕੀਤਾ। ਗੁਰੂ ਨਾਨਕ ਵਾਂਗ ਉਨ੍ਹਾਂ ਨੇ ਆਪਣੇ ਦੋਹਾਂ ਪੁੱਤਰਾਂ ਵਿਚੋਂ ਕਿਸੇ ਨੂੰ ਵੀ ਗੁਰ-ਗੱਦੀ ਦੇ ਯੋਗ ਨਾ ਸਮਝਿਆ। ਉਹ ਆਪਣੇ ਇੱਕ ਬ੍ਰਿਧ ਸ਼ਰਧਾਲੂ ਅਮਰਦਾਸ ਦੀ ਸੇਵਾ-ਭਾਵ ਅਤੇ ਨਿਮਰਤਾ ਤੋਂ ਬਹੁਤ ਪ੍ਰਭਾਵਿਤ ਹੋਏ ਸਨ ਅਤੇ ਉਨ੍ਹਾਂ ਨੇ ਅਮਰਦਾਸ ਜੀ ਨੂੰ ਗੁਰਗੱਦੀ ਬਖਸ਼ ਦਿੱਤੀ ਅਤੇ ਨਾਲ ਹੀ ਉਨ੍ਹਾਂ ਨੂੰ ਇਹ ਆਦੇਸ਼ ਦਿੱਤਾ ਕਿ ਉਹ ਗੋਇੰਦਵਾਲ ਨੂੰ ਆਪਣਾ ਕੇਂਦਰ ਬਣਾਉਣ। 29 ਮਾਰਚ, 1552 ਈ. ਨੂੰ ਗੁਰੂ ਅੰਗਦ ਦੇਵ ਇਸ ਸੰਸਾਰ ਨੂੰ ਸਦਾ ਲਈ ਛੱਡ ਗਏ।

### 1.3.2.1 ਗੁਰੂ ਅਮਰਦਾਸ ਜੀ (1552 ਈ: 1574 ਈ:)

**(ੳ) ਮੁੱਢਲਾ ਜੀਵਨ (Early Life) :-** ਗੁਰੂ ਅਮਰਦਾਸ ਜੀ ਦਾ ਜਨਮ ਵਰਤਮਾਨ ਅੰਮ੍ਰਿਤਸਰ ਦੇ ਨੇੜੇ ਬਾਸਰਕੇ ਨਾਮੀ ਪਿੰਡ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਤੇਜਭਾਨ ਸੀ, ਜੋ ਭੱਲਾ ਜਾਤ ਦੇ ਖੱਤਰੀ ਸਨ ਅਤੇ ਇੱਕ ਛੋਟੇ ਜਿਹੇ ਦੁਕਾਨਦਾਰ ਸਨ। ਵੱਡੇ ਹੋਣ ਤੇ ਅਮਰਦਾਸ ਜੀ ਨੇ ਆਪਣੇ ਪਿਤਾ ਦੇ ਕੰਮ ਵਿੱਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ। ਉਹ ਇੱਕ ਘੋੜੀ ਤੇ ਸੌਦਾ ਲੱਦ ਕੇ ਪਿੰਡ-ਪਿੰਡ ਜਾ ਕੇ ਵੇਚਿਆ ਕਰਦੇ ਸਨ। ਲਗਭਗ 24 ਵਰ੍ਹਿਆਂ ਦੀ ਉਮਰ ਵਿੱਚ ਅਮਰਦਾਸ ਜੀ ਦਾ ਵਿਆਹ ਦੇਵੀ ਚੰਦ ਦੀ ਸਪੁੱਤਰੀ ਮਨਸਾ ਦੇਵੀ ਨਾਲ ਕਰ ਦਿੱਤਾ। ਉਨ੍ਹਾਂ ਦੇ ਘਰ ਦੋ ਪੁੱਤਰਾਂ (ਮੋਹਨ

ਅਤੇ ਮੋਹਰੀ) ਅਤੇ ਦੋ ਧੀਆਂ (ਦਾਨੀ ਅਤੇ ਭਾਨੀ) ਨੇ ਜਨਮ ਲਿਆ।

ਸਿੱਖ ਧਰਮ ਨੂੰ ਸਵੀਕਾਰ ਕਰਨ ਤੋਂ ਪਹਿਲਾਂ ਅਮਰਦਾਸ ਜੀ ਵੈਸ਼ਨਵ ਮੱਤ ਦੇ ਅਨੁਯਾਈ ਸਨ ਅਤੇ ਹਰ ਸਾਲ ਗੰਗਾ ਦੀ ਯਾਤਰਾ ਕਰਨ ਲਈ ਜਾਇਆ ਕਰਦੇ ਸਨ। ਪਰ ਕੋਈ ਸੱਚਾ ਗੁਰੂ ਨਾ ਮਿਲਣ ਦੇ ਕਾਰਨ ਉਨ੍ਹਾਂ ਦਾ ਮਨ ਅਸ਼ਾਂਤ ਰਹਿੰਦਾ ਸੀ। ਇੱਕ ਦਿਨ ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਲੜਕੀ ਬੀਬੀ ਅਮਰੋ ਦੇ ਮੂੰਹੋਂ ਗੁਰੂ ਨਾਨਕ ਸਾਹਿਬ ਦੀ ਬਾਣੀ ਸੁਣੀ। ਇਸ ਦਾ ਉਨ੍ਹਾਂ ਦੇ ਮਨ ਤੇ ਇੰਨਾ ਡੂੰਘਾ ਅਸਰ ਪਿਆ ਕਿ ਉਹ ਤੁਰੰਤ ਹੀ ਗੁਰੂ ਦਰਸ਼ਨ ਲਈ ਖਡੂਰ ਚਲੇ ਗਏ। ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਮੰਨ ਲਿਆ ਅਤੇ ਤਨ-ਮਨ ਨਾਲ ਉਨ੍ਹਾਂ ਦੀ ਸੇਵਾ ਕਰਨ ਲੱਗੇ। ਗੁਰੂ ਅੰਗਦ ਦੇਵ ਜੀ ਅਮਰਦਾਸ ਜੀ ਗੁਰੂ ਸੇਵਾ ਭਾਵ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਮਾਰਚ 1552 ਈ: ਵਿਚ ਆਪਣੀ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਆਪਣਾ ਉੱਤਰ-ਅਧਿਕਾਰੀ ਨਿਯੁਕਤ ਕਰ ਦਿੱਤਾ।

**1.3.2.2 ਗੁਰ-ਗੱਦੀ ਪ੍ਰਾਪਤ ਕਰਨ ਸਮੇਂ ਔਕੜਾਂ (Difficulties at the time of succession) :-** ਜਦੋਂ ਗੁਰੂ ਅਮਰਦਾਸ ਗੋਇੰਦਵਾਲ ਵਿੱਚ ਗੁਰ-ਗੱਦੀ ਤੇ ਬੈਠੇ ਤਾਂ ਉਨ੍ਹਾਂ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ। ਸਭ ਤੋਂ ਪਹਿਲਾਂ ਗੁਰੂ ਅੰਗਦ ਦੇਵ ਦੇ ਪੁੱਤਰਾਂ ਦਾਤੂ ਅਤੇ ਦਾਸੂ ਨੇ ਉਨ੍ਹਾਂ ਦਾ ਵਿਰੋਧ ਕੀਤਾ। ਦਾਸੂ ਤਾਂ ਬਾਅਦ ਵਿਚ ਮੰਨ ਗਿਆ ਪਰ ਦਾਤੂ ਨੇ ਖਡੂਰ ਸਾਹਿਬ ਵਿੱਚ ਇਹ ਐਲਾਨ ਕੀਤਾ ਕਿ ਅਸਲੀ ਗੁਰੂ ਉਹ ਆਪ ਹੈ। ਪਰ ਸਿੱਖਾਂ ਨੇ ਉਸ ਨੂੰ ਗੁਰੂ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਸਭ ਗੋਇੰਦਵਾਲ ਵਿਖੇ ਗੁਰੂ ਅਮਰਦਾਸ ਜੀ ਕੋਲ ਚਲੇ ਗਏ। ਦਾਤੂ ਗੁੱਸੇ ਨਾਲ ਲਾਲ-ਪੀਲਾ ਹੋ ਗਿਆ ਅਤੇ ਗੋਇੰਦਵਾਲ ਨੂੰ ਚਲਾ ਗਿਆ। ਉਥੇ ਉਸ ਨੇ ਗੁਰੂ ਸਾਹਿਬ ਨੂੰ ਬਹੁਤ ਬੁਰਾ ਭਲਾ ਕਿਹਾ ਅਤੇ ਉਨ੍ਹਾਂ ਨੂੰ ਲੱਤ ਮਾਰ ਕੇ ਗੱਦੀ ਤੋਂ, ਉਤਾਰ ਦਿੱਤਾ। ਗੁਰੂ ਸਾਹਿਬ ਨੇ ਉਸ ਦਾ ਕੋਈ ਵਿਰੋਧ ਨਾ ਕੀਤਾ, ਸਗੋਂ ਬੜੀ ਨਿਮਰਤਾ ਵਿਖਾਈ। ਉਹ ਗੋਇੰਦਵਾਲ ਛੱਡਕੇ ਆਪਣੇ ਪਿੰਡ ਬਾਸਰਕੇ ਵਿਚ ਚੱਲੇ ਗਏ। ਜਦੋਂ ਗੋਇੰਦਵਾਲ ਵਿੱਚ ਸਿੱਖਾਂ ਨੇ ਦਾਤੂ ਦੀ ਇੱਕ ਨਾ ਸੁਣੀ ਤਾਂ ਉਹ ਨਿਰਾਸ਼ ਹੋ ਕੇ ਵਾਪਸ ਖਡੂਰ ਸਾਹਿਬ ਚਲਿਆ ਗਿਆ। ਸਿੱਖਾਂ ਨੇ ਗੁਰੂ ਸਾਹਿਬ ਨੂੰ ਬਾਸਰਕੇ ਤੋਂ ਗੋਇੰਦਵਾਲ ਵਿੱਚ ਲਿਆਂਦਾ ਅਤੇ ਉਨ੍ਹਾਂ ਨੂੰ ਫਿਰ ਗੱਦੀ ਤੇ ਬਿਠਾ ਦਿੱਤਾ।

**1.3.2.3 ਬਾਬਾ ਸ੍ਰੀ ਚੰਦ ਜੀ ਦਾ ਵਿਰੋਧ (Opposition of Baba Sri Chand Ji) :-** ਗੁਰੂ ਨਾਨਕ ਦੇ ਪੁੱਤਰ ਸ੍ਰੀ ਚੰਦ ਨੇ ਵੀ ਗੁਰੂ ਅਮਰਦਾਸ ਜੀ ਦਾ ਵਿਰੋਧ ਕੀਤਾ। ਗੁਰੂ ਅੰਗਦ ਦੇਵ ਜੀ ਦੀ ਮ੍ਰਿਤੂ ਸਮੇਂ ਉਸ ਨੇ ਆਪਣੇ ਪਿਤਾ ਦੀ ਗੱਦੀ ਤੇ ਆਪਣੇ ਅਧਿਕਾਰ ਦਾ ਐਲਾਨ ਕਰ ਦਿੱਤਾ। ਉਸ ਦੇ ਬਹੁਤ ਸਾਰੇ ਅਨੁਯਾਈ ਸਨ, ਜੋ ਉਦਾਸੀ ਕਹਾਉਂਦੇ ਸਨ। ਗੁਰੂ ਅਮਰਦਾਸ ਨੇ ਉਦਾਸੀਆਂ ਦੇ ਤਿਆਗ ਦੇ ਸਿਧਾਂਤ ਨੂੰ ਗੁਰੂ ਨਾਨਕ ਦੇ ਉਪਦੇਸ਼ਾਂ ਵਿਰੁੱਧ ਦੱਸਿਆ, ਜਿਸ ਦੇ ਫਲਸਰੂਪ ਲੋਕ ਸ੍ਰੀ ਚੰਦ ਦਾ ਸਾਥ ਛੱਡ ਗਏ ਅਤੇ ਉਨ੍ਹਾਂ ਨੇ ਅਮਰਦਾਸ ਜੀ ਨੂੰ ਗੁਰ-ਗੱਦੀ ਦਾ ਅਸਲੀ ਅਧਿਕਾਰੀ ਮੰਨ ਲਿਆ।

**1.3.2.4 ਗੋਇੰਦਵਾਲ ਦੇ ਮੁਸਲਮਾਨਾਂ ਦਾ ਵਿਰੋਧ (Opposition of Muslims of Goindwal):-** ਗੋਇੰਦਵਾਲ ਦੇ ਕੁਝ ਮੁਸਲਮਾਨਾਂ ਨੇ ਵੀ ਗੁਰੂ ਅਮਰਦਾਸ ਜੀ ਅਤੇ ਉਨ੍ਹਾਂ ਦੇ ਸਿੱਖਾਂ ਲਈ ਔਕੜਾਂ ਪੈਦਾ ਕੀਤੀਆਂ। ਉਹ ਬਿਆਸ ਨਦੀ ਤੋਂ ਗੁਰੂ ਸਾਹਿਬ ਲਈ ਪਾਣੀ ਲਿਆਉਣ ਵਾਲੇ ਸਿੱਖਾਂ ਦੇ ਭਾਂਡੇ ਭੰਨ ਦਿਆ ਕਰਦੇ ਸਨ ਅਤੇ ਉਨ੍ਹਾਂ ਨੂੰ ਬਹੁਤ ਤੰਗ ਕਰਦੇ ਸਨ। ਗੁਰੂ ਸਾਹਿਬ ਉਨ੍ਹਾਂ ਦੇ ਵਿਰੁੱਧ ਹਿੰਸਾ ਦੀ ਕਾਰਵਾਈ ਕਰਨ ਦੇ ਖਿਲਾਫ ਸਨ। ਕੁਦਰਤ ਵੱਲੋਂ ਉਨ੍ਹਾਂ ਨੂੰ ਸਜ਼ਾ ਦੇਣ ਲਈ ਕੁਝ ਦੇਰ ਬਾਦ ਉਥੇ ਕੁਝ ਸ਼ਸਤਰਧਾਰੀ ਸੰਨਿਆਸੀ ਆ ਗਏ, ਜਿਨ੍ਹਾਂ ਦਾ ਇਨ੍ਹਾਂ ਮੁਸਲਮਾਨਾਂ ਨਾਲ ਝਗੜਾ ਹੋ ਗਿਆ। ਸੰਨਿਆਸੀਆਂ ਨੇ ਬਹੁਤ ਸਾਰੇ ਮੁਸਲਮਾਨਾਂ ਨੂੰ ਮਾਰ ਸੁੱਟਿਆ ਅਤੇ ਬਾਕੀ ਭੱਜ ਨਿਕਲੇ। ਇਸ ਤਰ੍ਹਾਂ ਗੁਰੂ ਸਾਹਿਬ ਦੀ ਇਹ ਔਕੜ ਦੂਰ ਹੋ ਗਈ।

**1.3.2.5 ਹਿੰਦੂਆਂ ਵਲੋਂ ਵਿਰੋਧ (Opposition of Hindus) :-** ਗੋਇੰਦਵਾਲ ਦੇ ਇਲਾਕੇ ਦੇ ਕੁਝ ਖੱਤਰੀ ਅਤੇ ਬ੍ਰਾਹਮਣ ਗੁਰੂ ਸਾਹਿਬ ਦੀ ਵਧਦੀ ਹੋਈ ਸ਼ਕਤੀ ਤੋਂ ਈਰਖਾ ਕਰਦੇ ਸਨ ਅਤੇ ਜਦੋਂ ਗੁਰੂ ਸਾਹਿਬ ਗੋਇੰਦਵਾਲ ਵਿੱਚ ਬਾਉਲੀ ਬਣਾਉਣ ਲੱਗੇ ਤਾਂ ਉਨ੍ਹਾਂ ਨੇ ਇਸ ਕਾਰਜ ਦਾ ਵਿਰੋਧ ਕੀਤਾ। ਉਨ੍ਹਾਂ ਨੇ ਸਮਰਾਟ ਅਕਬਰ ਪਾਸ ਵੀ ਗੁਰੂ ਸਾਹਿਬ ਦੇ ਵਿਰੁੱਧ ਸ਼ਿਕਾਇਤ ਕੀਤੀ। ਅਕਬਰ ਨੇ ਗੁਰੂ ਸਾਹਿਬ ਦੇ ਪ੍ਰਤੀਨਿਧ ਭਾਈ ਜੇਠਾ ਦੀ ਗੱਲ ਸੁਣ ਕੇ ਗੁਰੂ ਸਾਹਿਬ ਦੇ ਪੱਖ ਵਿੱਚ ਫੈਸਲਾ ਕੀਤਾ।

## 1.3.3.1 ਸਿੱਖ ਮੱਤ ਦੇ ਸੰਗਠਨ ਅਤੇ ਵਿਕਾਸ ਲਈ ਕੰਮ
## (Works for the Development and Organisation of Sikhism)

ਗੁਰੂ ਅਮਰਦਾਸ ਦਾ 1552 ਈ: ਤੋਂ 1574 ਈ: ਤੱਕ ਗੁਰਿਆਈ ਦਾ ਕਾਲ ਸਿੱਖ ਧਰਮ ਦੇ ਇਤਿਹਾਸ ਵਿੱਚ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਨ੍ਹਾਂ 22 ਵਰ੍ਹਿਆਂ ਵਿੱਚ ਗੁਰੂ ਸਾਹਿਬ ਨੇ ਬਹੁਤ ਅਜਿਹੇ ਕੰਮ ਅਤੇ ਸੁਧਾਰ ਕੀਤੇ ਜਿਨ੍ਹਾਂ ਦੇ ਸਿੱਟੇ ਵਜੋਂ ਸਿੱਖ ਧਰਮ ਦਾ ਬੜਾ ਵਿਕਾਸ ਹੋਇਆ ਅਤੇ ਇਸ ਨੂੰ ਅਲੱਗ ਰੂਪ ਵਿੱਚ ਪ੍ਰਾਪਤ ਹੋਣ ਲੱਗਾ। ਡਾ. ਇੰਦੂ ਭੂਸ਼ਨ ਬੈਨਰਜੀ ਦੇ ਕਥਨ ਅਨੁਸਾਰ, ''ਗੁਰੂ ਅਮਰਦਾਸ ਦੇ ਅਧੀਨ ਹਿੰਦੂ ਅਤੇ ਸਿੱਖ ਭੇਦ ਅੱਗੇ ਨਾਲੋਂ ਜ਼ਿਆਦਾ ਸਪੱਸ਼ਟ ਹੋ ਗਿਆ।'' ਗੁਰੂ ਸਾਹਿਬ ਦੇ ਕੰਮਾਂ ਦੀ ਮਹਾਨਤਾ ਹੋਰ ਵੀ ਵੱਧ ਜਾਂਦੀ ਹੈ। ਅਸੀਂ ਇਹ ਗੱਲ ਧਿਆਨ ਵਿੱਚ ਰੱਖਦੇ ਹਾਂ ਕਿ ਗੁਰ-ਗੱਦੀ ਤੇ ਬੈਠਣ ਸਮੇਂ ਉਹ 73 ਸਾਲ ਦੇ ਬਿਰਧ ਸਨ ਅਤੇ ਉਨ੍ਹਾਂ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ ਸੀ।

**(ੳ) ਗੋਇੰਦਵਾਲ ਵਿਖੇ ਬਾਉਲੀ ਦੀ ਉਸਾਰੀ (Construction of Baoli at Goindwal) :-** ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਲਈ ਪਹਿਲਾ ਮਹੱਤਵਪੂਰਨ ਕੰਮ ਇਹ ਕੀਤਾ ਕਿ ਉਨ੍ਹਾਂ ਨੇ ਗੋਇੰਦਵਾਲ ਵਿੱਚ ਇਕ ਬਾਉਲੀ ਦੀ ਉਸਾਰੀ ਕੀਤੀ। ਇਸ ਬਾਉਲੀ ਦੀਆਂ 84 ਪੌੜੀਆਂ ਬਣਾਈਆਂ ਗਈਆਂ ਅਤੇ ਇਸ ਕੰਮ ਨੂੰ ਸੰਪੂਰਨ ਕਰਨ ਲਈ ਸਿੱਖਾਂ ਨੂੰ ਮਿਹਨਤ ਕਰਨੀ ਪਈ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਐਲਾਨ ਕੀਤਾ, ਜੇ ਕੋਈ ਹੋਰ ਇੱਕ ਪੌੜੀ ਤੇ ਚਿੱਤ ਲਾ ਕੇ ਸ਼ਰਧਾ ਨਾਲ ਜਪੁਜੀ ਦਾ ਪਾਠ ਕਰੇਗਾ ਉਹ 84 ਲੱਖ ਜੂਨਾਂ ਤੋਂ ਬਚ ਜਾਏਗਾ।

ਬਾਉਲੀ ਦੀ ਉਸਾਰੀ ਨਾਲ ਸਿੱਖਾਂ ਨੂੰ ਪਹਿਲਾ ਮਹੱਤਵਪੂਰਨ ਤੀਰਥ ਅਸਥਾਨ ਪ੍ਰਾਪਤ ਹੋਇਆ। ਬਹੁਤ ਭਾਰੀ ਸੰਖਿਆ ਵਿੱਚ ਸਿੱਖ ਲੋਕ ਇਸ ਅਸਥਾਨ ਤੇ ਆਉਣ ਲੱਗੇ। ਇਸ ਦਾ ਇੱਕ ਹੋਰ ਸਿੱਟਾ ਇਹ ਨਿਕਲਿਆ ਕਿ ਸਿੱਖਾਂ ਨੇ ਹਿੰਦੂਆਂ ਦੇ ਤੀਰਥ ਸਥਾਨਾਂ ਤੇ ਜਾਣਾ ਬੰਦ ਕਰ ਦਿੱਤਾ। ਇਸਦਾ ਇੱਕ ਅੰਦਰੂਨੀ ਪ੍ਰਭਾਵ ਇਹ ਹੋਇਆ ਕਿ ਸਿੱਖਾਂ ਦੀਆਂ ਭਾਵਨਾਵਾਂ ਪੁਰਾਤਨ ਧਰਮ ਵੱਲੋਂ ਹੱਟ ਕੇ ਨਾਨਕ ਧਰਮ ਵੱਲ ਖਿਚੀਆਂ ਗਈਆਂ।

**(ਅ) ਮੰਜੀ ਪ੍ਰਥਾ ਦੀ ਸਥਾਪਨਾ (Establishment of Manji System) :-** ਗੁਰੂ ਅਮਰਦਾਸ ਦੇ ਸਮੇਂ ਤੱਕ ਸਿੱਖਾਂ ਦੀ ਗਿਣਤੀ ਵੱਧ ਚੁੱਕੀ ਸੀ ਅਤੇ ਉਨ੍ਹਾਂ ਸਾਰਿਆਂ ਲਈ ਦੂਰ ਦੇ ਸਥਾਨਾਂ ਤੇ ਗੁਰੂ ਸਾਹਿਬ ਦੇ ਉਦੇਸ਼ ਪ੍ਰਾਪਤ ਕਰਨ ਲਈ ਗੋਇੰਦਵਾਲ ਆਉਣਾ ਮੁਸ਼ਕਿਲ ਸੀ। ਇਸ ਲਈ ਗੁਰੂ ਸਾਹਿਬ ਨੇ ਉਹਨਾਂ ਦੀ ਸੌਖ ਲਈ ਆਪਣੇ ਅਧਿਆਤਮਕ ਰਾਜ ਨੂੰ 22 ਹਿੱਸਿਆਂ (ਮੰਜੀਆਂ) ਵਿੱਚ ਵੰਡ ਦਿੱਤਾ। ਹਰੇਕ ਹਿੱਸੇ ਵਿੱਚ ਉਹਨਾਂ ਨੇ ਆਪਣਾ ਇੱਕ ਸ਼ਰਧਾਲੂ ਸਿੱਖ ਨਿਯੁਕਤ ਕਰ ਦਿੱਤਾ ਜੋ ਆਪਣੇ ਇਲਾਕੇ ਵਿੱਚ ਸਿੱਖ ਮੱਤ ਦਾ ਪ੍ਰਚਾਰ ਕਰਦਾ ਸੀ ਅਤੇ ਉਥੋਂ ਦੇ ਸਿੱਖਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ ਪਹੁੰਚਾਉਂਦਾ ਸੀ। ਕਿਉਂਕਿ ਉਹ ਅਕਸਰ ਮੰਜੀ ਤੇ ਬੈਠ ਕੇ ਹੀ ਆਪਣਾ ਕਾਰਜ ਕਰਿਆ ਕਰਦਾ ਸੀ, ਇਸ ਲਈ ਸੰਗਠਨ ਨੂੰ 'ਮੰਜੀ ਪ੍ਰਥਾ' ਕਿਹਾ ਜਾਣ ਲੱਗਾ। ਕੁਝ ਲੇਖਕਾਂ ਦੇ ਕਹਿਣ ਅਨੁਸਾਰ ਗੁਰੂ ਅਮਰਦਾਸ ਨੇ ਅਕਬਰ ਦੀ ਨਕਲ ਕਰਕੇ ਆਪਣੇ ਅਧਿਆਤਮਕ ਰਾਜ ਨੂੰ 22 ਪ੍ਰਾਂਤਾਂ ਵਿੱਚ ਵੰਡਿਆ ਸੀ ਪਰ ਇਹ ਵਿਚਾਰ ਠੀਕ ਨਹੀਂ, ਕਿਉਂਕਿ ਅਕਬਰ ਦੇ ਸਾਮਰਾਜ ਦੇ ਕੇਵਲ 15 ਪ੍ਰਾਂਤ ਸਨ। ਇਹ ਵੀ ਨਹੀਂ ਭੁਲਣਾ ਚਾਹੀਦਾ ਕਿ 22 ਮੰਜੀਆਂ ਸਥਾਪਤ ਕਰਨ ਵਿੱਚ ਗੁਰੂ ਅਮਰਦਾਸ ਜੀ ਦਾ ਉਪਦੇਸ਼ ਸਿਰਫ਼ ਧਰਮ ਦਾ ਪ੍ਰਚਾਰ ਕਰਨਾ ਹੀ ਸੀ।

ਮੰਜੀ ਪ੍ਰਥਾ ਦੀ ਮਹੱਤਤਾ ਦਾ ਜ਼ਿਕਰ ਕਰਦੇ ਹੋਏ ਗੋਕਲ ਚੰਦ ਨਾਰੰਗ ਲਿਖਦੇ ਹਨ, ''ਇਹ ਸਪੱਸ਼ਟ ਹੈ ਕਿ ਤੀਜੇ ਗੁਰੂ ਦੇ ਇਹ ਕੰਮ ਨੇ ਸਿੱਖ ਸੰਪਰਦਾਇ ਦੀਆਂ ਨੀਹਾਂ ਪੱਕੀਆਂ ਕਰਨ ਅਤੇ ਦੇਸ਼ ਦੇ ਸਾਰੇ ਭਾਗਾਂ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਵਿਚ ਜ਼ਿਆਦਾ ਸਹਾਇਤਾ ਕੀਤੀ।'' ਹਰੇਕ ਮੰਜੀ ਨੂੰ ਅੱਗੇ ਕਈ 'ਪੀੜੀਆਂ' ਵਿੱਚ ਵੰਡਿਆ ਹੋਇਆ ਸੀ।

**(ੲ) ਉਦਾਸੀ ਸੰਪਰਦਾਇ ਨੂੰ ਸਿੱਖ ਮੱਤ ਤੋਂ ਅਲੱਗ ਕਰਨਾ (Separation of Udasi Sect from Sikhism) :-** ਗੋਕਲ ਚੰਦ ਨਾਰੰਗ ਦੇ ਕਥਨ ਅਨੁਸਾਰ ਅਜੇ ਵੀ ਉਸੇ ਤਰ੍ਹਾਂ ਦਾ ਡਰ ਸੀ ਕਿ ਇਹ ਨਵਾਂ ਜੰਮਿਆ ਸਿੱਖ ਧਰਮ ਘੁੰਮ-ਫਿਰ ਕੇ ਮੁੜ ਪੁਰਾਤਨਵਾਦ ਦੀ ਖੁਡ ਵਿੱਚ ਨਾ ਜਾ ਡਿੱਗੇ। ਇਸ ਲਈ ਗੁਰੂ ਜੀ ਨੇ ਐਲਾਨ ਕਰ ਦਿੱਤਾ ਕਿ ਉਦਾਸੀ ਸੰਪ੍ਰਦਾਇ ਵਿਚ ਵਿਸ਼ਵਾਸ ਰੱਖਣ ਵਾਲੇ ਗੁਰੂ ਨਾਨਕ ਦੇ ਅਨੁਯਾਈ ਨਹੀਂ ਕਹੇ ਜਾ ਸਕਦੇ। ਗੁਰੂ ਅਮਰਦਾਸ ਨੇ ਕਿਹਾ ਕਿ ਗੁਰੂ ਨਾਨਕ ਤਿਆਗ ਜਾਂ ਕਠਿਨ ਤਪਸਿਆ ਦੇ ਵਿਰੁੱਧ ਸਨ। ਇਸੇ ਲਈ ਉਨ੍ਹਾਂ ਨੇ ਸ੍ਰੀ ਚੰਦ ਨੂੰ ਆਪਣਾ ਉੱਤਰ-ਅਧਿਕਾਰੀ ਨਿਯੁਕਤ ਨਹੀਂ ਕੀਤਾ। ਉਨ੍ਹਾਂ ਨੇ ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ ਕਿ

ਤਿਆਗ ਤੇ ਵਿਸ਼ਵਾਸ ਕਰਨ ਵਾਲੇ ਲੋਕਾਂ ਦਾ ਸਿੱਖ ਧਰਮ ਵਿੱਚ ਕੋਈ ਸਥਾਨ ਨਹੀਂ। ਇਸ ਤਰ੍ਹਾਂ ਗੁਰੂ ਸਾਹਿਬ ਨੇ ਉਦਾਸੀਆਂ ਨੂੰ ਸਿੱਖ ਧਰਮ ਤੋਂ ਬਿਲਕੁਲ ਅਲੱਗ ਕਰਕੇ ਸਿੱਖ ਧਰਮ ਦੀ ਰੱਖਿਆ ਕੀਤੀ।

**(ਸ) ਲੰਗਰ ਸੰਸਥਾ ਦਾ ਵਿਸਥਾਰ (Expansion of Langar System) :-** ਗੁਰੂ ਅਮਰਦਾਸ ਜੀ ਨੇ ਲੰਗਰ ਸੰਸਥਾ ਦਾ ਗੁਰੂ ਅੰਗਦ ਦੇਵ ਤੋਂ ਵੀ ਵਧਕੇ ਵਿਸਥਾਰ ਕੀਤਾ। ਉਨ੍ਹਾਂ ਦੇ ਸਮੇਂ ਤੱਕ ਗੁਰੂਆਂ ਦੀ ਆਮਦਨੀ ਵਿੱਚ ਬਹੁਤ ਵਾਧਾ ਹੋ ਗਿਆ ਅਤੇ ਜਿਤਨਾ ਵੀ ਚੜ੍ਹਾਵੇ ਦਾ ਰੁਪਿਆ ਪੈਸਾ ਹਰ ਰੋਜ਼ ਪ੍ਰਾਪਤ ਕੀਤਾ ਜਾਂਦਾ ਸੀ, ਉਹ ਸਾਰੇ ਦਾ ਸਾਰਾ ਉਸੇ ਦਿਨ ਹੀ ਲੰਗਰ ਤੇ ਖਰਚ ਕਰ ਦਿੱਤਾ ਜਾਂਦਾ ਸੀ। ਲੰਗਰ ਵਿੱਚ ਸ਼ੁੱਧ ਆਟਾ, ਖੰਡ ਤੇ ਮੱਖਣ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਸਾਰੇ ਲੋਕਾਂ ਨੂੰ ਇਕੋ ਜਿਹਾ ਚੰਗਾ ਖਾਣਾ ਦਿੱਤਾ ਜਾਂਦਾ ਸੀ। ਗੁਰੂ ਦੇ ਲੰਗਰ ਵਿਚੋਂ ਭੋਜਨ ਛਕਣ ਤੋਂ ਬਿਨਾਂ ਉਨ੍ਹਾਂ ਨੂੰ ਕੋਈ ਨਹੀਂ ਮਿਲ ਸਕਦਾ ਸੀ। ਡਾ. ਗੰਡਾ ਸਿੰਘ ਦੇ ਅਨੁਸਾਰ ਜਦੋਂ ਮੁਗਲ ਸਮਰਾਟ ਅਕਬਰ ਅਤੇ ਹਰੀਪੁਰ ਦਾ ਰਾਜਾ ਵੀ ਉਥੇ ਆਏ ਤਾਂ ਉਨ੍ਹਾਂ ਨੂੰ ਗੁਰੂ ਸਾਹਿਬ ਨੂੰ ਮਿਲਣ ਤੋਂ ਪਹਿਲਾਂ ਲੰਗਰ ਵਿਚੋਂ ਭੋਜਨ ਖਾਣਾ ਪਿਆ ਸੀ। ਹਿੰਦੂ ਅਤੇ ਮੁਸਲਮਾਨ, ਵੱਡੇ ਤੇ ਛੋਟੇ ਲੋਕਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਪੰਗਤ ਜਾਂ ਇਕ ਲਾਈਨ ਵਿੱਚ ਬੈਠ ਕੇ ਖਾਣਾ ਪੈਂਦਾ ਸੀ। ਲੰਗਰ ਦੀ ਸੰਸਥਾ ਸਿੱਖਾਂ ਵਿੱਚ ਏਕਾ ਲਿਆਉਣ ਅਤੇ ਧਰਮ ਦਾ ਪ੍ਰਚਾਰ ਕਰਨ ਲਈ ਸ਼ਲਾਘਾਯੋਗ ਸਾਧਨ ਸੀ।

**(ਹ) ਸਮਾਜਿਕ ਸੁਧਾਰ (Social Reforms) :-** ਗੁਰੂ ਅਮਰਦਾਸ ਜੀ ਇੱਕ ਉੱਚੇ ਦਰਜੇ ਦੇ ਸਮਾਜ ਸੁਧਾਰਕ ਸਨ। ਉਨ੍ਹਾਂ ਨੇ ਆਪਣੇ ਸਿੱਖਾਂ ਦਾ ਸੰਗਠਨ ਕਰਨ ਦੇ ਨਾਲ-ਨਾਲ ਉਨ੍ਹਾਂ ਵਿਚ ਪ੍ਰਚਲਿਤ ਝੂਠੇ ਰਸਮਾਂ-ਰਿਵਾਜਾਂ ਦੀ ਵੀ ਨਿਖੇਧੀ ਕੀਤੀ। ਆਪਣੇ ਅਨੇਕਾਂ ਸੁਧਾਰਾਂ ਰਾਹੀਂ ਉਨ੍ਹਾਂ ਇੱਕ ਵੱਖਰਾ ਸਮਾਜਿਕ ਢਾਂਚਾ ਕਾਇਮ ਕਰਨ ਦਾ ਯਤਨ ਕੀਤਾ। ਉਨ੍ਹਾਂ ਹੇਠ ਲਿਖਤ ਸਮਾਜਿਕ ਸੁਧਾਰ ਕੀਤੇ :

**(i) ਜਾਤ-ਪਾਤ ਦਾ ਵਿਰੋਧ (Opposition of Caste System) :-** ਗੁਰੂ ਸਾਹਿਬ ਨੇ ਜਾਤ-ਪਾਤ ਅਤੇ ਛੂਤ-ਛਾਤ ਦਾ ਖੰਡਨ ਕੀਤਾ। ਉਨ੍ਹਾਂ ਇਹ ਐਲਾਨ ਕੀਤਾ ਕਿ ਉਨ੍ਹਾਂ ਪਾਸ ਆਉਣ ਵਾਲੇ ਸਿੱਖਾਂ ਨੂੰ ਪੰਗਤ ਵਿੱਚ ਬੈਠ ਕੇ ਖਾਣਾ ਪਵੇਗਾ। ਇਸ ਨਾਲ ਸਿੱਖਾਂ ਵਿੱਚ ਜਾਤ-ਪਾਤ ਅਤੇ ਛੂਤ-ਛਾਤ ਦੀ ਭੇਦ-ਭਾਵਨਾ ਜਾਂਦੀ ਰਹੀ। ਇਸ ਤੋਂ ਬਿਨਾਂ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਅੰਤਰ-ਜਾਤੀ ਵਿਆਹ ਕਰਨ ਦੀ ਵੀ ਆਗਿਆ ਦਿੱਤੀ। ਉਨ੍ਹਾਂ ਨੇ ਆਪਣੀ ਸਪੁੱਤਰੀ ਭਾਨੀ ਦਾ ਵਿਆਹ ਭਾਈ ਜੇਠਾ ਨਾਲ ਬਿਨਾਂ ਉਸ ਦੀ ਜਾਤ ਬਰਾਦਰੀ ਪੁੱਛੇ ਕਰ ਦਿੱਤਾ।

**(ii) ਸਤੀ ਪ੍ਰਥਾ ਦੀ ਨਿਖੇਧੀ (Condemned Sati System) :-** ਗੁਰੂ ਸਾਹਿਬ ਨੇ ਸਤੀ ਦੀ ਰਸਮ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਦਸਿਆ ਕਿ ਆਪਣੇ ਪਤੀ ਦੇ ਮ੍ਰਿਤਕ ਸਰੀਰ ਨਾਲ ਸੜ ਜਾਣ ਵਾਲੀ ਇਸਤਰੀ ਸਤੀ ਨਹੀਂ ਹੁੰਦੀ। ਅਸਲ ਵਿੱਚ ਤਾਂ ਉਹ ਇਸਤਰੀ ਸਤੀ ਹੁੰਦੀ ਹੈ ਜੋ ਮ੍ਰਿਤਕ ਪਤੀ ਦੇ ਵਿਯੋਗ ਦੇ ਦੁਖ ਤੇ ਪੀੜ ਦੇ ਵਿੱਚ ਜੀਵਨ ਬਤੀਤ ਕਰਦੀ ਹੈ।

**(iii) ਪਰਦੇ ਦੀ ਨਿਖੇਧੀ (Condemned Parda System) :-** ਮੈਕਾਲਿਫ ਦੇ ਅਨੁਸਾਰ ਗੁਰੂ ਸਾਹਿਬ ਨੇ ਪਰਦੇ ਦੀ ਰਸਮ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਨ੍ਹਾਂ ਦੀਆਂ ਇਸਤਰੀਆਂ ਨੂੰ ਪਰਦੇ ਵਿੱਚ ਰਹਿਣ ਅਤੇ ਘੁੰਡ ਕੱਢਣ ਦੇ ਰਿਵਾਜ ਨੂੰ ਛੱਡ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਇਸਤਰੀਆਂ ਨੂੰ ਸਿੱਖ ਧਰਮ ਵਿੱਚ ਦਾਖਲ ਹੋਣ ਅਤੇ ਇਸ ਦਾ ਪ੍ਰਚਾਰ ਕਰਨ ਦੀ ਵੀ ਆਗਿਆ ਦਿੱਤੀ।

**(iv) ਸ਼ਰਾਬ ਦੀ ਨਿਖੇਧੀ (Prohibition of Intoxicants) :-** ਗੁਰੂ ਸਾਹਿਬ ਨੇ ਸ਼ਰਾਬ ਅਤੇ ਦੂਜੀਆਂ ਨਸ਼ੀਲੀਆਂ ਵਸਤੂਆਂ ਦੀ ਵਰਤੋਂ ਦੇ ਵਿਰੁੱਧ ਵੀ ਆਵਾਜ਼ ਉਠਾਈ। ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਨਸ਼ੇ ਦੀਆਂ ਚੀਜ਼ਾਂ ਨੂੰ ਛੱਡ ਦੇਣਾ ਚਾਹੀਦਾ ਹੈ ਜਿਨ੍ਹਾਂ ਦੇ ਕਾਰਨ ਮਨੁੱਖ ਨੂੰ ਆਪਣੇ ਅਤੇ ਦੂਜੇ ਦੀ ਪਛਾਣ ਨਹੀਂ ਰਹਿੰਦੀ ਅਤੇ ਉਹ ਰੱਬ ਨੂੰ ਭੁੱਲ ਬੈਠਦਾ ਹੈ।

**(v) ਜਨਮ, ਵਿਆਹ ਅਤੇ ਮਰਨ ਸੰਬੰਧੀ ਪ੍ਰਚਲਿਤ ਰਸਮਾਂ ਦੀ ਨਿਖੇਧੀ (Condemned Traditions relating to Birth, Marriage & Death) :-** ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਅਜਿਹੇ ਮੋਕਿਆਂ ਤੇ ਪੰਡਤਾਂ ਨੂੰ ਬੁਲਾਉਣ, ਮੰਤਰ ਪੜ੍ਹਾਉਣ ਅਤੇ ਫਜ਼ੂਲ ਰੁਪਿਆ ਖਰਚ ਕਰਨ ਦੀ ਕੋਈ ਲੋੜ ਨਹੀਂ। ਗੁਰੂ ਸਾਹਿਬ ਨੇ ਆਪਣੇ ਪੋਤਰੇ ਦੇ ਜਨਮ ਤੇ ਆਨੰਦ ਗੀਤ ਦੀ ਰਚਨਾ ਕੀਤੀ। ਉਨ੍ਹਾਂ ਦੇ ਅਨੁਯਾਈ ਜਨਮ ਅਤੇ ਖੁਸ਼ੀ ਦੇ ਮੌਕਿਆਂ ਤੇ ਇਸ ਦਾ ਪਾਠ ਕਰਨ ਲੱਗੇ।

**(vi) ਤਿਉਹਾਰਾਂ ਦੇ ਮਨਾਉਣ ਵਿੱਚ ਤਬਦੀਲੀ (Celebrations of Festivals) :-** ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਨਵੇਂ ਤਰੀਕੇ ਨਾਲ ਤਿਉਹਾਰਾਂ ਨੂੰ ਮਨਾਉਣ ਦਾ ਆਦੇਸ਼ ਦਿੱਤਾ। ਉਨ੍ਹਾਂ ਨੇ ਕਿਹਾ ਕਿ ਵਿਸਾਖੀ, ਮਾਘੀ ਅਤੇ ਦਿਵਾਲੀ ਦੇ ਦਿਨਾਂ ਨੂੰ ਸਾਰੇ ਸਿੱਖ ਗੋਇੰਦਵਾਲ ਵਿੱਚ ਇਕੱਠੇ ਹੋਇਆ ਕਰਨ ਅਤੇ ਉਥੇ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਇਨ੍ਹਾਂ ਤਿਉਹਾਰਾਂ ਨੂੰ ਮਨਾਉਣ।

ਗੁਰੂ ਅਮਰਦਾਸ ਜੀ ਦੇ ਉਪਰੋਕਤ ਸੁਧਾਰਾਂ ਦੇ ਸਿੱਟੇ ਵਜੋਂ ਸਿੱਖਾਂ ਉਪਰੋਂ ਪੰਡਤਾਂ ਦਾ ਪ੍ਰਭਾਵ ਜਾਂਦਾ ਰਿਹਾ ਅਤੇ ਸਿੱਖ ਸੰਪਰਦਾਇ ਹੌਲੀ-ਹੌਲੀ ਕੱਟੜ ਹਿੰਦੂ ਸਮਾਜ ਤੋਂ ਨਿਖੜਨ ਲੱਗ ਪਈ।

**(ਕ) ਗੁਰੂਆਂ ਦੀ ਬਾਣੀ ਦਾ ਸੰਗ੍ਰਹਿ ਅਤੇ ਧਰਮ ਦਾ ਉਤਸ਼ਾਹ ਨਾਲ ਪ੍ਰਚਾਰ (Compilation of Granth) :-** ਗੁਰੂ ਅਮਰਦਾਸ ਦੇ ਸਮੇਂ ਗੁਰੂਆਂ ਦੀ ਬਾਣੀ ਦੇ ਸੰਗ੍ਰਹਿ ਦਾ ਕੰਮ ਬੜੇ ਜ਼ੋਰਾਂ-ਸ਼ੋਰਾਂ ਨਾਲ ਜਾਰੀ ਰਿਹਾ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਪੋਤੇ ਸੰਤ ਰਾਮ ਨੇ ਜੋ ਬਾਬਾ ਮੋਹਣ ਦਾ ਪੁੱਤਰ ਸੀ, ਆਪਣੇ ਦਾਦੇ ਅਮਰਦਾਸ ਜੀ ਅਤੇ ਗੁਰੂ ਅੰਗਦ ਦੇਵ ਜੀ ਦੀ ਬਾਣੀ ਦਾ ਸੰਕਲਨ ਕੀਤਾ। ਬਾਦ ਵਿੱਚ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦਾ ਸੰਕਲਨ ਕਰਨ ਲਈ ਬਾਬਾ ਮੋਹਨ ਤੋਂ ਹੀ ਪਹਿਲੇ ਤਿੰਨ ਗੁਰੂਆਂ ਦੀ ਬਾਣੀ ਪ੍ਰਾਪਤ ਕੀਤੀ ਸੀ।

ਗੁਰੂ ਅਮਰਦਾਸ ਨੇ ਸਿੱਖ ਧਰਮ ਦਾ ਬੜੇ ਉਤਸ਼ਾਹ ਨਾਲ ਪ੍ਰਚਾਰ ਕੀਤਾ। ਉਨ੍ਹਾਂ ਦੀ ਮਿੱਠੀ ਬਾਣੀ ਅਤੇ ਸੁਸ਼ੀਲ ਸੁਭਾ ਦੇ ਕਾਰਨ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਉਨ੍ਹਾਂ ਦੇ ਅਨੁਯਾਈ ਬਣ ਗਏ। ਮੈਕਾਲਿਫ ਲਿਖਦਾ ਹੈ ਕਿ ਅੱਲਯਾਰ ਜਾਂ ਅੱਲਾ ਸ਼ਾਹ ਉਨ੍ਹਾਂ ਦਾ ਸਭ ਤੋਂ ਪ੍ਰਸਿੱਧ ਸ਼ਰਧਾਲੂ ਸੀ। ਸੀ.ਐਚ.ਪੈਨ ਨੇ ਗੁਰੂ ਅਮਰਦਾਸ ਜੀ ਨੂੰ ਸਿੱਖ ਮੱਤ ਦਾ ਉਤਸ਼ਾਹਕ ਪ੍ਰਚਾਰਕ (Zealous Preacher) ਕਹਿ ਕੇ ਉਹਨਾਂ ਦੀ ਵਡਿਆਈ ਕੀਤੀ। ਗੁਰੂ ਸਾਹਿਬ ਦੀ ਮਸ਼ਹੂਰੀ ਇੰਨੀ ਵਧ ਗਈ ਕਿ ਹਰੀਪੁਰ ਦਾ ਰਾਜਾ, ਮੁਗਲ ਸਮਰਾਟ ਅਕਬਰ ਤੇ ਕਈ ਹੋਰ ਰਾਜੇ ਉਹਨਾਂ ਦੇ ਦਰਸ਼ਨ ਕਰਨ ਲਈ ਗੋਇੰਦਵਾਲ ਆਏ।

**(ਖ) ਅਕਬਰ ਦਾ ਗੋਇੰਦਵਾਲ ਆਉਣਾ (Akbar's Visit to Goindwal) :-** ਗੁਰੂ ਅਮਰਦਾਸ ਜੀ ਦੇ ਸਮੇਂ ਦੀ ਇੱਕ ਮਹੱਤਵਪੂਰਨ ਘਟਨਾ ਮੁਗਲ ਸਮਰਾਟ ਅਕਬਰ ਦਾ ਗੋਇੰਦਵਾਲ ਵਿੱਚ ਆਉਣਾ ਸੀ। ਉਹ ਗੁਰੂ ਸਾਹਿਬ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੇ ਉਹਨਾਂ ਦੀ ਲੰਗਰ ਸੰਸਥਾ ਦੀ ਬਹੁਤ ਸ਼ਲਾਘਾ ਕੀਤੀ ਉਸ ਨੇ ਗੁਰੂ ਸਾਹਿਬ ਨੂੰ ਕੁਝ ਜਗੀਰਾਂ ਦੇਣ ਦੀ ਚਾਹ ਪ੍ਰਗਟ ਕੀਤੀ ਪਰ ਗੁਰੂ ਸਾਹਿਬ ਨੇ ਬੜੀ ਨਿਮਰਤਾ ਨਾਲ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ। ਇਸ ਤੇ ਮੁਗਲ ਸਮਰਾਟ ਨੇ ਉਨ੍ਹਾਂ ਦੀ ਪੁੱਤਰੀ ਬੀਬੀ ਭਾਨੀ ਦੇ ਨਾਂ ਕੁਝ ਜ਼ਮੀਨ ਲਾ ਦਿੱਤੀ। ਕਹਿੰਦੇ ਹਨ ਕਿ ਇਸੇ ਜ਼ਮੀਨ ਉੱਤੇ ਬਾਅਦ ਵਿੱਚ ਅੰਮ੍ਰਿਤਸਰ ਨਗਰ ਵਸਾਇਆ ਗਿਆ।

ਗੋਕਲ ਚੰਦ ਨਾਰੰਗ ਦੇ ਕਥਨ ਅਨੁਸਾਰ, ''ਮੁਗਲ ਸਮਰਾਟ ਦੇ ਗੋਇੰਦਵਾਲ ਆਉਣ ਨਾਲ ਗੁਰੂ ਸਾਹਿਬ ਦਾ ਸਨਮਾਨ ਬਹੁਤ ਵਧ ਗਿਆ ਅਤੇ ਉਨ੍ਹਾਂ ਦਾ ਮਿਸ਼ਨ ਉਚੇਰੀਆਂ ਸ਼ਰੇਣੀਆਂ ਵਿੱਚ ਜ਼ਿਆਦਾ ਹਰਮਨ ਪਿਆਰਾ ਹੋ ਗਿਆ।'' ਇਸ ਦੇ ਸਿੱਟੇ ਵਜੋਂ ਬਹੁਤ ਸਾਰੇ ਲੋਕ ਗੁਰੂ ਸਾਹਿਬ ਦੇ ਅਨੁਯਾਈ ਬਣਨ ਲੱਗੇ।

**(ਗ) ਰਾਮਦਾਸ ਨੂੰ ਉੱਤਰ-ਅਧਿਕਾਰੀ ਨਿਯੁਕਤ ਕਰਨਾ (Guru Ramdass as Successor) :-** ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਆਪਣੇ ਜਵਾਈ, ਭਾਈ ਜੇਠਾ (ਰਾਮਦਾਸ) ਨੂੰ ਆਪਣਾਂ ਉੱਤਰ-ਅਧਿਕਾਰੀ ਨਿਯੁਕਤ ਕਰਨ ਦਾ ਨਿਸ਼ਚਾ ਕੀਤਾ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਦੀ ਸਪੁੱਤਰੀ ਬੀਬੀ ਭਾਨੀ ਅਤੇ ਉਸ ਦੇ ਪਤੀ ਭਾਈ ਜੇਠਾ ਨੇ ਗੁਰੂ ਸਾਹਿਬ ਦੀ ਬਹੁਤ ਜ਼ਿਆਦਾ ਸੇਵਾ ਕੀਤੀ ਸੀ। ਇਸ ਲਈ ਗੁਰੂ ਸਾਹਿਬ ਨੇ ਖੁਸ਼ ਹੋ ਕੇ ਬੀਬੀ ਭਾਨੀ ਦੇ ਪਤੀ ਨੂੰ ਸਿਰਫ਼ ਆਪਣਾ ਉੱਤਰ-ਅਧਿਕਾਰੀ ਹੀ ਨਿਯੁਕਤ ਨਾ ਕੀਤਾ ਸਗੋਂ ਦੋਹਾਂ ਨੂੰ ਇੱਕ ਵਰ ਵੀ ਦਿੱਤਾ ਕਿ ਅੱਗੇ ਤੋਂ ਗੁਰਿਆਈ ਉਨ੍ਹਾਂ ਦੇ ਘਰ ਹੀ ਰਹੇਗੀ।

### 1.3.4.1 ਗੁਰੂ ਰਾਮਦਾਸ ਜੀ (1574 ਈ: 1581 ਈ:)
### Guru Ram Dass Ji (1574-1581 A.D.)

**(ੳ) ਮੁੱਢਲਾ ਜੀਵਨ ਅਤੇ ਗੁਰ-ਗੱਦੀ ਦੀ ਪ੍ਰਾਪਤੀ** :-ਗੁਰੂ ਰਾਮ ਦਾਸ (ਭਾਈ ਜੇਠਾ) ਸਿੱਖਾਂ ਦੇ ਚੌਥੇ ਗੁਰੂ ਸਨ। ਉਹ 5 ਸਤੰਬਰ, 1574 ਈ: ਚੂਨਾ ਮੰਡੀ ਲਾਹੌਰ ਵਿੱਚ ਪੈਦਾ ਹੋਏ। ਉਹਨਾਂ ਦੇ ਪਿਤਾ ਦਾ ਨਾਂ ਹਰੀਦਾਸ ਸੀ ਜੋ

ਸੋਢੀ ਵੰਸ਼ ਨਾਲ ਸਬੰਧ ਰੱਖਦੇ ਸਨ। ਜੇਠਾ ਜੀ ਦੇ ਬਚਪਨ ਵਿੱਚ ਹੀ ਉਨ੍ਹਾਂ ਦੇ ਮਾਤਾ-ਪਿਤਾ ਦਾ ਦੇਹਾਂਤ ਹੋ ਗਿਆ। ਇਸ ਲਈ ਉਨ੍ਹਾਂ ਦੀ ਨਾਨੀ ਨੇ ਉਨ੍ਹਾਂ ਦਾ ਪਾਲਣ-ਪੋਸ਼ਣ ਕੀਤਾ। ਉਨ੍ਹਾਂ ਦੀ ਬਾਲ ਅਵਸਥਾ ਬਹੁਤ ਗਰੀਬੀ ਵਿੱਚ ਬੀਤੀ। ਉਹ ਛੋਟੀ ਉਮਰ ਵਿੱਚ ਹੀ ਕਾਰ-ਵਿਹਾਰ ਵਿੱਚ ਪੈ ਗਏ।

ਜੇਠਾ ਜੀ ਦਾ ਬਚਪਨ ਤੋਂ ਧਾਰਮਿਕ ਮਾਮਲਿਆਂ ਵੱਲ ਝੁਕਾਉ ਸੀ। ਇੱਕ ਵਾਰੀ ਜਦੋਂ ਉਨ੍ਹਾਂ ਨੇ ਸਿੱਖਾਂ ਦਾ ਜੱਥਾ ਲਾਹੌਰ ਤੋਂ ਗੋਇੰਦਵਾਲ ਜਾਂਦਾ ਵੇਖਿਆ ਤਾਂ ਉਹ ਵੀ ਜੱਥੇ ਨਾਲ ਤੁਰ ਪਏ ਤੇ ਗੋਇੰਦਵਾਲ ਪੁੱਜ ਕੇ ਗੁਰੂ ਅਮਰਦਾਸ ਦੇ ਸਿੱਖ ਬਣ ਗਏ। ਗੁਰੂ ਅਮਰਦਾਸ ਜੀ ਜੇਠਾ ਜੀ ਦੇ ਸੇਵਾ-ਭਾਵ ਅਤੇ ਉਸਦੀ ਸੋਹਣੀ ਸ਼ਕਲ-ਸੂਰਤ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਹਨਾਂ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਵਿਆਹ ਉਹਨਾਂ ਨਾਲ ਕਰ ਦਿੱਤਾ ਅਤੇ ਆਪਣੇ ਅਕਾਲ ਚਲਾਣੇ ਤੋਂ ਪਹਿਲਾਂ ਉਨ੍ਹਾਂ ਨੂੰ ਗੁਰ-ਗੱਦੀ ਦਾ ਵਾਰਸ ਨਿਯੁਕਤ ਕੀਤਾ। ਸਿਖ ਪਰੰਪਰਾ ਅਨੁਸਾਰ ਇੱਕ ਦਿਨ ਜਦੋਂ ਗੁਰੂ ਅਮਰਦਾਸ ਜੀ ਚੌਂਕੀ ਤੇ ਬੈਠ ਕੇ ਇਸ਼ਨਾਨ ਕਰ ਰਹੇ ਸਨ ਤਾਂ ਚੌਂਕੀ ਦਾ ਪਾਵਾ ਟੁੱਟ ਗਿਆ। ਬੀਬੀ ਭਾਨੀ ਨੇ ਉਸ ਪਾਵੇ ਦੀ ਥਾਂ ਤੇ ਆਪਣਾ ਹੱਥ ਦਾ ਸਹਾਰਾ ਦੇ ਦਿੱਤਾ ਤਾਂ ਜੋ ਗੁਰੂ ਸਾਹਿਬ ਡਿੱਗ ਨਾ ਪੈਣ। ਭਾਨੀ ਜੀ ਦੇ ਹੱਥ ਤੋਂ ਖੂਨ ਨਿਕਲਣ ਲੱਗਾ। ਗੁਰੂ ਸਾਹਿਬ ਆਪਣੀ ਪੁੱਤਰੀ ਦੀ ਸੇਵਾ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਉਸ ਨੂੰ ਕੁਝ ਮੰਗਣ ਲਈ ਕਿਹਾ। ਬੀਬੀ ਭਾਨੀ ਨੇ ਇਹ ਬੇਨਤੀ ਕੀਤੀ ਕਿ ਗੁਰਿਆਈ ਉਸ ਦੇ ਘਰ ਵਿੱਚ ਰਹੇ। ਗੁਰੂ ਸਾਹਿਬ ਨੇ ਉਸ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ। ਇਸ ਤਰ੍ਹਾਂ ਗੁਰਿਆਈ ਭਾਨੀ ਅਤੇ ਉਸ ਦੇ ਪਤੀ ਰਾਮਦਾਸ ਸੋਢੀ ਦੇ ਘਰਾਣੇ ਵਿੱਚ ਜੱਦੀ ਹੋ ਗਈ।

### 1.3.5.1 ਸਿੱਖ ਧਰਮ ਦੇ ਵਿਕਾਸ ਲਈ ਕੰਮ

ਗੁਰੂ ਰਾਮਦਾਸ 1574 ਈ: ਤੋਂ 1581 ਈ: ਤੱਕ ਸਿੱਖਾਂ ਦੇ ਗੁਰੂ ਬਣੇ ਰਹੇ। ਇਨ੍ਹਾਂ ਸੱਤ ਸਾਲਾਂ ਵਿੱਚ ਉਨ੍ਹਾਂ ਨੇ ਸਿੱਖ ਧਰਮ ਦੇ ਵਿਕਾਸ ਲਈ ਹੇਠ ਲਿਖੇ ਕੰਮ ਕੀਤੇ :

**(ੳ) ਰਾਮਦਾਸ ਪੁਰ ਜਾਂ ਅੰਮ੍ਰਿਤਸਰ ਦੀ ਨੀਂਹ** :- ਗੁਰੂ ਰਾਮਦਾਸ ਨੇ ਸਿੱਖ ਧਰਮ ਲਈ ਸਭ ਤੋਂ ਮਹੱਤਵਪੂਰਨ ਕੰਮ ਇਹ ਕੀਤਾ ਕਿ ਉਨ੍ਹਾਂ ਨੇ ਰਾਮਦਾਸ ਪੁਰ ਜਾਂ ਵਰਤਮਾਨ ਅੰਮ੍ਰਿਤਸਰ ਦੀ ਨੀਂਹ ਰੱਖੀ। ਮੈਕਾਲਿਫ ਦੇ ਵਿਚਾਰ ਅਨੁਸਾਰ, ਅਕਬਰ ਨੇ ਗੁਰੂ ਰਾਮਦਾਸ ਦੇ ਸਮੇਂ ਜੋ ਜ਼ਮੀਨ ਬੀਬੀ ਭਾਨੀ ਦੇ ਨਾਂ ਲਗਾਈ ਸੀ ਉਸ ਉਤੇ ਹੀ ਅੰਮ੍ਰਿਤਸਰ ਦਾ ਨਗਰ ਵਸਾਇਆ ਗਿਆ ਪਰੰਤੂ ਫੋਰਸਟਰ, ਕਨਿੰਘਮ, ਲਤੀਫ ਅਤੇ ਗੋਕਲ ਚੰਦ ਨਾਰੰਗ ਵਰਗੇ ਇਤਿਹਾਸਕਾਰ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ। ਪਰ ਕੁਝ ਵੀ ਹੋਵੇ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਜ਼ਮੀਨ ਅਕਬਰ ਤੋਂ ਪ੍ਰਾਪਤ ਕੀਤੀ ਗਈ ਸੀ ਅਤੇ ਇਸ ਉੱਤੇ ਇੱਕ ਨਵੇਂ ਸ਼ਹਿਰ ਦੀ ਨੀਂਹ ਗੁਰੂ ਅਮਰਦਾਸ ਦੇ ਕਹਿਣ ਤੇ ਗੁਰੂ ਰਾਮਦਾਸ ਜੀ ਨੇ 1573 ਈ: ਵਿੱਚ ਰੱਖੀ ਜਦੋਂ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਆਰੰਭ ਕਰਵਾਈ। 1574 ਈ: ਵਿਚ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤ ਸਮਾਉਣ ਤੇ ਇਸ ਕੰਮ ਨੂੰ ਕੁਝ ਸਮੇਂ ਲਈ ਬੰਦ ਵੀ ਕਰਨਾ ਪਿਆ ਅਤੇ ਦੁਬਾਰਾ 1577 ਈ: ਵਿੱਚ ਸ਼ੁਰੂ ਕੀਤਾ ਗਿਆ। ਗੁਰੂ ਸਾਹਿਬ ਦੇ ਸਿੱਖਾਂ, ਯਾਤਰੀਆਂ ਅਤੇ ਕਾਰੀਗਰਾਂ ਨੇ ਤਲਾਬ ਦੇ ਲਾਗੇ ਹੀ ਆਪਣੇ ਮਕਾਨ ਅਤੇ ਝੋਪੜੀਆਂ ਬਣਾ ਲਈਆਂ। ਇਸ ਤਰ੍ਹਾਂ ਤਲਾਬ ਦੇ ਚਾਰੇ ਪਾਸੇ ਹੌਲੀ ਹੌਲੀ ਨਵਾਂ ਨਗਰ 'ਰਾਮਦਾਸ ਪੁਰ' ਜਾਂ 'ਚੱਕ ਗੁਰੂ' ਵਸ ਗਿਆ। ਬਾਅਦ ਵਿੱਚ ਇਹ ਤਲਾਬ ਦੇ ਨਾਂ ਤੇ ਅੰਮ੍ਰਿਤਸਰ ਕਹਾਉਣ ਲਗਿਆ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ 52 ਵੱਖ-ਵੱਖ ਕਿੱਤਿਆਂ ਦੇ ਕਾਰੀਗਰਾਂ ਨੂੰ ਇਸ ਨਗਰ ਵਿੱਚ ਕਾਰੋਬਾਰ ਚਲਾਉਣ ਦੇ ਸੱਦੇ ਭੇਜੇ। ਇਹਨਾਂ ਵਪਾਰੀਆਂ ਅਤੇ ਕਾਰੀਗਰਾਂ ਨੇ ਅੰਮ੍ਰਿਤਸਰ ਦੇ ਤਲਾਬ ਦੇ ਪਾਸ ਆਪਣੀਆਂ ਦੁਕਾਨਾਂ ਬਣਾ ਲਈਆਂ। ਇਸ ਸਥਾਨ ਨੂੰ 'ਗੁਰੂ ਕਾ ਬਾਜ਼ਾਰ' ਕਿਹਾ ਜਾਣ ਲੱਗਾ। ਪਰ ਗੁਰੂ ਅਮਰਦਾਸ ਛੇਤੀ ਹੀ ਜੋਤੀ-ਜੋਤ ਸਮਾਉਣ ਕਾਰਨ ਇਸ ਕੰਮ ਨੂੰ ਪੂਰਾ ਨਾ ਕਰ ਸਕੇ ਅਤੇ ਉਨ੍ਹਾਂ ਦੇ ਇਸ ਕੰਮ ਨੂੰ ਬਾਅਦ ਵਿਚ ਉਨ੍ਹਾਂ ਦੇ ਪੁੱਤਰ ਅਤੇ ਉੱਤਰ-ਅਧਿਕਾਰੀ ਗੁਰੂ ਅਰਜਨ ਦੇਵ ਨੇ ਸੰਪੂਰਨ ਕੀਤਾ।

**(ਅ) ਮਹੱਤਤਾ** :- ਅੰਮ੍ਰਿਤਸਰ ਦੀ ਨੀਂਹ ਰੱਖਣਾ ਗੁਰੂ ਅਮਰਦਾਸ ਦਾ ਸਿੱਖ ਧਰਮ ਦੇ ਵਿਕਾਸ ਲਈ ਇੱਕ ਮਹਾਨ ਕੰਮ ਮੰਨਿਆ ਜਾਂਦਾ ਹੈ। ਗੋਕਲ ਚੰਦ ਨਾਰੰਗ ਦੇ ਕਥਨ ਅਨੁਸਾਰ ਇਸ ਦੇ ਮਹੱਤਵਪੂਰਨ ਸਿੱਟੇ ਨਿਕਲੇ। ਪਹਿਲਾਂ ਇਸ ਸ਼ਹਿਰ ਦੇ ਮਾਝੇ ਦੇ ਇਲਾਕੇ ਦੇ ਕੇਂਦਰ ਵਿੱਚ ਸਥਿਤ ਹੋਣ ਕਾਰਨ ਇਸ ਇਲਾਕੇ ਦੇ ਬਹੁਤ ਸਾਰੇ ਬਹਾਦਰ ਹਿੰਦੂ ਜੱਟ ਗੁਰੂ ਜੀ ਦੇ ਅਨੁਯਾਈ ਬਣ ਗਏ ਜੋ ਬਾਅਦ ਵਿੱਚ ਇੱਕ ਚੰਗੇ ਸੈਨਿਕ ਸਾਬਤ ਹੋਏ। ਦੂਜਾ, ਅੰਮ੍ਰਿਤਸਰ ਇੱਕ ਖੁਸ਼ਹਾਲ ਸ਼ਹਿਰ ਅਤੇ ਵਪਾਰ ਦਾ ਕੇਂਦਰ ਬਣ ਗਿਆ। ਇਸ ਤੋਂ ਗੁਰੂ ਸਾਹਿਬ ਨੂੰ ਸਿੱਖੀ ਪ੍ਰਚਾਰ ਅਤੇ

ਉਸਾਰੀ ਕੰਮਾਂ ਲਈ ਬਹੁਤ ਜ਼ਿਆਦਾ ਆਮਦਨੀ ਪ੍ਰਾਪਤ ਹੋਣ ਲੱਗੀ। ਬਾਅਦ ਵਿੱਚ ਤਾਂ ਇਹ ਸਿੱਖਾਂ ਦਾ ਸਭ ਤੋਂ ਪਵਿੱਤਰ ਅਸਥਾਨ ਬਣ ਗਿਆ।

**(ੲ) ਮਸੰਦ ਪ੍ਰਥਾ ਦਾ ਆਰੰਭ :-** ਮੈਕਾਲਿਫ (Maculiffe) ਅਨੁਸਾਰ ਗੁਰੂ ਰਾਮਦਾਸ ਨੇ ਮਸੰਦ ਪ੍ਰਥਾ ਨੂੰ ਚਾਲੂ ਕੀਤਾ। ਉਨ੍ਹਾਂ ਨੂੰ ਅੰਮ੍ਰਿਤਸਰ ਅਤੇ ਸੰਤੋਖਸਰ ਦੇ ਤਲਾਵਾਂ ਦੀ ਉਸਾਰੀ ਲਈ ਰੁਪਏ ਦੀ ਲੋੜ ਸੀ। ਇਸ ਲਈ ਉਨ੍ਹਾਂ ਨੇ ਆਪਣੇ ਕੁਝ ਸ਼ਰਧਾਲੂ ਸਿੱਖਾਂ ਨੂੰ ਦੂਰ ਨੇੜੇ ਦੇ ਸਥਾਨਾਂ ਤੇ ਜਾ ਧਰਮ ਦਾ ਪ੍ਰਚਾਰ ਕਰਨ ਅਤੇ ਕਾਰ ਭੇਟਾ ਇਕੱਠੀ ਕਰਨ ਲਈ ਭੇਜਿਆ। ਇਨ੍ਹਾਂ ਸਿਖਾਂ ਨੂੰ ਬਾਅਦ ਵਿਚ ਮਸੰਦ ਕਿਹਾ ਜਾਣ ਲੱਗਾ। 'ਮਸੰਦ' ਫਾਰਸੀ ਦੇ ਸ਼ਬਦ ਮਸਨਦ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ਉੱਚੀ ਪਦਵੀ ਵਾਲਾ। ਦਬਿਸਤਾਨ-ਏ-ਮਜ਼ਹਬ ਦੇ ਆਧਾਰ ਤੇ ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਮਸੰਦ ਪ੍ਰਥਾ ਦੀ ਜਥੇਬੰਦੀ ਗੁਰੂ ਰਾਮਦਾਸ ਨੇ ਨਹੀਂ, ਸਗੋਂ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ। ਅਸਲੀ ਗੱਲ ਇਹੋ ਜਾਪਦੀ ਹੈ। ਅਸਿੱਧੇ ਰੂਪ ਵਿਚ ਇਸ ਪ੍ਰਥਾ ਦਾ ਆਰੰਭ ਤਾਂ ਗੁਰੂ ਰਾਮਦਾਸ ਨੇ ਕੀਤਾ ਪਰ ਵਾਸਤਵ ਵਿੱਚ ਇਸ ਦਾ ਸੰਗਠਨ ਤੇ ਵਿਕਾਸ ਗੁਰੂ ਅਰਜਨ ਦੇਵ ਦੇ ਸਮੇਂ ਵਿਚ ਹੋਇਆ। ਗੁਰੂ ਰਾਮਦਾਸ ਵੇਲੇ ਤਾਂ ਸਿੱਖ ਆਪਣੀ ਮਰਜ਼ੀ ਨਾਲ ਗੁਰੂ ਸਾਹਿਬ ਦੇ ਨਾਂ ਭੇਟਾਂ ਦਿੰਦੇ ਸਨ, ਪਰ ਗੁਰੂ ਅਰਜਨ ਦੇਵ ਨੇ ਸਾਰੇ ਸਿੱਖਾਂ ਲਈ ਆਪਣੀ ਆਮਦਨੀ ਦਾ ਦਸਵਾਂ ਹਿੱਸਾ (ਦਸਵੰਧ) ਗੁਰੂ ਸਾਹਿਬ ਨੂੰ ਆਪਣੀ ਮਰਜ਼ੀ ਨਾਲ ਹੀ ਦੇਣ ਵਾਸਤੇ ਕਿਹਾ।ਪੰਜਵੇਂ ਗੁਰੂ ਸਾਹਿਬ ਦੇ ਸਮੇਂ ਮਸੰਦ ਪ੍ਰਥਾ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਬੜੀ ਸਹਾਇਤਾ ਕੀਤੀ।

**(ਸ) ਉਦਾਸੀਆਂ ਨਾਲ ਸਮਝੌਤਾ :-** ਗੁਰੂ ਰਾਮਦਾਸ ਦੇ ਸਮੇਂ ਸਿੱਖਾਂ ਅਤੇ ਉਦਾਸੀਆਂ ਦਾ ਆਪਸ ਵਿਚ ਸਮਝੋਤਾ ਹੋ ਗਿਆ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਆਪਣੀ ਨਿਮਰਤਾ ਅਤੇ ਧਾਰਮਿਕ ਭਾਵਨਾਵਾਂ ਦੇ ਕਾਰਨ ਉਦਾਸੀਆਂ ਦੇ ਨੇਤਾਵਾਂ ਤੇ ਡੂੰਘਾ ਅਸਰ ਪਾਇਆ। ਇਥੋਂ ਤੱਕ ਕਿ ਬਾਬਾ ਸ੍ਰੀ ਚੰਦ ਨੇ ਵੀ ਉਨ੍ਹਾਂ ਪਾਸ ਆ ਕੇ ਉਨ੍ਹਾਂ ਨੂੰ ਨਮਸਕਾਰ ਕੀਤਾ। ਇਸ ਤਰ੍ਹਾਂ ਉਦਾਸੀਆਂ ਅਤੇ ਸਿੱਖਾਂ ਦੀ ਪੁਰਾਣੀ ਦੁਸ਼ਮਣੀ ਸਮਾਪਤ ਹੋ ਗਈ ਅਤੇ ਦੋਨੋਂ ਆਪਸ ਵਿਚ ਮਿਲ ਕੇ ਰਹਿਣ ਲੱਗੇ।

**(ਹ) ਸਿੱਖ ਧਰਮ ਦਾ ਪ੍ਰਚਾਰ :-** ਗੁਰੂ ਰਾਮਦਾਸ ਨੇ ਗੁਰੂ ਅਮਰਦਾਸ ਵਾਂਗ ਸਿੱਖ ਧਰਮ ਦਾ ਬੜੇ ਉਤਸ਼ਾਹ ਨਾਲ ਪ੍ਰਚਾਰ ਕੀਤਾ। ਉਨ੍ਹਾਂ ਨੇ ਜੰਡਿਆਲਾ ਨਿਵਾਸੀ ਹੰਦਾਲ ਨਾਮੀ ਵਿਅਕਤੀ ਨੂੰ ਆਪਣਾ ਸਿੱਖ ਬਣਾਇਆ ਅਤੇ ਉਸ ਨੂੰ ਆਪਣੇ ਇਲਾਕੇ ਦੇ ਪ੍ਰਚਾਰਕ ਨਿਯੁਕਤ ਕਰ ਦਿੱਤਾ। ਉਨ੍ਹਾਂ ਨੇ ਆਪਣੇ ਇੱਕ ਪ੍ਰਸਿੱਧ ਵਿਦਵਾਨ ਸਿੱਖ ਭਾਈ ਗੁਰਦਾਸ ਨੂੰ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਆਗਰੇ ਭੇਜਿਆ। ਭਾਈ ਗੁਰਦਾਸ ਨੂੰ ਆਪਣੇ ਮਿਸ਼ਨ ਵਿੱਚ ਬਹੁਤ ਸਫ਼ਲਤਾ ਪ੍ਰਾਪਤ ਹੋਈ ਅਤੇ ਉਨ੍ਹਾਂ ਆਗਰੇ ਦੇ ਬਹੁਤ ਸਾਰੇ ਲੋਕਾਂ ਨੂੰ ਸਿੱਖ ਬਣਾਇਆ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਦੀ ਸ਼ਖਸੀਅਤ ਮਿੱਠੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਬਹੁਤ ਜ਼ਿਆਦਾ ਗਿਣਤੀ ਵਿੱਚ ਲੋਕ ਉਨ੍ਹਾਂ ਦੇ ਅਨੁਯਾਈ ਬਣੇ।

**(ਕ) ਉੱਤਰ-ਅਧਿਕਾਰੀ ਚੁਣਨਾ ਅਤੇ ਜੋਤੀ-ਜੋਤ ਸਮਾਉਣਾ :-** ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਸਨ- ਪ੍ਰਿਥੀ ਚੰਦ, ਮਹਾਂ ਦੇਵ ਅਤੇ ਅਰਜਨ। ਉਨ੍ਹਾਂ ਨੇ ਇਨ੍ਹਾਂ ਵਿਚੋਂ ਸਭ ਤੋਂ ਛੋਟੇ ਪੁੱਤਰ ਅਰਜਨ ਦੇਵ ਨੂੰ ਹੀ ਗੁਰ-ਗੱਦੀ ਦੇ ਯੋਗ ਸਮਝਦੇ ਹੋਏ ਆਪਣਾ ਉੱਤਰ-ਅਧਿਕਾਰੀ ਚੁਣਿਆ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਾਰਸ ਗੁਰੂ ਦੇ ਪਰਿਵਾਰ ਵਿਚੋਂ ਹੀ ਚੁਣਨ ਤਕ ਸੀਮਤ ਹੋ ਗਿਆ ਪਰੰਤੂ ਚੋਣ ਦੇ ਠੀਕ ਨਾ ਹੋਣ ਦਾ ਪ੍ਰਸ਼ਨ ਕਦੇ ਵੀ ਨਹੀਂ ਛੱਡਿਆ ਗਿਆ। ਅਸੀਂ ਦੇਖਦੇ ਹਾਂ ਕਿ ਵੱਡੇ ਪੁੱਤਰ ਨੂੰ ਛੱਡ ਕੇ ਛੋਟੇ ਪੁੱਤਰ ਨੂੰ ਤੇ ਪੋਤਰੇ ਨੂੰ ਗੱਦੀ ਮਿਲਦੀ ਰਹੀ। ਜੇਕਰ ਕਿਸੇ ਗੁਰੂ ਨੂੰ ਪਰਿਵਾਰ ਵਿਚੋਂ ਯੋਗ ਵਿਅਕਤੀ ਨਾ ਮਿਲਦਾ ਤਾਂ ਉਹ ਜ਼ਰੂਰੀ ਹੀ ਪਰਿਵਾਰ ਤੋਂ ਬਾਹਰੋਂ ਉੱਤਰ-ਅਧਿਕਾਰੀ ਦੀ ਚੋਣ ਕਰਦੇ। ਪਰਿਵਾਰ ਵਿਚੋਂ ਵਾਰਸ ਚੁਣਿਆ ਜਾਣਾ ਕੋਈ ਗਲਤ ਵੀ ਨਹੀਂ ਸੀ ਕਿਉਂਕਿ ਵਾਸਤਵ ਵਿੱਚ ਸਿੱਖ ਸਮਾਜ ਦੇ ਸਾਰੇ ਮੈਂਬਰ ਗੁਰੂ ਦਾ ਪਰਿਵਾਰ ਸਨ।

**1.3.5.2 ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ:-** ਭਾਈ ਬਾਲਾ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਉਦਾਸੀ, ਗੋਇੰਦਵਾਲ, ਬਾਬਾ ਸ੍ਰੀ ਚੰਦ, ਸਿੱਖ ਮੱਤ, ਸਤੀ ਪ੍ਰਥਾ, ਅਕਬਰ, ਅੰਮ੍ਰਿਤਸਰ, ਮਸੰਦ

### 1.3.5.3 ਵਿਦਿਆਰਥੀ ਦੇ ਅਭਿਆਸ ਲਈ ਪ੍ਰਸ਼ਨ:-

1. ਗੁਰੂ ਅੰਗਦ ਦੇਵ ਜੀ ਨੇ ਸਿੱਖ ਮੱਤ ਦੇ ਵਿਕਾਸ ਲਈ ਕੀ ਕੰਮ ਕੀਤੇ। ਵਿਸਥਾਰ ਨਾਲ ਲਿਖੋ।

2. 'ਲੰਗਰ' ਤੋਂ ਕੀ ਭਾਵ ਹੈ? ਇਸਦੇ ਵਿਕਾਸ ਬਾਰੇ ਲਿਖੋ।
3. ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਨੇ ਸਿੱਖ ਮੱਤ ਦੇ ਸੰਗਠਨ ਅਤੇ ਵਿਕਾਸ ਵਿਚ ਕੀ ਯੋਗਦਾਨ ਪਾਇਆ।
4. ਮਸੰਦ ਪ੍ਰਥਾ ਉਤੇ ਨੋਟ ਲਿਖੋ?
5. ਅੰਮ੍ਰਿਤਸਰ ਦੀ ਨੀਂਹ ਕਦੋਂ ਅਤੇ ਕਿਸਨੇ ਰੱਖੀ? ਇਸਦੀ ਇਤਿਹਾਸਕ ਮਹੱਤਤਾ ਲਿਖੋ?
6. ਮੰਜੀ ਪ੍ਰਥਾ ਦਾ ਆਰੰਭ ਕਿਸਨੇ ਕੀਤਾ? ਇਸ ਪ੍ਰਥਾ ਨੇ ਸਿੱਖ ਧਰਮ ਦੇ ਵਿਕਾਸ ਵਿਚ ਕੀ ਯੋਗਦਾਨ ਪਾਇਆ ?
7. ਗੁਰੂ ਰਾਮਦਾਸ ਜੀ ਦੇ ਉਦਾਸੀ ਮੱਤ ਨਾਲ ਸੰਬੰਧਾਂ ਬਾਰੇ ਲਿਖੋ?
8. ਗੁਰੂ ਗੱਦੀ ਦੇ ਜੱਦੀ ਹੋਣ ਉਤੇ ਨੋਟ ਲਿਖੋ?

ਪਾਠ ਨੰ. 1.3 (ਬੀ)

## ਗੁਰੂ ਅਰਜਨ ਦੇਵ ਜੀ ਦੀਆਂ ਪ੍ਰਾਪਤੀਆਂ (1581-1606 ਈਸਵੀਂ)

ਪਾਠ ਦੀ ਬਣਤਰ:

1.1 ਮੁੱਢਲਾ ਜੀਵਨ
1.2 ਗੁਰੂ ਸਾਹਿਬ ਦੇ ਉਸਾਰੂ ਕੰਮ
1.3 ਮਸੰਦ ਪ੍ਰਥਾ
 1.3.1 ਮਸੰਦ ਪ੍ਰਥਾ ਦੇ ਲਾਭ
 1.3.2 ਮਸੰਦ ਪ੍ਰਥਾ ਦੇ ਦੋਸ਼ ਅਤੇ ਇਸਦਾ ਅੰਤ
1.4 ਵਪਾਰ ਵੱਲ ਸਿੱਖਾਂ ਦਾ ਧਿਆਨ ਦੁਆਉਣਾ
1.5 ਸਮਾਜਿਕ ਸੁਧਾਰ
1.6 ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ
1.7 ਵਿਸ਼ਾ ਵਸਤੂ
1.8 ਗੁਰੂ ਗ੍ਰੰਥ ਸਾਹਿਬ ਦੀ ਇਤਿਹਾਸਕ ਮਹੱਤਤਾ
1.9 ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ
1.10 ਵਿਦਿਆਰਥੀਆਂ ਦੇ ਅਭਿਆਸ ਲਈ ਪ੍ਰਸ਼ਨ

**ਪਾਠ ਦਾ ਉਦੇਸ਼:**

1) ਗੁਰੂ ਅਰਜਨ ਦੇਵ ਜੀ ਦੇ ਸਿੱਖ ਮੱਤ ਦੇ ਵਿਕਾਸ ਲਈ ਕੀਤੇ ਉਸਾਰੂ ਕੰਮਾਂ ਬਾਰੇ ਚਰਚਾ।
2) ਮਸੰਦ ਪ੍ਰਥਾ ਦੇ ਲਾਭ, ਦੋਸ਼ ਅਤੇ ਅੰਤ ਬਾਰੇ ਦੱਸਣਾ।
3) ਗੁਰੂ ਅਰਜਨ ਦੇਵ ਜੀ ਦੁਆਰਾ ਕੀਤੇ ਸਮਾਜਿਕ ਸੁਧਾਰਾਂ ਬਾਰੇ ਚਰਚਾ।
4) ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਇਸਦੀ ਮਹੱਤਤਾ ਦਾ ਗਿਆਨ।

**1.1 ਮੁਢਲਾ ਜੀਵਨ (Early Life) :-** ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ, 1563 .ਈ. ਨੂੰ ਗੋਇੰਦਵਾਲ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਉਨ੍ਹਾਂ ਦੇ ਨਾਨਾ ਅਮਰਦਾਸ ਜੀ ਉਨ੍ਹਾਂ ਨਾਲ ਬਹੁਤ ਪਿਆਰ ਕਰਦੇ ਸਨ। ਗੁਰੂ ਅਰਜਨ ਦੇਵ ਜੀ ਨੇ ਆਪਣੇ ਜੀਵਨ ਦੇ ਪਹਿਲੇ ਸਾਢੇ ਗਿਆਰਾਂ ਵਰ੍ਹੇ ਆਪਣੇ ਨਾਨਾ ਜੀ ਦੇ ਘਰ ਗੋਇੰਦਵਾਲ ਵਿੱਚ ਬਤੀਤ ਕੀਤੇ। ਉਸ ਤੋਂ ਬਾਅਦ ਉਹ ਆਪਣੇ ਪਿਤਾ ਗੁਰੂ ਰਾਮਦਾਸ ਨਾਲ ਅੰਮ੍ਰਿਤਸਰ ਆ ਗਏ। ਉਹ ਆਪਣਾ ਸਾਰਾ ਸਮਾਂ ਰਾਮਦਾਸਪੁਰਾ ਜਾਂ ਅੰਮ੍ਰਿਤਸਰ ਵਿੱਚ ਸੇਵਾ ਵਿਚ ਗੁਜ਼ਾਰਦੇ। ਉਨ੍ਹਾਂ ਦੇ ਸੇਵਾ-ਭਾਵ ਅਤੇ ਆਗਿਆ ਪਾਲਨ ਦੇ ਗੁਣਾਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਆਪਣਾ ਉੱਤਰ-ਅਧਿਕਾਰੀ ਚੁਣਿਆ, ਹਾਲਾਂਕਿ ਉਹ ਉਨ੍ਹਾਂ ਦੇ ਸਭ ਤੋਂ ਛੋਟੇ ਪੁੱਤਰ ਸਨ। 1581 ਈ: ਵਿਚ ਗੁਰ-ਗੱਦੀ ਉੱਤੇ ਬਿਰਾਜਮਾਨ ਹੋਏ। ਗੁਰੂ ਬਣਨ ਉਪਰੰਤ ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਗੁਰੂ ਸਾਹਿਬ ਦਾ ਵਿਰੋਧ ਕੀਤਾ। ਉਸ ਨੇ ਮਸੰਦਾਂ ਨਾਲ ਮਿਲ ਕੇ ਗੁਰੂ ਘਰ ਦੀ ਨਾਕਾਬੰਦੀ ਕੀਤੀ। ਗੁਰੂ ਸਾਹਿਬ ਕੋਲ ਆਉਣ ਵਾਲੇ ਸਿੱਖਾਂ ਨੂੰ ਗੁੰਮਰਾਹ ਕਰਕੇ ਮਸੰਦ ਪ੍ਰਿਥੀ ਚੰਦ ਕੋਲ ਲੈ ਜਾਂਦੇ ਤੇ ਉਹ ਉਨ੍ਹਾਂ ਕੋਲੋਂ ਕਾਰ ਭੇਟਾਂ ਵਸੂਲ ਕਰ ਲੈਂਦਾ। ਪਰ ਗੁਰੂ ਅਰਜਨ ਦੇਵ ਆਪਣੇ ਵੱਡੇ ਭਰਾ ਦੀਆਂ ਵਧੀਕੀਆਂ ਨੂੰ ਸਹਿਨ ਕਰਦੇ ਰਹੇ। ਇਸ ਸਮੇਂ ਭਾਈ ਗੁਰਦਾਸ ਜੀ, ਗੁਰੂ ਸਾਹਿਬ ਦੀ ਸਹਾਇਤਾ ਲਈ ਆ ਪਹੁੰਚੇ (ਇਸ ਤੋਂ ਪਹਿਲਾਂ ਉਹ ਗੁਰੂ ਰਾਮਦਾਸ ਦੇ ਸਮੇਂ ਤੋਂ ਆਗਰੇ ਸਿੱਖ ਧਰਮ ਦਾ ਪ੍ਰਚਾਰ ਕਰ ਰਹੇ ਸਨ) ਭਾਈ ਗੁਰਦਾਸ ਜੀ ਨੇ ਸ਼ਰਧਾਲੂ ਸਿੱਖਾਂ ਨੂੰ ਇਕੱਠਾ ਕਰਕੇ ਪ੍ਰਿਥੀ ਚੰਦ ਦੀਆਂ ਫੈਲਾਈਆਂ ਹੋਈਆਂ ਗਲਤ-ਫਹਿਮੀਆਂ ਦੂਰ ਕੀਤੀਆਂ। ਪ੍ਰੰਤੂ ਪ੍ਰਿਥੀ ਚੰਦ ਲਾਹੌਰ ਦੇ ਮੁਗਲ ਸੂਬੇਦਾਰ ਸੁਲਹੀ ਖਾਂ ਨਾਲ ਮਿਲ ਕੇ ਗੁਰੂ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਲਈ ਗੋਦਾਂ ਗੁੰਦਣ ਲੱਗ ਪਿਆ।

ਇਸ ਕਰਕੇ ਮੈਕਾਲਿਫ ਅਨੁਸਾਰ ਗੁਰੂ ਸਾਹਿਬ ਕੁਝ ਚਿਰ ਲਈ ਪਰਿਵਾਰ ਸਮੇਤ ਵਡਾਲੀ ਚਲੇ ਗਏ। ਪ੍ਰਿਥੀ ਚੰਦ ਨੇ ਸੁਲਹੀ ਖਾਂ ਨੂੰ ਅੰਮ੍ਰਿਤਸਰ ਲੁੱਟਣ ਅਤੇ ਗੁਰੂ ਜੀ ਨੂੰ ਡਰਾਉਣ ਲਈ ਅੰਮ੍ਰਿਤਸਰ ਵੀ ਭੇਜਿਆ। ਗੁਰੂ ਜੀ ਉਸ ਵੇਲੇ ਅੰਮ੍ਰਿਤਸਰ ਨਹੀਂ ਸਨ। ਗੁਰੂ ਜੀ ਨੂੰ ਉਥੇ ਨਾ ਵੇਖ ਕੇ ਉਹ ਵਾਪਸ ਮੁੜ ਆਇਆ।

ਫਿਰ ਪ੍ਰਿਥੀ ਚੰਦ ਨੇ ਸੁਲਹੀ ਖਾਂ ਨਾਲ ਮਿਲ ਕੇ ਅਕਬਰ ਬਾਦਸ਼ਾਹ ਅੱਗੇ ਗੁਰੂ ਸਾਹਿਬ ਵਿਰੁੱਧ ਸ਼ਿਕਾਇਤਾਂ ਕੀਤੀਆਂ ਕਿ ਗੁਰੂ ਸਾਹਿਬ ਜੋ ਗ੍ਰੰਥ ਤਿਆਰ ਕਰ ਰਹੇ ਹਨ, ਉਸ ਵਿੱਚ ਹਿੰਦੂ ਅਤੇ ਮੁਸਲਮਾਨਾਂ ਸੰਬੰਧੀ ਅਯੋਗ ਸ਼ਬਦਾਂ ਦੀ ਵਰਤੋਂ ਕੀਤੀ ਹੈ ਪ੍ਰੰਤੂ ਅਕਬਰ ਉੱਤੇ ਇਨ੍ਹਾਂ ਸ਼ਿਕਾਇਤਾਂ ਦਾ ਕੋਈ ਅਸਰ ਨਾ ਹੋਇਆ।

## 1.2 ਗੁਰੂ ਸਾਹਿਬ ਦੇ ਉਸਾਰੂ ਕੰਮ

**ਅੰਮ੍ਰਿਤਸਰ, ਤਰਨਤਾਰਨ ਅਤੇ ਕਰਤਾਰਪੁਰ ਦਾ ਨਿਰਮਾਣ :-** ਕੁਝ ਚਿਰ ਪਿਛੋਂ ਸੁਲਹੀ ਖਾਂ ਦੀ ਮੌਤ ਹੋ ਗਈ ਅਤੇ ਗੁਰੂ ਸਾਹਿਬ ਦਾ ਵਿਰੋਧ ਘੱਟ ਗਿਆ। ਗੁਰੂ ਸਾਹਿਬ ਸਿੱਖ ਧਰਮ ਦੇ ਵਿਕਾਸ ਵੱਲ ਤਨੋ-ਮਨੋਂ ਜੁਟ ਗਏ। ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਪੂਰਨ ਰੂਪ ਦੇ ਕੇ ਸ਼ਹਿਰ ਦਾ ਵਿਕਾਸ ਕੀਤਾ। ਇਸ ਤੋਂ ਬਿਨਾਂ ਉਨ੍ਹਾਂ ਨੇ ਤਰਨਤਾਰਨ ਅਤੇ ਕਰਤਾਰਪੁਰ ਦੇ ਨਗਰ ਵਸਾਏ। ਲਾਹੌਰ ਵਿਚ ਡੱਬੀ ਬਾਜ਼ਾਰ ਵਿਖੇ ਬਾਉਲੀ ਵੀ ਇਸ ਸਮੇਂ ਉਸਾਰੀ ਗਈ। ਤਰਨਤਾਰਨ ਨੂੰ ਆਪਣੇ ਪ੍ਰਚਾਰ ਦਾ ਕੇਂਦਰ ਬਣਾ ਕੇ ਗੁਰੂ ਸਾਹਿਬ ਨੇ ਇੱਕ ਮਹਾਨ ਕੰਮ ਕੀਤਾ। ਇਸ ਕਰਕੇ ਮਾਝੇ ਦੇ ਜੱਟ ਬਹੁਤ ਸਾਰੇ ਸਿੱਖ ਬਣ ਗਏ। ਡਾ. ਗੋਕਲ ਚੰਦ ਅਨੁਸਾਰ, ''ਅੰਮ੍ਰਿਤਸਰ ਅਤੇ ਤਰਨਤਾਰਨ ਵਿੱਚ ਜੋ ਸਿੱਖ ਪ੍ਰਚਾਰ ਹੁੰਦਾ ਸੀ, ਉਸ ਦੇ ਪ੍ਰਕਾਸ਼ ਹੇਠਾਂ ਜੱਟਾਂ ਨੇ ਆਪਣੀ ਤਾਕਤ ਨੂੰ ਮਹਿਸੂਸ ਕੀਤਾ ਤੇ ਉਨ੍ਹਾਂ ਨੇ ਹੌਲੀ-ਹੌਲੀ ਸ਼ਾਂਤਮਈ ਕਿਸਾਨਾਂ ਦੀ ਬਜਾਏ ਲੜਾਕੇ ਸਿਪਾਹੀਆਂ ਦਾ ਰੂਪ ਧਾਰਨ ਕੀਤਾ।'' ਇਸ ਕਰਕੇ ਹੀ ਪਿਛਲੇਰੇ ਸਿੱਖ ਇਤਿਹਾਸ ਵਿੱਚ ਅਸੀਂ ਚੁਪ ਚਪੀਤੇ ਸ਼ਾਂਤਮਈ ਅਤੇ ਨਾਮ ਜਪਣ ਵਾਲੇ ਸਿੱਖਾਂ ਦੀ ਥਾਂ ਲੜਾਕੇ, ਜੁਸ਼ੀਲੇ, ਤਲਵਾਰ ਦੇ ਧਨੀ ਅਤੇ ਦਲੇਰ ਸਿੱਖਾਂ ਦੇ ਕਾਰਨਾਮਿਆਂ ਨੂੰ ਪੜ੍ਹਦੇ ਹਾਂ ਜੋ ਹਰ ਸਮੇਂ ਆਪਣੇ ਦੁਸ਼ਮਣਾਂ ਵਿਰੁੱਧ ਲੜਨ ਲਈ ਤੱਤਪਰ ਰਹਿੰਦੇ ਸਨ। ਇਹ ਹੀ ਕਾਰਨ ਸੀ ਕਿ ਤਰਨਤਾਰਨ ਦੇ ਇਲਾਕੇ ਵਿੱਚ ਸਦਾ ਤਕੜੇ ਕਿਸਾਨ ਮਿਲਦੇ ਹਨ ਅਤੇ ਇਹ ਇਲਾਕਾ ਬਹਾਦਰ ਸਿਪਾਹੀਆਂ ਦਾ ਘਰ ਹੈ।

## 1.3 ਮਸੰਦ ਪ੍ਰਥਾ

'ਮਸੰਦ' ਸ਼ਬਦ ਫਾਰਸੀ ਦੇ ਸ਼ਬਦ 'ਮਸਨਦ' ਤੋਂ ਬਣਿਆ ਹੈ ਜਿਸ ਦੇ ਅਰਥ ਹਨ-ਉੱਚਾ ਸਥਾਨ। ਜਿਸ ਵੇਲੇ ਗੁਰੂ ਅਰਜਨ ਦੇਵ ਜੀ ਗੁਰ-ਗੱਦੀ ਤੇ ਬਿਰਾਜਮਾਨ ਹੋਏ ਤਾਂ ਉਸ ਵੇਲੇ ਬਹੁਤ ਸਾਰੇ ਉਸਾਰੀ ਦੇ ਕੰਮ ਚਾਲੂ ਸਨ। ਮੈਕਾਲਿਫ ਦੇ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਇਨ੍ਹਾਂ ਉਸਾਰੀ ਦੇ ਕੰਮਾਂ ਨੂੰ ਪੂਰਾ ਕਰਨ ਲਈ ਮਸੰਦ ਪ੍ਰਥਾ ਚਾਲੂ ਕੀਤੀ ਸੀ। ਇਹ ਮਸੰਦ ਗੁਰੂ ਸਾਹਿਬ ਦੇ ਪ੍ਰਤੀਨਿਧ ਦੇ ਰੂਪ ਵਿਚ ਥਾਂ-ਥਾਂ ਤੇ ਜਾ ਕੇ ਗੁਰੂ ਸਾਹਿਬ ਦਾ ਸੰਗਤਾਂ ਨੂੰ ਸੁਨੇਹਾ ਦਿੰਦੇ ਸਨ। ਸਿੱਖੀ ਦੇ ਪ੍ਰਚਾਰ ਕਰਨ ਤੋਂ ਬਿਨਾਂ ਸਿੱਖਾਂ ਕੋਲੋਂ ਕਾਰ-ਭੇਟਾ ਇਕੱਠੀ ਕਰਕੇ ਗੁਰੂ ਸਾਹਿਬ ਦੇ ਕੋਲ ਲੈ ਆਉਂਦੇ ਸਨ।

ਪਰ ਵਾਸਤਵ ਵਿੱਚ ਇਸ ਸੰਸਥਾ ਦਾ ਪੂਰਨ ਰੂਪ ਵਿੱਚ ਸੰਗਠਨ ਗੁਰੂ ਅਰਜਨ ਦੇਵ ਜੀ ਦੇ ਅਧੀਨ ਹੋਇਆ। ਉਨ੍ਹਾਂ ਨੇ ਇਸ ਪ੍ਰਥਾ ਨੂੰ ਨਵੇਂ ਸਿਰੇ ਤੋਂ ਜਥੇਬੰਦ ਕੀਤਾ। ਇਸ ਦੀ ਰੂਪ-ਰੇਖਾ ਇਸ ਪ੍ਰਕਾਰ ਸੀ :

1. ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਆਪਣੀ ਆਮਦਨ ਦਾ ਦਸਵੰਧ ਮਸੰਦਾਂ ਕੋਲ ਜਮ੍ਹਾਂ ਕਰਵਾਉਣ ਤੇ ਮਸੰਦ ਉਸ ਨੂੰ ਗੁਰੂ ਦੇ ਖਜ਼ਾਨੇ ਵਿੱਚ ਜਮ੍ਹਾਂ ਕਰਾਣ।
2. ਮਸੰਦਾਂ ਨੂੰ ਹੁਕਮ ਸੀ ਕਿ ਉਹ ਇਕੱਠੀ ਕੀਤੀ ਰਕਮ ਆਪਣੇ ਨਿੱਜੀ ਕੰਮ ਵਾਸਤੇ ਨਾ ਵਰਤਣ।
3. ਮਸੰਦਾਂ ਨੂੰ ਗੁਰੂ ਸਾਹਿਬ ਦਾ ਨਾਇਬ ਮੰਨਿਆ ਜਾਣ ਲੱਗ ਪਿਆ, ਜਿਸ ਕਰਕੇ ਉਨ੍ਹਾਂ ਦਾ ਰੁਤਬਾ ਬਹੁਤ ਉੱਚਾ ਹੋ ਗਿਆ। ਇਹ ਮਸੰਦ ਆਪਣੇ ਇਲਾਕਿਆਂ ਵਿਚੋਂ ਦਸਵੰਧ ਇਕੱਠਾ ਕਰਕੇ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਜਮ੍ਹਾਂ ਕਰਵਾਉਂਦੇ ਸਨ।
4. ਮਸੰਦ ਅੱਗੇ ਆਪਣੇ ਨਾਇਬ ਨਿਯੁਕਤ ਕਰਕੇ ਦੂਰ-ਦੂਰ ਤੋਂ ਮਾਇਆ ਇਕੱਤਰ ਕਰਦੇ ਸਨ। ਮਸੰਦ ਆਮ ਤੌਰ ਤੇ ਬੜੇ ਉੱਚੇ ਆਚਰਨ ਵਾਲੇ ਤੇ ਆਤਮਕ ਤੌਰ ਤੇ ਸ੍ਰੇਸ਼ਠ ਹੁੰਦੇ ਸਨ। ਭੇਟਾ ਉਗਰਹੁਣ ਤੋਂ ਇਲਾਵਾ ਇਹ ਵੱਖ-ਵੱਖ ਇਲਾਕਿਆਂ ਵਿੱਚ ਧਰਮ ਪ੍ਰਚਾਰ ਦਾ ਕੰਮ ਵੀ ਕਰਦੇ ਸਨ।

1.3.1 **ਮਸੰਦ ਪ੍ਰਥਾ ਦੇ ਲਾਭ :-** ਮਸੰਦ ਪ੍ਰਥਾ ਕਈ ਪ੍ਰਕਾਰ ਨਾਲ ਸਿੱਖ ਧਰਮ ਦੇ ਲਈ ਅਤਿ ਮਹੱਤਤਾ ਪੂਰਨ ਸੰਸਥਾ

ਸਿੱਧ ਹੋਈ। ਇਸ ਦੇ ਲਾਭ ਇਸ ਪ੍ਰਕਾਰ ਸਨ :-

1. ਮਸੰਦਾਂ ਨੇ ਸੰਗਤਾਂ ਤੋਂ ਭੇਟਾ ਉਗਰਾਹ ਕੇ ਉਸਾਰੀ ਕੰਮਾਂ ਲਈ ਲੋੜੀਂਦੀ ਮਾਇਆ ਗੁਰੂ ਸਾਹਿਬ ਨੂੰ ਪਹੁੰਚਾਈ।
2. ਦਸਵੰਧ ਉਗਰਾਹੁਣ ਤੋਂ ਇਲਾਵਾ ਮਸੰਦਾਂ ਦੁਆਰਾ ਸਿੱਖ ਧਰਮ ਪੰਜਾਬ ਤੋਂ ਬਹੁਤ ਦੂਰ-ਦੂਰ ਤੱਕ ਫੈਲ ਗਿਆ।
3. ਇਸ ਸੰਸਥਾ ਨੇ ਸਿੱਖਾਂ ਨੂੰ ਗੁਰੂ ਜੀ ਨਾਲ ਜੋੜੀ ਰੱਖਿਆ। ਗੁਰੂ ਸਾਹਿਬ ਅੰਮ੍ਰਿਤਸਰ ਤੋਂ ਕੇਂਦਰੀ ਸ਼ਕਤੀ ਦੇ ਰੂਪ ਵਿਚ ਮੰਸਦਾਂ ਰਾਹੀਂ ਸਾਰਿਆਂ ਸਿੱਖਾਂ ਦੀ ਅਗਵਾਈ ਕਰਦੇ ਸਨ। ਸਿੱਟੇ ਵਜੋਂ ਇਸ ਸੰਸਥਾ ਨੇ ਸਿੱਖਾਂ ਨੂੰ ਗੁਰੂ ਸਾਹਿਬ ਦੀ ਸ਼ਕਤੀ ਦੇ ਅਧੀਨ ਰੱਖੀ ਰੱਖਿਆ।
4. ਦਸਵੰਧ ਦੀ ਸ਼ਕਲ ਵਿੱਚ ਸਿੱਖਾਂ ਦੀ ਆਮਦਨ ਦਾ ਇੱਕ ਨਿਸ਼ਚਿਤ ਭਾਗ ਗੁਰੂ ਸਾਹਿਬ ਲਈ ਇੱਕਠਾ ਹੋ ਜਾਣਾ ਇੱਕ ਵੱਡਾ ਤੇ ਕਰਾਂਤੀਕਾਰੀ ਕੰਮ ਸੀ।

**1.3.2 ਮਸੰਦ ਪ੍ਰਥਾ ਵਿੱਚ ਦੋਸ਼ ਅਤੇ ਇਸ ਦਾ ਅੰਤ** :- ਇਹ ਪ੍ਰਥਾ ਪੰਜਵੇਂ, ਛੇਵੇਂ ਤੇ ਸੱਤਵੇਂ ਗੁਰੂ ਸਾਹਿਬਾਨ ਦੇ ਸਮੇਂ ਤੱਕ ਬਹੁਤ ਚੰਗੀ ਤਰ੍ਹਾਂ ਚਲਦੀ ਰਹੀ। ਪਰ ਇਸ ਤੋਂ ਬਾਅਦ ਇਸ ਦਾ ਪਤਨ ਸ਼ੁਰੂ ਹੋ ਗਿਆ। ਇਥੋਂ ਤੱਕ ਕਿ ਜਿਸ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਅੰਮ੍ਰਿਤਸਰ ਗੁਰ-ਗੱਦੀ ਧਾਰਨ ਲਈ ਆਏ ਤਾਂ ਮਸੰਦਾਂ ਨੇ ਦਰਬਾਰ ਸਾਹਿਬ ਦਾ ਦਰਵਾਜਾ ਬੰਦ ਕਰ ਦਿੱਤਾ ਤੇ ਉਨ੍ਹਾਂ ਦੇ ਰਸਤੇ ਵਿੱਚ ਕਈ ਪ੍ਰਕਾਰ ਦੀਆਂ ਰੁਕਾਵਟਾਂ ਖੜੀਆਂ ਕਰ ਦਿੱਤੀਆਂ। ਅਜਿਹੇ ਭੈੜੇ ਵਤੀਰੇ ਨੂੰ ਵੇਖ ਕੇ ਗੁਰੂ ਗੋਬਿੰਦ ਸਿੰਘ ਨੇ ਮਸੰਦ ਪ੍ਰਥਾ ਦਾ ਅੰਤ ਕਰ ਦਿੱਤਾ।

**1.4 ਵਪਾਰ ਵੱਲ ਸਿੱਖਾਂ ਦਾ ਧਿਆਨ ਦਿਵਾਉਣਾ** :- ਉਪਰੋਕਤ ਕੰਮਾਂ ਤੋਂ ਬਿਨਾਂ ਗੁਰੂ ਜੀ ਨੇ ਸਿੱਖ ਸੰਪਰਦਾਇ ਦੀ ਉੱਨਤੀ ਲਈ ਸਿੱਖਾਂ ਦਾ ਦਸਤਕਾਰੀ ਅਤੇ ਵਪਾਰ ਵੱਲ ਧਿਆਨ ਦਿਵਾਇਆ। ਇਹੋ ਕਾਰਨ ਸੀ ਕਿ ਗੁਰੂ ਸਾਹਿਬ ਦੇ ਸਮੇਂ ਅਸੀਂ ਬਹੁਤ ਸਿੱਖਾਂ ਨੂੰ ਘੋੜਿਆਂ ਦਾ ਵਪਾਰ ਅਤੇ ਹੋਰ ਕੰਮ ਧੰਦੇ ਕਰਦੇ ਵੇਖਦੇ ਹਾਂ। ਡਾਃ ਇੰਦੂ ਭੂਸ਼ਨ ਬੈਨਰਜੀ ਨੇ ਲਿਖਿਆ ਹੈ ਕਿ ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ''ਜਿਸ ਵੇਲੇ ਕੋਈ ਸਿੱਖ ਕੰਮ ਕਰੇ, ਉਸਦਾ ਹੱਥ ਵਟਾਓ ਅਤੇ ਜੇ ਉਸ ਨੂੰ ਥੁੜ੍ਹ ਆ ਜਾਵੇ ਤਾਂ ਉਸ ਦੀ ਮਦਦ ਕਰੋ।' ਇਸ ਤਰ੍ਹਾਂ ਉਸ ਨੇ ਸਿੱਖਾਂ ਦਾ ਵਪਾਰ ਵੱਲ ਧਿਆਨ ਦਿਵਾਇਆ। ਸਿੱਖ ਧਰਮ ਗ੍ਰਹਿਸਤੀਆਂ ਦਾ ਧਰਮ ਹੈ। ਇਸ ਲਈ ਗੁਰੂ ਸਾਹਿਬ ਚਾਹੁੰਦੇ ਸਨ ਕਿ ਉਨ੍ਹਾਂ ਦੇ ਸਿੱਖ ਖੁਸ਼ਹਾਲੀ ਭਰਿਆ ਜੀਵਨ ਬਤੀਤ ਕਰਨ। ਉਨ੍ਹਾਂ ਨੇ ਸਿੱਖਾਂ ਨੂੰ ਪ੍ਰੇਰਨਾ ਦਿੱਤੀ ਉਹ ਅੰਦਰੂਨੀ ਅਤੇ ਅੰਤਰ-ਰਾਸ਼ਟਰੀ ਵਪਾਰ ਵਿੱਚ ਦਿਲਚਸਪੀ ਲੈਣ।

ਗੁਰੂ ਸਾਹਿਬ ਨੇ ਸਿੱਖਾਂ ਨੂੰ ਬਾਹਰਲੇ ਮੁਲਕਾਂ ਵਿੱਚ ਭੇਜਿਆ ਤਾਂ ਕਿ ਉਹ ਵਪਾਰ ਵਿੱਚ ਇੰਨੇ ਨਿਪੁੰਨ ਹੋ ਜਾਣ, ਜਿੰਨੇ ਕਿ ਉਹ ਧਰਮ ਵਿੱਚ ਪੱਕੇ ਹਨ। ਡਾ. ਗੋਕਲ ਚੰਦ ਨਾਰੰਗ ਦੇ ਮੱਤ ਅਨੁਸਾਰ, ''ਭਾਵੇਂ ਘੋੜਿਆਂ ਦੇ ਵਪਾਰ ਵਾਲਾ ਕਦਮ ਓਪਰੀ ਨਜ਼ਰ ਵਾਲੇ ਨੂੰ ਸਧਾਰਨ ਮਾਲੂਮ ਹੁੰਦਾ ਹੋਵੇ ਪਰ ਇਸ ਕਦਮ ਨੇ ਸਿੱਖਾਂ ਦੀ ਸੰਸਥਾ ਨੂੰ ਬਹੁਤ ਉੱਨਤ ਕੀਤਾ। ਨਿਰਸੰਦੇਹ ਘੋੜਿਆਂ ਦਾ ਵਪਾਰ ਸਿੱਖਾਂ ਲਈ ਲਾਭਦਾਇਕ ਸਿੱਧ ਹੋਇਆ। ਸਭ ਤੋਂ ਪਹਿਲਾਂ ਘੋੜਿਆਂ ਦੀ ਤਜ਼ਾਰਤ ਨੇ ਜਾਤ-ਪਾਤ ਦੇ ਸਿਸਟਮ ਤੇ ਬੜੀ ਭਾਰੀ ਸੱਟ ਮਾਰੀ। ਹਿੰਦੂ ਧਰਮ ਵਿੱਚ ਦਰਿਆ ਸਿੰਧ ਨੂੰ ਪਾਰ ਕਰਕੇ ਬਾਹਰ ਦੇ ਮੁਲਕਾਂ ਵਿੱਚ ਜਾਣ ਦੀ ਆਗਿਆ ਨਹੀਂ ਸੀ, ਪਰ ਸਿੱਖਾਂ ਨੇ ਦੂਜੇ ਦੇਸ਼ਾਂ ਵਿੱਚ ਜਾ ਕੇ ਇਸ ਵਹਿਮ ਪ੍ਰਸਤੀ ਦਾ ਅੰਤ ਕਰਨ ਦਾ ਯਤਨ ਕੀਤਾ।

ਇਸਦਾ ਸਿੱਟਾ ਇਹ ਨਿਕਲਿਆ ਕਿ ਸਿੱਖਾਂ ਦੇ ਵਿਸ਼ਵਾਸ ਵਿੱਚ ਪਕਿਆਈ ਅਤੇ ਆਚਰਨ ਵਿੱਚ ਮਜ਼ਬੂਤੀ ਆ ਗਈ ਕਿਉਂਕਿ ਸਿੰਧ ਪਾਰ ਇਲਾਕਿਆਂ ਵਿੱਚ, ਜੋ ਕੱਟੜ ਮੁਸਲਮਾਨੀ ਇਲਾਕੇ ਸਨ, ਜਿਥੇ ਕਿਸੇ ਧਰਮ ਵਾਲੇ ਵਾਸਤੇ ਧਰਮ ਵਿੱਚ ਪੱਕਿਆ ਰਹਿਣਾ ਆਸਾਨ ਨਹੀਂ ਸੀ, ਮਜ਼ਬੂਤ ਆਚਰਨ ਵਾਲਾ ਮਨੁੱਖ ਹੀ ਆਪਣੇ ਧਰਮ ਤੇ ਡਟ ਸਕਦਾ ਸੀ।

ਦੂਜੇ, ਉਸ ਸਮੇਂ ਘੋੜਿਆਂ ਦੀ ਤਜ਼ਾਰਤ ਬੜੀ ਮੁਨਾਫੇ ਵਾਲੀ ਸੀ, ਇਸ ਲਈ ਸਿੱਖ ਅਮੀਰ ਹੋ ਗਏ। ਸਿੱਖਾਂ ਕੋਲ ਪੈਸਾ ਆਉਣ ਨਾਲ ਦਸਵੰਧ ਦੀ ਰਕਮ ਵਿੱਚ ਵਾਧਾ ਹੋ ਗਿਆ, ਜਿਸ ਨਾਲ ''ਸਾਂਝੇ ਕੌਮੀ ਫੰਡ'' ਦੀ ਰਕਮ ਵਿੱਚ ਵਾਧਾ ਹੋਇਆ।

ਤੀਜੇ, ਵਪਾਰ ਨਾਲ ਸਿੱਖਾਂ ਨੂੰ ਚੰਗੇ ਘੋੜਿਆਂ ਦੀ ਪਰਖ ਹੋ ਗਈ ਅਤੇ ਘੋੜ-ਸਵਾਰੀ ਦਾ ਸਵਾਦ ਪੈ ਗਿਆ।

ਸਿੱਟੇ ਵਜੋਂ ਇਸ ਤਜ਼ਾਰਤ ਨੇ ਆਉਣ ਵਾਲੀ ਸਿੱਖ ਫੌਜ ਦੀ ਨੀਂਹ ਰੱਖੀ, ਜਿਸ ਨੇ ਪੰਜਾਬ ਦੇ ਇਤਿਹਾਸ ਵਿੱਚ ਮਹੱਤਵਪੂਰਨ ਕੰਮ ਕੀਤੇ। ਇਹੀ ਕਾਰਨ ਸੀ ਕਿ ਸਿੱਖ ਬਾਅਦ ਵਿੱਚ ਉੱਤਰੀ ਭਾਰਤ ਦੇ ਚੰਗੇ ਘੋੜ ਸਵਾਰ ਬਣ ਗਏ।

## 1.5 ਸਮਾਜਿਕ ਸੁਧਾਰ

ਗੁਰੂ ਜੀ ਨੇ ਪਹਿਲੇ ਗੁਰੂਆਂ ਵਾਂਗ ਜਾਤ-ਪਾਤ ਤੇ ਊਚ-ਨੀਚ ਦੇ ਭੇਦਾਂ ਦੀ ਨਿਖੇਧੀ ਕੀਤੀ। ਲੋਕਾਂ ਨੂੰ ਨਸ਼ੇ ਆਦਿ ਤੋਂ ਦੂਰ ਰਹਿਣ ਲਈ ਆਖਿਆ। ਵਿਧਵਾ ਵਿਆਹ, ਜਿਸ ਦੇ ਹੱਕ ਵਿਚ ਪਹਿਲਾਂ ਗੁਰੂ ਅਮਰਦਾਸ ਜੀ ਨੇ ਜ਼ੋਰ ਦਿੱਤਾ ਸੀ, ਦਾ ਪ੍ਰਚਾਰ ਕੀਤਾ। ਇੱਕ ਵਿਧਵਾ ਦਾ ਪੁਨਰ-ਵਿਆਹ ਹੇਮੇ ਚੌਧਰੀ ਨਾਲ ਕਰਾ ਕੇ ਵਿਧਵਾ ਵਿਆਹ ਦੀ ਆਗਿਆ ਦਿੱਤੀ। ਗੁਰੂ ਸਾਹਿਬ ਦੇ ਇਸ ਸੁਧਾਰ ਨਾਲ ਵਿਧਵਾਵਾਂ ਨੂੰ ਜਿਉਣ ਦਾ ਅਧਿਕਾਰ ਪ੍ਰਾਪਤ ਹੋ ਗਿਆ। ਗੁਰੂ ਸਾਹਿਬ ਨੇ ਦੁਖੀਆਂ ਦਾ ਦੁੱਖ ਖਤਮ ਕਰਨ ਵਾਸਤੇ ਜਿਥੇ ਸਮਾਜਿਕ ਊਣਤਾਈਆਂ ਨੂੰ ਦੂਰ ਕੀਤਾ ਉਥੇ ਕੋੜ੍ਹੀਆਂ (Leapers) ਲਈ ਤਰਨਤਾਰਨ ਵਿਖੇ ਇੱਕ ਆਸ਼ਰਮ ਕਾਇਮ ਕੀਤਾ। ਉਨ੍ਹਾਂ ਦੇ ਇਲਾਜ ਦਾ ਪੂਰਨ ਪ੍ਰਬੰਧ ਕੀਤਾ ਗਿਆ। ਸੁਖਮਨੀ ਸਾਹਿਬ ਵਿੱਚ ਗੁਰੂ ਅਰਜਨ ਸਾਹਿਬ ਨੇ ਅਸਲੀ ਅਛੂਤ ਦੀ ਪਰਿਭਾਸ਼ਾ ਬਾਰੇ ਲਿਖਿਆ ਅਤੇ ਉਪਦੇਸ਼ ਦਿੱਤਾ ਹੈ ਕਿ ਛੂਤ-ਛਾਤ ਸਿੱਖ ਧਰਮ ਦੇ ਉਲਟ ਹੈ। ('ਸੁਖਮਨੀ ਸਾਹਿਬ' ਵਿੱਚ ਗੁਰੂ ਸਾਹਿਬ ਧਾਰਮਿਕ ਸ਼ੰਕਿਆਂ (doubts) ਨੂੰ ਦੂਰ ਕਰਨ ਦਾ ਤਰੀਕਾ ਦੱਸਦੇ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ ਮਨੁੱਖ ਨੂੰ ਨਾਮ ਜਪਣਾ ਚਾਹੀਦਾ ਹੈ। ਇਸ ਨਾਲ ਮਨੁੱਖ ਪਰਮਪਦ ਨੂੰ ਪ੍ਰਾਪਤ ਕਰ ਸਕਦਾ ਹੈ।) ਗੁਰੂ ਸਾਹਿਬ ਨੇ ਫਰਮਾਇਆ ਹੈ ਕਿ ਉਹ ਲੋਕ ਜੋ ਵਿਅਰਥ ਵਹਿਮਾ ਵਿੱਚ ਯਕੀਨ ਰੱਖਦੇ ਹਨ, ਅਧਿਆਤਮਕ ਤੌਰ ਤੇ ਉੱਚੇ ਪਦ ਨੂੰ ਪ੍ਰਾਪਤ ਨਹੀਂ ਕਰ ਸਕਦੇ।

## 1.6 ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ

ਗੁਰੂ ਅਰਜਨ ਦੇਵ ਜੀ ਦਾ ਸਭ ਤੋਂ ਵੱਡਾ ਕੰਮ ਆਦਿ ਗ੍ਰੰਥ ਦੀ ਸੰਪਾਦਨਾ ਕਰਨੀ ਸੀ। ਮੈਕਾਲਿਫ ਦੇ ਕਥਨ ਅਨੁਸਾਰ ਗੁਰੂ ਜੀ ਨੇ ਮਹਿਸੂਸ ਕੀਤਾ ਕਿ ਸਿੱਖਾਂ ਨੂੰ ਰੋਜ਼ਾਨਾ ਜੀਵਨ ਦੇ ਕਾਰੋਬਾਰ ਸੰਬੰਧੀ ਅਗਵਾਈ ਦੇਣ ਲਈ ਧਰਮ ਵਿੱਚ ਹਰ ਤਰ੍ਹਾਂ ਦੇ ਅਸੂਲਾਂ ਤੇ ਰਸਮਾਂ ਨੂੰ ਪ੍ਰਚਲਤ ਹੋਣ ਤੋਂ ਰੋਕਣ ਲਈ ਸਿੱਖ ਧਰਮ ਦੇ ਨਿਯਮਾਂ ਨੂੰ ਇੱਕ ਗ੍ਰੰਥ ਦੀ ਸ਼ਕਲ ਦੇਣ ਦੀ ਲੋੜ ਸੀ।

ਇਸ ਤੋਂ ਬਿਨਾਂ ਗੁਰੂ ਸਾਹਿਬ ਦਾ ਵੱਡਾ ਭਰਾ ਪ੍ਰਿਥੀ ਚੰਦ ਆਪਣੀ ਬਾਣੀ ਰਚ ਕੇ ਗੁਰੂ ਸਾਹਿਬ ਵੱਲੋਂ ਰਚੀ ਗਈ ਬਾਣੀ ਵਿੱਚ ਮਿਲਾਵਟ ਕਰ ਰਿਹਾ ਸੀ। ਇਸ ਲਈ ਗੁਰੂ ਸਾਹਿਬ ਨੇ ਇਹ ਅਨੁਭਵ ਕੀਤਾ ਕਿ ਅਸਲ ਬਾਣੀ ਨੂੰ ਸ਼ੁੱਧ ਰੱਖਣ ਲਈ ਗ੍ਰੰਥ ਦਾ ਰੂਪ ਦੇਣਾ ਜ਼ਰੂਰੀ ਹੈ।

ਇੰਦੂ ਭੂਸ਼ਣ ਬੈਨਰਜੀ ਲਿਖਦਾ ਹੈ ਕਿ ਪਾਠ ਕਰਨਾ ਸਿੱਖ ਧਰਮ ਦਾ ਜ਼ਰੂਰੀ ਅੰਗ ਸੀ। ਇਸ ਲਈ ਇਹ ਜ਼ਰੂਰੀ ਸੀ ਕਿ ਗੁਰੂਆਂ ਦੇ ਸ਼ਬਦਾਂ ਨੂੰ ਇਕੱਠਾ ਕੀਤਾ ਜਾਵੇ।

ਇਨ੍ਹਾਂ ਕਾਰਨਾਂ ਨੂੰ ਮੁੱਖ ਰੱਖ ਕੇ ਗੁਰੂ ਸਾਹਿਬ ਨੇ 'ਆਦਿ ਗ੍ਰੰਥ' ਨੂੰ ਸੰਪਾਦਤ ਕਰਨ ਦਾ ਕੰਮ ਛੋਹਿਆ। ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਕੋਲੋਂ ਪ੍ਰਾਪਤ ਕੀਤਾ। ਇਹ ਬਾਣੀ ਇਕੱਤਰ ਕਰਕੇ ਉਨ੍ਹਾਂ ਨੇ ਅੰਮ੍ਰਿਤਸਰ ਵਿੱਚ ਇੱਕ ਰਮਣੀਕ ਸਥਾਨ ਬਣਾਇਆ ਜਿਸ ਦਾ ਨਾਂ ਬਾਅਦ ਵਿਚ ਰਾਮਸਰ ਰੱਖਿਆ ਗਿਆ। ਇਸ ਗ੍ਰੰਥ ਵਿੱਚ ਗੁਰੂ ਸਾਹਿਬਾਨ ਵਲੋਂ ਬਹੁਤ ਸਾਰੇ ਭਗਤਾਂ ਦੀ ਬਾਣੀ ਵੀ ਸ਼ਾਮਲ ਕੀਤੀ ਗਈ।

1. ਸ੍ਰੀ ਗੁਰੂ ਨਾਨਕ ਦੇਵ ਜੀ ਦੇ 974 ਸ਼ਬਦ
2. ਸ੍ਰੀ ਗੁਰੂ ਅੰਗਦ ਦੇਵ ਜੀ ਦੇ 63 ਸ਼ਬਦ
3. ਸ੍ਰੀ ਗੁਰੂ ਅਮਰਦਾਸ ਜੀ ਦੇ 869 ਸ਼ਬਦ
4. ਸ੍ਰੀ ਗੁਰੂ ਰਾਮਦਾਸ ਜੀ ਦੇ 638 ਸ਼ਬਦ
5. ਸ੍ਰੀ ਗੁਰੂ ਅਰਜਨ ਦੇਵ ਜੀ ਦੇ 2312 ਸ਼ਬਦ

(ਬਾਅਦ ਵਿਚ ਗੁਰੂ ਤੇਗ ਬਹਾਦਰ ਜੀ ਦੇ 115 ਸ਼ਬਦ ਵੀ ਸ਼ਾਮਲ ਕਰ ਲਏ ਗਏ)।

ਇਸ ਤੋਂ ਇਲਾਵਾ ਪੰਦਰਾਂ ਹਿੰਦੂ ਅਤੇ ਮੁਸਲਮਾਨ ਭਗਤਾਂ ਜਿਵੇਂ : ਭਗਤ ਕਬੀਰ, ਬਾਬਾ ਫਰੀਦ, ਤਰਲੋਚਨ, ਰਵੀਦਾਸ, ਧੰਨਾ, ਨਾਮ ਦੇਵ, ਜੈ ਦੇਵ, ਭੀਖਣ, ਸੈਨ, ਪੀਪਾ, ਰਾਮਾਨੰਦ, ਪ੍ਰਮਾਨੰਦ, ਸਦਨਾ ਤੇ ਸੂਰਦਾਸ ਆਦਿ ਦੀ ਬਾਣੀ

ਵੀ ਦਰਜ ਕੀਤੀ ਗਈ। ਕੁੱਝ ਭੱਟਾਂ ਦੀ ਰਚਨਾ ਵੀ ਆਦਿ ਗ੍ਰੰਥ ਵਿੱਚ ਸ਼ਾਮਲ ਹੈ। ਵਿਸ਼ੇਸ਼ ਕਰਕੇ ਸੱਤੇ ਬਲਵੰਡ ਦੀ ਲਿਖੀ ਹੋਈ ਵਾਰ ਵਰਣਨਯੋਗ ਹੈ।

1.7 **ਵਿਸ਼ਾ ਵਸਤੂ** :- ਆਦਿ ਗ੍ਰੰਥ ਵਿੱਚ ਬੜੀ ਸਾਦਗੀ ਤੇ ਸਰਲਤਾ ਨਾਲ ਗੁੰਝਲਦਾਰ ਵਿਸ਼ਿਆਂ ਨੂੰ ਪਾਠਕਾਂ ਸਾਹਮਣੇ ਰੱਖਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸ਼ਾ ਹੈ ਮਨੁੱਖ ਦੀ ਸੱਚ ਦੀ ਭਾਲ ਵਿੱਚ ਸਹਾਇਤਾ ਕਰਨਾ, ਨਾਮ ਜਪਣ ਵਾਲਿਆਂ ਦੀ ਮਹਿਮਾ ਅਤੇ ਉਨ੍ਹਾਂ ਦੀ ਸ਼ਲਾਘਾ ਕਰਨਾ ਜਿਨ੍ਹਾਂ ਨੇ ਸੱਚ ਨੂੰ ਪ੍ਰਾਪਤ ਕੀਤਾ। ਗੁਰੂ ਸਾਹਿਬ ਨੇ ਇੱਕ ਗੱਲ ਨੂੰ ਕਈ ਵਾਰ ਦੁਹਰਾਇਆ ਹੈ ਕਿਉਂਕਿ ਇਹ ਸਮੇਂ ਦੀ ਸ਼ੈਲੀ ਵਿੱਚ ਸ਼ਾਮਿਲ ਸੀ।

**1.8 ਗੁਰੂ ਗ੍ਰੰਥ ਸਾਹਿਬ ਦੀ ਇਤਿਹਾਸਕ ਮਹੱਤਤਾ (Historical Importance of Guru Granth Sahib) :-** ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਘਟਨਾ ਹੈ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਸਿੱਖਾਂ ਨੂੰ ਇਹ ਮਹਿਸੂਸ ਕਰਾਇਆ ਕਿ ਉਨ੍ਹਾਂ ਦਾ ਆਪਣਾ ਵੱਖਰਾ ਵਿਅਕਤਿਤਵ ਹੈ।

ਇਸ ਨਾਲ ਸਿੱਖਾਂ ਨੂੰ ਆਪਣੇ ਪਵਿੱਤਰ ਗ੍ਰੰਥ ਦੀ ਪ੍ਰਾਪਤੀ ਹੋਈ। ਸਿੱਖ ਇਸ ਨੂੰ ਇਤਨਾ ਹੀ ਪਵਿੱਤਰ ਮੰਨਣ ਲੱਗੇ ਜਿਨ੍ਹਾਂ ਹਿੰਦੂ ਵੇਦਾਂ ਨੂੰ, ਈਸਾਈ ਬਾਈਬਲ ਨੂੰ ਅਤੇ ਮੁਸਲਮਾਨ ਕੁਰਾਨ ਨੂੰ ਮੰਨਦੇ ਹਨ। ਪਰ ਖੁਸ਼ਵੰਤ ਸਿੰਘ ਇਸ ਸੰਬੰਧ ਵਿੱਚ ਲਿਖਦਾ ਹੈ ਕਿ ਸਾਰੇ ਸਤਿਕਾਰ ਅਤੇ ਮਾਣ ਦੇ ਬਾਵਜੂਦ ਵੀ ਇਹ ਹਿੰਦੂ ਮੰਦਰਾਂ ਦੀ ਤਰ੍ਹਾਂ ਪੂਜਾ ਦਾ ਪਦਾਰਥ ਨਹੀਂ। ਸਿੱਖ ਇਸ ਲਈ ਇਸ ਦੇ ਸਨਮਾਨ ਕਰਦੇ ਹਨ ਕਿਉਂਕਿ ਇਸ ਵਿੱਚ ਇਹਨਾਂ ਦੇ ਗੁਰੂਆਂ ਦੀ ਸਿੱਖਿਆ ਦਰਜ ਹੈ।

ਮੈਕਾਲਿਫ ਗੁਰੂ ਗ੍ਰੰਥ ਸਾਹਿਬ ਦੇ ਸੰਬੰਧ ਵਿੱਚ ਲਿਖਦਾ ਹੈ ਕਿ ਸੰਸਾਰ ਵਿੱਚ ਜੋ ਵੱਡੇ ਧਰਮਾਂ ਦੇ ਪੈਗੰਬਰ ਹੋਏ ਹਨ ਉਨ੍ਹਾਂ ਦੀ ਆਪਣੀ ਲਿਖੀ ਹੋਈ ਪੰਕਤੀ ਸਾਨੂੰ ਪ੍ਰਾਪਤ ਨਹੀਂ ਹੁੰਦੀ। ਜੋ ਕੁਝ ਉਨ੍ਹਾਂ ਨੇ ਪ੍ਰਚਾਰ ਕੀਤਾ ਇਸ ਬਾਰੇ ਪਤਾ ਸਾਨੂੰ ਜਾਂ ਤਾਂ ਪ੍ਰਚੱਲਤ ਰਵਾਇਤਾਂ ਤੋਂ ਲੱਗਦਾ ਹੈ ਜਾਂ ਹੋਰਨਾਂ ਦੀਆਂ ਲਿਖਤਾਂ ਤੋਂ। ਪੈਥਾਗੋਰਸ ਨੇ ਕਈ ਆਪਣੇ ਸਿਧਾਂਤ ਲਿਖੇ ਹਨ ਤਾਂ ਉਹ ਸਾਡੇ ਤੱਕ ਨਹੀਂ ਪੁਜੇ। ਸੁਕਰਾਤ ਦਾ ਪਤਾ ਜ਼ੈਨੋਫ ਦੀਆਂ ਲਿਖਤਾਂ ਤੋਂ ਲੱਗਦਾ ਹੈ। ਈਸਾਈ ਮਤ ਦੇ ਬਾਨੀ ਨੇ ਵੀ ਆਪਣੇ ਉਪਦੇਸ਼ ਲਿਖਤੀ ਰੂਪ ਵਿੱਚ ਪੇਸ਼ ਨਹੀਂ ਕੀਤੇ ਸਨ। ਉਨ੍ਹਾਂ ਬਾਰੇ ਮੈਥਿਊ ਆਦਿ ਦੀਆਂ ਲਿਖਤਾਂ ਤੇ ਭਰੋਸਾ ਕਰਨਾ ਪੈਂਦਾ ਹੈ। ਮਹਾਤਮਾ ਬੁਧ ਤੇ 'ਕਨਫਿਊਸਿਅਸ ਦੇ ਉਪਦੇਸ਼' ਉਨ੍ਹਾਂ ਦੇ ਚੇਲਿਆਂ ਨੇ ਇਕੱਠੇ ਕੀਤੇ। ਹਜ਼ਰਤ ਮੁਹਮੰਦ ਨੇ ਕੁਰਾਨ ਨੂੰ ਆਪਣੀ ਹੱਥੀ ਨਹੀਂ ਲਿਖਿਆ। ਸਾਰੀ ਸਮੱਗਰੀ ਉਨ੍ਹਾਂ ਦੇ ਖਲੀਫਿਆ ਜਾਂ ਹੋਰ ਸ਼ਰਧਾਲੂਆਂ ਨੇ ਇਕੱਤਰ ਕੀਤੀ। ਪ੍ਰੰਤੂ ਗ੍ਰੰਥ ਸਾਹਿਬ ਸ਼ਾਇਦ ਇਕੋ-ਇੱਕ ਧਾਰਮਿਕ ਗ੍ਰੰਥ ਹੈ ਜਿਸ ਵਿੱਚ ਸਿੱਖ ਗੁਰੂਆਂ ਦੀਆਂ ਮੌਲਿਕ ਲਿਖਤਾਂ ਬਿਨਾਂ ਕਿਸੇ ਮਿਲਾਵਟ ਦੇ ਅਸਲ ਰੂਪ ਵਿੱਚ ਸਾਂਭੀਆਂ ਪਈਆਂ ਹਨ ਅਤੇ ਜੋ ਕੁਝ ਸਿੱਖਿਆ ਦਿੱਤੀ ਹੈ ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਤੋਂ ਹੀ ਪਤਾ ਲੱਗਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਤੋਂ ਸਾਨੂੰ ਉਸ ਸਮੇਂ ਦੇ ਸਮਾਜਿਕ, ਸਦਾਚਾਰਕ, ਰਾਜਨੀਤਿਕ ਅਤੇ ਆਰਥਿਕ ਜੀਵਨ ਦਾ ਗਿਆਨ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਅਜਿਹੀਆਂ ਤੁਕਾਂ ਹਨ, ਜੋ ਉਸ ਸਮੇਂ ਦੇ ਰਾਜਸੀ ਜੀਵਨ ਉੱਤੇ ਚਾਨਣਾ ਪਾਉਂਦੀਆਂ ਹਨ। ਉਦਾਹਰਣ ਵਜੋਂ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਸੰਬੰਧੀ ਇਹ ਲਾਈਨਾਂ ਲਿਖੀਆਂ ਹਨ :-

*ਖੁਰਾਸਨ ਖਸਮਾਨਾ ਕੀਆ,*
*ਹਿੰਦੁਸਤਾਨ ਡਰਾਇਆ,*
*ਆਪੇ ਦੋਸ਼ ਨਾ ਦੇਈ ਕਰਤਾ,*
*ਜਮੁ ਕਰ ਮੁਗਲ ਚੜ੍ਹਾਇਆ*

ਆਦਿ ਗ੍ਰੰਥ ਦੇ ਅਧਿਐਨ ਤੋਂ ਸਾਨੂੰ ਸਮਾਜਿਕ ਜੀਵਨ ਬਾਰੇ ਜਾਣਕਾਰੀ ਵੀ ਮਿਲਦੀ ਹੈ। ਲੋਕਾਂ ਦੇ ਰਹਿਣ-ਸਹਿਣ ਦੇ ਵਸੀਲਿਆਂ ਦਾ ਸਾਨੂੰ ਭਲੀ-ਭਾਂਤ ਗਿਆਨ ਹੁੰਦਾ ਹੈ। ਇਸ ਤਰ੍ਹਾਂ ਉਸ ਵੇਲੇ ਦੇ ਆਰਥਿਕ ਜੀਵਨ ਬਾਰੇ ਵੀ ਸਾਨੂੰ ਕੁਝ ਪਤਾ ਲੱਗਦਾ ਹੈ। ਇਸ ਤਰ੍ਹਾਂ ਆਦਿ ਗ੍ਰੰਥ ਇਤਿਹਾਸਕ ਪੱਖ ਤੋਂ ਵੀ ਬਹੁਤ ਮਹੱਤਤਾ ਰੱਖਦਾ ਹੈ।

ਵਾਸਤਵ ਵਿੱਚ ਗੁਰੂ ਸਾਹਿਬ ਦੇ ਸੁਧਾਰਾਂ ਦਾ ਮੰਤਵ ਉਹ ਸੀ ਜੋ ਗੁਰੂ ਨਾਨਕ ਸਾਹਿਬ ਦਾ ਸੀ। ਉਹ ਮਨੁੱਖ ਨੂੰ ਹਰ ਖੇਤਰ ਵਿੱਚ ਰਾਜਨੀਤਿਕ, ਆਰਥਿਕ ਸਮਾਜਿਕ ਅਤੇ ਅਧਿਆਤਮਕ ਤੌਰ ਤੇ ਆਦਰਸ਼ਕ ਬਣਾਉਣਾ ਚਾਹੁੰਦੇ ਸਨ।

1.9 **ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ** :- ਗੁਰੂ ਅਰਜਨ ਦੇਵ ਜੀ, ਮਸੰਦ, ਆਦਿ ਗ੍ਰੰਥ, ਪ੍ਰਿਥੀ ਚੰਦ,

ਸੁਖਮਨੀ ਸਾਹਿਬ, ਸੁਲਹੀ ਖਾਂ, ਅੰਮ੍ਰਿਤਸਰ, ਬਾਈਬਲ, ਕੁਰਾਨ।

## 1.10 ਵਿਦਿਆਰਥੀਆਂ ਦੇ ਅਭਿਆਸ ਲਈ ਪ੍ਰਸ਼ਨ:-

1. ਗੁਰੂ ਅਰਜਨ ਦੇਵ ਜੀ ਦੀਆਂ ਪ੍ਰਾਪਤੀਆਂ ਉੱਤੇ ਨੋਟ ਲਿਖੋ?
2. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਉੱਤੇ ਨੋਟ ਲਿਖੋ?
3. ਆਦਿ ਗ੍ਰੰਥ ਦੀ ਇਤਿਹਾਸਕ ਮਹੱਤਤਾ ਲਿਖੋ?
4. ਗੁਰੂ ਅਰਜਨ ਦੇਵ ਜੀ ਦਾ ਸਿੱਖ ਧਰਮ ਦੇ ਵਿਕਾਸ ਵਿਚ ਯੋਗਦਾਨ ਲਿਖੋ।
5. ਮਸੰਦ ਪ੍ਰਥਾ ਦੇ ਦੋਸ਼ ਲਿਖੋ?

**ਪਾਠ ਨੰ. 1.4** **ਰੂਪਾਂਤਰਕਰਤਾ – ਨਾਜ਼ਰ ਸਿੰਘ**

## ਗੁਰੂ ਹਰਗੋਬਿੰਦ ਸਾਹਿਬ : ਮੁੱਢਲਾ ਜੀਵਨ, ਸਿੱਖ ਜਥੇਬੰਦੀ ਵਿਚ ਕੀਤੀਆਂ ਤਬਦੀਲੀਆਂ ਤੇ ਪ੍ਰਭਾਵ

### ਪਾਠ ਦੀ ਬਣਤਰ

1. ਗੁਰੂ ਹਰਗੋਬਿੰਦ ਦਾ ਮੁੱਢਲਾ ਜੀਵਨ
2. ਸਿੱਖ ਸੰਗਠਨ ਵਿਚ ਕੀਤੀਆਂ ਤਬਦੀਲੀਆਂ
3. ਨਵੀਂ ਨੀਤੀ ਦਾ ਵਿਕਾਸ
4. ਨੀਤੀ ਦੇ ਪ੍ਰਭਾਵ
5. ਨਵੀਂ ਨੀਤੀ ਠੀਕ ਕਿਉਂ ਅਤੇ ਕਿਵੇਂ ਸੀ ?

### ਉਦੇਸ਼

(1) ਗੁਰੂ ਹਰਗੋਬਿੰਦ ਦੇ ਜੀਵਨ ਅਤੇ ਪ੍ਰਾਪਤੀਆਂ ਦੀ ਜਾਣਕਾਰੀ ਦੇਣਾ।

(2) ਨਵੀਂ ਨੀਤੀ ਦੇ ਅਰਥ ਦੱਸਣਾ ਅਤੇ ਸਿੱਖ ਵਿਚਾਰਧਾਰਾ ਅਤੇ ਸੰਗਠਨ ਵਿਚ ਆਈਆਂ ਤਬਦੀਲੀਆਂ ਦੀ ਪਹਿਚਾਣ ਦਰਜ ਕਰਨਾ।

(3) ਮੀਰੀ ਪੀਰੀ ਰਹਿਤ ਨੂੰ ਠੀਕ ਮੰਨਣ ਦੇ ਕਾਰਨ ਦੱਸ ਕੇ ਵਿਆਖਿਆ ਕਰਨੀ।

**ਗੁਰੂ ਹਰਗੋਬਿੰਦ ਸਾਹਿਬ** : ਮੁੱਢਲਾ ਜੀਵਨ, ਸਿੱਖ ਜਥੇਬੰਦੀ ਵਿਚ ਕੀਤੀਆਂ ਤਬਦੀਲੀਆਂ ਤੇ ਪ੍ਰਭਾਵ

ਮੁੱਢਲਾ ਜੀਵਨ :- 12 ਹਾੜ ਸੰਮਤ 1652 ਬਿਕਰਮੀ (1595 ਈ:) ਨੂੰ ਹਰਗੋਬਿੰਦ ਜੀ ਦਾ ਵਡਾਲੀ ਅੰਮ੍ਰਿਤਸਰ ਤੋਂ 6-7 ਮੀਲ, ਵਿਖੇ ਜਨਮ ਹੋਇਆ। ਮਾਤਾ ਗੰਗਾ ਜੀ ਤੇ ਗੁਰੂ ਅਰਜਨ ਦੇਵ ਜੀ ਦੇ ਇਕਲੌਤੇ ਸਪੁੱਤਰ ਹਰਗੋਬਿੰਦ ਰੱਜ ਕੇ ਖੂਬਸੂਰਤ ਤੇ ਹੋਣਹਾਰ ਸਨ। ਹਰਗੋਬਿੰਦ ਸਾਹਿਬ ਦੇ ਜਨਮ ਦੀ ਖੁਸ਼ੀ, ਗੁਰੂ ਘਰ ਦੇ ਹਰ ਸ਼ਰਧਾਲੂ ਨੇ ਬੜੀ ਧੂਮ-ਧਾਮ ਨਾਲ ਮਨਾਈ ਪਰੰਤੂ ਗੁਰੂ ਜੀ ਦੇ ਜਨਮ ਨੇ ਪ੍ਰਿਥੀ ਚੰਦ (ਗੁਰੂ ਅਰਜਨ ਦੇਵ ਦੇ ਵੱਡੇ ਭਰਾ) ਅਤੇ ਉਸਦੀ ਪਤਨੀ ਕਰਮੋ ਦੀਆਂ ਉਮੀਦਾਂ ਤੇ ਪਾਣੀ ਫੇਰ ਦਿੱਤਾ। ਪ੍ਰਿਥੀ ਚੰਦ ਗੁਰਗੱਦੀ ਖੁੱਸ ਜਾਣ ਨੂੰ ਭੁਲਿਆ ਨਹੀਂ ਸੀ ਤੇ ਇਸੇ ਆਸ ਦੇ ਸਹਾਰੇ ਵਕਤ ਨੂੰ ਧੱਕਾ ਦਿੰਦਾ ਆ ਰਿਹਾ ਸੀ ਕਿ ਗੁਰੂ ਅਰਜਨ ਦੇਵ ਜੀ ਦੇ ਨਿਰਸੰਤਾਨ ਜੋਤੀ-ਜੋਤ ਸਮਾਣ ਤੋਂ ਬਾਅਦ ਉਸਦਾ ਲੜਕਾ ਮਿਹਰਬਾਨ ਗੁਰਿਆਈ ਦਾ ਮਾਲਕ ਹੋਵੇਗਾ। ਪ੍ਰਿਥੀ ਚੰਦ ਤੇ ਕਰਮੋ ਨੇ ਮਿਹਰਬਾਨ ਦਾ ਰਾਹ ਸਾਫ ਕਰਨ ਲਈ ਬਾਲ ਗੁਰੂ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਿਵੇਂ ਕਿ (1) ਕਰਮੋ ਨੇ ਇਕ ਦਾਈ ਨੂੰ ਸੌ ਰੁਪਏ ਰਿਸ਼ਵਤ ਦੇ ਕੇ ਅਰਜਨ ਦੇਵ ਜੀ ਦੇ ਘਰ ਭੇਜਿਆ। ਉਸ ਨੇ ਬਾਲ ਗੁਰੂ ਜੀ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ, ਪਰੰਤੂ ਜ਼ਹਿਰ ਦਾ ਅਸਰ ਉਲਟਾ ਉਸ ਤੇ ਹੋਇਆ ਤੇ ਉਹ ਬੇਹੋਸ਼ ਹੋ ਕੇ ਡਿੱਗ ਪਈ ਤੇ ਮਰ ਗਈ। (2) ਮੈਕਾਲਿਫ਼ (ਝ਼ਙ਼ਚ;ਜ਼ਕਿ) ਦੇ ਕਥਨ ਅਨੁਸਾਰ ਪ੍ਰਿਥੀ ਚੰਦ ਨੇ ਇਕ ਸਪੇਰੇ ਨੂੰ ਵੱਢੀ ਦੇ ਕੇ ਗੁਰੂ ਘਰ ਭੇਜਿਆ। ਉਸ ਨੇ ਖੇਡਦੇ ਬਾਲ ਗੁਰੂ ਕੋਲ ਆ ਕੇ ਸੱਪ ਛੱਡ ਦਿੱਤਾ ਪਰੰਤੂ ਉਹ ਸੱਪ ਵੀ ਮਾਰ ਦਿੱਤਾ ਗਿਆ। (3) ਪ੍ਰਿਥੀ ਚੰਦ ਨੇ ਇਕ ਬ੍ਰਾਹਮਣ ਨੂੰ 100 ਰੁਪਏ ਦੇ ਕੇ ਸਾਹਿਬਜ਼ਾਦੇ ਨੂੰ ਜ਼ਹਿਰ ਦੇਣ ਲਈ ਭੇਜਿਆ ਅਤੇ ਉਸ ਨੇ ਬਾਲ ਗੁਰੂ ਨੂੰ ਦਹੀਂ ਵਿਚ ਜ਼ਹਿਰ ਮਿਲਾਕੇ ਦੇਣ ਦੀ ਕੋਸ਼ਿਸ਼ ਕੀਤੀ ਪਰੰਤੂ ਉਨ੍ਹਾਂ ਨੇ ਹੱਥ ਮਾਰ ਕੇ ਡੋਲ੍ਹ ਦਿੱਤੀ। ਕੁਝ ਦੇਰ ਬਾਅਦ ਬ੍ਰਾਹਮਣ ਸੂਲ ਦੀ ਬਿਮਾਰੀ ਨਾਲ ਮਰ ਗਿਆ। ਗੁਰੂ ਅਰਜਨ ਦੇਵ ਜੀ ਸ੍ਰੀ ਆਦਿ ਗ੍ਰੰਥ ਵਿਚ ਇੰਝ ਲਿਖਦੇ ਹਨ :

> 'ਲੇਪ ਨਾ ਲਾਗੇ ਤਿਲ ਕਾ ਮੁੱਲ
> ਦੁਸ਼ਟ ਬ੍ਰਾਹਮਣ ਮੂਆ ਹੋਇ ਸੂਲਿ'

ਹਰਗੋਬਿੰਦ ਸਾਹਿਬ ਸ਼ੁਰੂ ਤੋਂ ਹੀ ਬਹੁਤ ਹੋਣਹਾਰ ਸਨ। ਡਾ. ਤਰਲੋਚਨ ਸਿੰਘ ਅਨੁਸਾਰ ਉਨ੍ਹਾਂ ਨੇ ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਪੰਜਾਬੀ ਸਾਹਿਤ ਦਾ ਕਾਫ਼ੀ ਗਿਆਨ ਪ੍ਰਾਪਤ ਕਰ ਲਿਆ ਸੀ। ਇਹ ਕਿਹਾ ਜਾਂਦਾ ਹੈ ਕਿ ਭਾਈ ਬੁੱਢਾ

ਜੀ ਕੋਲੋਂ ਉਨਾਂ ਨੇ ਧਾਰਮਿਕ ਕਥਾ-ਕਹਾਣੀਆਂ ਦਾ ਗਿਆਨ ਅਤੇ ਵੱਖ ਵੱਖ ਅਸਤਰਾਂ ਤੇ ਸ਼ਸਤਰਾਂ ਦੀ ਵਰਤੋਂ ਕਰਨ ਦੀ ਮੁਹਾਰਤ ਹਾਸਲ ਕੀਤੀ। 1606 ਈ: ਵਿਚ ਆਪਣੇ ਪਿਤਾ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਆਪ ਗੁਰਗੱਦੀ ਤੇ ਬੈਠੇ।

**ਸੰਗਠਨ ਵਿਚ ਕੀਤੀਆਂ ਤਬਦੀਲੀਆਂ**

ਗੁਰੂ ਹਰਗੋਬਿੰਦ ਸਾਹਿਬ ਨੇ ਗੁਰਗੱਦੀ ਦੀ ਪ੍ਰਾਪਤੀ ਦੇ ਛੇਤੀ ਹੀ ਪਿਛੋਂ ਨਵੀਂ ਨੀਤੀ ਨੂੰ ਅਪਣਾਇਆ। ਉਨ੍ਹਾਂ ਤੋਂ ਪਹਿਲੇ ਗੁਰੂ ਤਾਂ ਪੂਰਨ ਰੂਪ ਵਿਚ ਧਾਰਮਿਕ ਅਤੇ ਅਧਿਆਤਮਿਕ ਕੰਮਾਂ ਵਿਚ ਲੀਨ ਰਹਿੰਦੇ ਸਨ ਪਰ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਸਿੱਖਾਂ ਦੀ ਧਾਰਮਿਕ ਅਤੇ ਅਧਿਆਤਮਕ ਖੇਤਰ ਵਿਚ ਅਗਵਾਈ ਕਰਨ ਦੇ ਨਾਲ ਉਨ੍ਹਾਂ ਦੀ ਸੈਨਿਕ ਅਤੇ ਰਾਜਨੀਤਿਕ ਮਾਮਲਿਆਂ ਵਿਚ ਵੀ ਅਗਵਾਈ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਸਿੱਖਾਂ ਨੂੰ ਸੰਤ-ਸਿਪਾਹੀ ਬਣਾਉਣ ਦੇ ਯਤਨ ਕੀਤੇ। ਚਾਹੇ ਇਸ ਨੀਤੀ ਨੂੰ ਅਪਨਾਉਣ ਦਾ ਪ੍ਰਮੁੱਖ ਕਾਰਨ ਤਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੀ ਮੰਨਿਆ ਜਾਂਦਾ ਹੈ ਪਰ ਜੇ ਧਿਆਨ ਨਾਲ ਅਧਿਐਨ ਕੀਤਾ ਜਾਏ ਤਾਂ ਇਸ ਨੀਤੀ ਦੇ ਅਪਣਾਉਣ ਦੇ ਕਈ ਕਾਰਣ ਨਜ਼ਰ ਆਉਂਦੇ ਹਨ ਜਿਨ੍ਹਾਂ ਦਾ ਸੰਖੇਪ ਵਰਣਨ ਹੇਠਾਂ ਦਿੱਤਾ ਜਾਂਦਾ ਹੈ :

(1) **ਸਿੱਖ ਧਰਮ ਦੀ ਵਿਚਾਰਧਾਰਾ :-** ਵਾਸਤਵ ਵਿਚ ਇਸ ਨੀਤੀ ਦੇ ਬੀਜ ਤਾਂ ਸਿੱਖ ਧਰਮ ਦੀ ਵਿਚਾਰਧਾਰਾ ਵਿਚ ਹੀ ਵਿਦਮਾਨ ਸਨ। ਸਿੱਖ ਧਰਮ ਦੇ ਮੋਢੀ ਗੁਰੂ ਸਾਹਿਬ ਨੇ ਰਾਜਨੀਤੀ ਪ੍ਰਤੀ ਕਦੇ ਨਿਰਲੇਪਤਾ ਨਹੀਂ ਵਿਖਾਈ ਸੀ। ਉਨ੍ਹਾਂ ਨੇ ਬਾਬਰ ਦੁਆਰਾ ਨਿਰਦੋਸ਼ ਪੁਰਸ਼ਾਂ ਅਤੇ ਇਸਤਰੀਆਂ ਉਤੇ ਕੀਤੇ ਜ਼ੁਲਮਾਂ ਦਾ ਆਪਣੀ ਬਾਣੀ ਵਿਚ ਜ਼ੋਰਦਾਰ ਖੰਡਨ ਕੀਤਾ ਹੈ। ਗੁਰੂ ਹਰਗੋਬਿੰਦ ਸਾਹਿਬ ਨੇ ਨਵੀਆਂ ਪਰਿਸਥਿਤੀਆਂ ਤੋਂ ਮਜ਼ਬੂਰ ਹੋ ਕੇ ਧਰਮ ਦੀ ਰੱਖਿਆ ਕਰਨ ਲਈ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਹੀ ਅਮਲੀ ਜਾਮਾ ਪਹਿਨਾਇਆ। ਉਹ ਸਿੱਖਾਂ ਦੇ ਸਰਵਪ੍ਰਿਆ ਗੁਰੂ ਸਨ ਤੇ ਉਨ੍ਹਾਂ ਦੇ ਗੁਰੂ-ਕਾਲ ਵਿਚ ਸਿੱਖਾਂ ਨੂੰ ਇਕ ਨਵੀਂ ਸੇਧ ਮਿਲੀ ਤੇ ਉਸ ਦਾ ਬਹੁਤ ਤੇਜ਼ੀ ਨਾਲ ਵਿਕਾਸ ਹੋ ਰਿਹਾ ਸੀ। ਪੰਜਵੇਂ ਗੁਰੂ ਦੀ ਸ਼ਹੀਦੀ ਦੇ ਕਾਰਨ ਸਿੱਖਾਂ ਵਿਚ ਗੁੱਸੇ ਦੀ ਲਹਿਰ ਫੈਲ ਗਈ ਅਤੇ ਉਨ੍ਹਾਂ ਦੇ ਮਨ ਵਿਚ ਗੁਰੂ ਅਤੇ ਧਰਮ ਲਈ ਅਥਾਹ ਸ਼ਰਧਾ ਵਧ ਗਈ। ਉਨ੍ਹਾਂ ਨੇ ਆਪਣੇ ਨਵੇਂ ਗੁਰੂ ਦੀ ਅਗਵਾਈ ਵਿਚ ਧਰਮ ਦੀ ਰੱਖਿਆ ਲਈ ਸ਼ਸਤਰ ਚੁੱਕਣ ਦਾ ਨਿਸ਼ਚਾ ਕਰ ਲਿਆ। ਇਵੇਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਗੁਰੂ ਹਰਗੋਬਿੰਦ ਦੁਆਰਾ ਨਵੀਂ ਨੀਤੀ ਅਪਣਾਉਣ ਦਾ ਮੁੱਖ ਕਾਰਨ ਸੀ।

(2) **ਗੁਰੂ ਸਾਹਿਬ ਦਾ ਅੰਤਮ ਸੁਨੇਹਾ :-** ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਤੋਂ ਪਹਿਲਾਂ ਆਪਣੇ ਸਪੁੱਤਰ ਤੇ ਉਤਰਾਧਿਕਾਰੀ ਗੁਰੂ ਹਰਗੋਬਿੰਦ ਨੂੰ ਕੁਝ ਸ਼ਰਧਾਲੂ ਸਿੱਖਾਂ ਰਾਹੀਂ ਸੁਨੇਹਾ ਭੇਜਿਆ ਕਿ ਉਸ ਨੂੰ ਪੂਰੀ ਤਰ੍ਹਾਂ ਸ਼ਸਤਰਾਂ ਨਾਲ ਸੁਸ਼ੋਭਤ ਗੱਦੀ ਤੇ ਬੈਠਣਾ ਚਾਹੀਦਾ ਹੈ ਅਤੇ ਆਪਣੀ ਪੂਰੀ ਯੋਗਤਾ ਨਾਲ ਸੈਨਾ ਰੱਖਣੀ ਚਾਹੀਦੀ ਹੈ। ਇਸ ਲਈ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਪਿਤਾ ਜੀ ਦੇ ਇਸ ਅੰਤਿਮ ਸੰਦੇਸ਼ ਨੂੰ ਅਮਲੀ ਰੂਪ ਦੇਣ ਲਈ ਇਹ ਨਵੀਂ ਨੀਤੀ ਅਪਣਾਈ।

(3) **ਜੱਟਾਂ ਦਾ ਯੋਗਦਾਨ :-** ਗੁਰੂ ਅਰਜਨ ਦੇਵ ਜੀ ਦੇ ਸਮੇਂ ਜੱਟਾਂ ਨੇ ਬਹੁਤ ਜ਼ਿਆਦਾ ਸੰਖਿਆ ਵਿਚ ਸਿੱਖ ਮੱਤ ਵਿਚ ਪ੍ਰਵੇਸ਼ ਕੀਤਾ। ਜੱਟਾਂ ਦੇ ਸੁਭਾਅ ਵਿਚ ਕੁਝ ਵਿਸ਼ੇਸ਼ ਗੁਣ ਪਾਏ ਜਾਂਦੇ ਸਨ। ਇਹ ਲੋਕ ਬਹੁਤ ਬਹਾਦਰ, ਦਲੇਰ ਤੇ ਸੁਤੰਤਰਤਾ ਪ੍ਰੇਮੀ ਸਨ ਅਤੇ ਕਿਸੇ ਪ੍ਰਕਾਰ ਦਾ ਅਤਿਆਚਾਰ ਸਹਿਣ ਕਰਨਾ ਉਨ੍ਹਾਂ ਦੇ ਸੁਭਾਅ ਦੇ ਉਲਟ ਸੀ। ਸੋ ਇਨ੍ਹਾਂ ਲੋਕਾਂ ਨੇ ਆਪਣੇ ਵਿਸ਼ੇਸ਼ ਸੁਭਾਅ ਦੇ ਕਾਰਨ ਸਿੱਖ ਧਰਮ ਨੂੰ ਸੈਨਿਕ ਰੂਪ ਦੇਣ ਵਿਚ ਵੱਡਾ ਹਿੱਸਾ ਪਾਇਆ।

(4) **ਮੁਗ਼ਲ ਸਰਕਾਰ ਦੀ ਧਾਰਮਿਕ ਅਸਹਿਨਸ਼ੀਲਤਾ :-** ਅਕਬਰ ਦੀ 1605 ਈ: ਵਿਚ ਮੌਤ ਤੋਂ ਬਾਅਦ ਮੁਗਲ ਸਰਕਾਰ ਦੀ ਧਾਰਮਿਕ ਸਹਿਨਸ਼ੀਲਤਾ ਦੀ ਨੀਤੀ ਦਾ ਅੰਤ ਹੋ ਗਿਆ। ਨਵਾਂ ਬਾਦਸ਼ਾਹ ਜਹਾਂਗੀਰ ਅਕਬਰ ਦੀ ਤਰ੍ਹਾਂ ਉਦਾਰ ਨਹੀਂ ਸੀ ਕਿਉਂਕਿ ਉਸ ਨੇ ਮੁਸਲਿਮ ਕੱਟੜ ਪੰਥੀਆਂ ਦੀ ਮਦਦ ਨਾਲ ਰਾਜ-ਗੱਦੀ ਪ੍ਰਾਪਤ ਕੀਤੀ ਸੀ ਤੇ ਉਨ੍ਹਾਂ ਦੇ ਪ੍ਰਭਾਵ ਹੇਠ ਉਹ ਗੈਰ-ਮੁਸਲਮਾਨਾਂ ਵਿਰੁੱਧ ਕਾਰਵਾਈ ਕਰਨ ਲਈ ਵਚਨਬੱਧ ਸੀ। ਉਹ ਆਪਣੀਆਂ ਧਾਰਮਿਕ ਕਰਤੂਤਾਂ ਤੇ ਤੰਗਦਿਲੀ ਦੇ ਕਾਰਨ ਗੁਰੂ ਅਰਜਨ ਦੇਵ ਜੀ ਦੇ ਅਧੀਨ ਸਿੱਖ ਮੱਤ ਦੇ ਵਿਕਾਸ ਦੀ ਨਿੱਤ ਵਧ ਰਹੀ ਸਰਵਪ੍ਰਿਅਤਾ ਨੂੰ ਬਰਦਾਸ਼ਤ ਨਾ ਕਰ ਸਕਿਆ ਜਿਵੇਂ ਕਿ ਉਸ ਨੇ ਆਪਣੇ ਸਵੈ-ਜੀਵਨੀ ਵਿਚ ਮੰਨਿਆ ਹੈ। ਇਸ ਤਰ੍ਹਾਂ ਮੁਗਲ ਸਰਕਾਰ ਦੀ ਧਾਰਮਿਕ ਅਸਹਿਣਸ਼ੀਲਤਾ ਦੀ ਨੀਤੀ ਦੇ ਕਾਰਨ ਸਿੱਖ ਧਰਮ ਨੂੰ ਖਤਰਾ ਹੋ ਗਿਆ ਤੇ ਇਹੋ ਜਿਹੀ ਅਵਸਥਾ ਵਿਚ ਆਤਮ ਰੱਖਿਆ ਤੇ ਧਾਰਮਿਕ ਰੱਖਿਆ ਲਈ ਸਿੱਖ ਸੰਪਰਦਾਏ ਵਿਚ ਪਰਿਵਰਤਨ ਲਿਆਉਣਾ ਜ਼ਰੂਰੀ ਹੋ ਗਿਆ ਸੀ।

**ਨਵੀਂ ਨੀਤੀ ਦਾ ਵਿਕਾਸ**

**(ੳ) ਮੀਰੀ ਪੀਰੀ ਦੀ ਸਥਾਪਨਾ** :- ਟਰੰਪ ਦੇ ਕਥਨ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਕੌਮ ਦੀ ਉਸਾਰੀ ਵਿਚ ਇਕ ਅਜਿਹਾ ਮੋੜ ਸੀ ਜਿਸ ਨੇ ਇਕ ਸੁਧਾਰਕ ਲਹਿਰ ਨੂੰ ਪੂਰਨ ਤੌਰ ਤੇ ਬਦਲ ਦਿੱਤਾ। ਗੁਰੂ ਹਰਗੋਬਿੰਦ ਹਾਲੇ 11 ਸਾਲ ਦੇ ਹੀ ਹੋਏ ਸਨ ਜਦੋਂ ਉਹ ਆਪਣੇ ਸ਼ਹੀਦ ਪਿਤਾ ਦੀ ਗੱਦੀ ਦੇ ਵਾਰਸ ਬਣੇ। ਇਹ ਗੱਦੀ ਸਿਰਫ ਉੱਚੇ ਮਾਣ ਵਾਲੀ ਗੱਲ ਹੀ ਨਹੀਂ ਸੀ ਸਗੋਂ ਚਾਰ ਚੁਫੇਰਿਉਂ ਖਤਰਿਆਂ ਤੇ ਦੁਸ਼ਮਣੀ ਨਾਲ ਘਿਰੀ ਹੋਈ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਗੁਰੂ ਹਰਗੋਬਿੰਦ ਸਾਹਿਬ ਦੀ ਜ਼ਿੰਦਗੀ ਦਾ ਰਵੱਈਆ ਹੀ ਬਦਲ ਦਿੱਤਾ। 1606 ਈ: ਵਿਚ ਜਦੋਂ ਬਾਬਾ ਬੁੱਢਾ ਜੀ 11 ਸਾਲ ਦੇ ਬੱਚੇ ਹਰਗੋਬਿੰਦ ਨੂੰ ਗੁਰਿਆਈ ਦੀ ਰਸਮ ਅਦਾ ਕਰਨ ਲਈ ਉੱਨ ਦੀ ਮਾਲਾ ਅਤੇ ਦਸਤਾਰ ਲੈ ਕੇ ਆਏ ਤਾਂ ਗੁਰੂ ਸਾਹਿਬ ਨੇ ਇਹ ਕਹਿ ਕੇ ਪਹਿਨਣ ਤੋਂ ਇਨਕਾਰ ਕਰ ਦਿੱਤਾ ਕਿ ਵਕਤ ਦੀ ਮੰਗ ਅਨੁਸਾਰ ਅੱਜ ਤੋਂ ਉਨ੍ਹਾਂ ਦੀ ਸੇਲੀ ਤਲਵਾਰ ਦੀ ਪੇਟੀ ਹੋਵੇਗੀ, ਜਿਸ ਨਾਲ ਦੋ ਤਲਵਾਰਾਂ ਲਟਕਣਗੀਆਂ, ਇਕ ਮੀਰੀ ਦੁਨਿਆਵੀ ਦੀ, ਦੂਜੀ ਪੀਰੀ ਸੰਤ-ਗਿਰੀ ਦੀ। ਜਿਥੇ ਉਹ ਆਪਣੇ ਸ਼ਰਧਾਲੂਆਂ ਦੇ ਧਾਰਮਿਕ ਆਗੂ ਹੋਣਗੇ, ਉਥੇ ਉਹ ਉਨ੍ਹਾਂ ਦੇ ਦੁਨਿਆਵੀ ਝਮੇਲਿਆਂ ਨੂੰ ਵੀ ਸੁਲਝਾਉਣਗੇ। ਉਹ ਆਪਣੀ ਦਸਤਾਰ ਸ਼ਾਹੀ ਠਾਠ ਨਾਲ ਬੰਨ੍ਹਣਗੇ ਅਤੇ ਸਾਰੇ ਸ਼ਾਹੀ ਨਿਸ਼ਾਨ-ਕਲਗੀ, ਛੱਤਰ, ਬਾਜ, ਤਲਵਾਰ ਆਦਿ ਦੀ ਵਰਤੋਂ ਲਾਜ਼ਮੀ ਹੋਵੇਗੀ। ਗੁਰੂ ਸਾਹਿਬ ਜੀ ਨੇ ਤਲਵਾਰਾਂ ਨਾਲ ਸਜਿਆ ਹੋਇਆ ਫੌਜੀ ਬਾਣਾ ਪਹਿਨਿਆ।

ਗੁਰੂ ਸਾਹਿਬ ਇਕ ਪਹੁੰਚੇ ਹੋਏ ਸੰਤ ਅਤੇ ਚੋਟੀ ਦੇ ਜਰਨੈਲ ਸਨ। ਉਹ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਬਲਵਾਨ ਆਤਮਾ ਲਈ ਬਲਵਾਨ ਸਰੀਰ ਦੀ ਲੋੜ ਨੂੰ ਮਹਿਸੂਸ ਕੀਤਾ। ਜੋ ਇਸ ਆਸ਼ੇ ਨੂੰ ਮੁੱਖ ਰੱਖਦੇ ਹੋਏ ਗੁਰੂ ਸਾਹਿਬ ਨੇ ਆਪਣੇ ਸ਼ਰਧਾਲੂਆਂ ਵਿਚ ਸਿੱਖ ਧਰਮ ਦੇ ਅਸੂਲਾਂ ਨੂੰ ਪ੍ਰਚਾਰਨ ਤੋਂ ਬਿਨਾਂ ਉਨ੍ਹਾਂ ਨੂੰ ਫੌਜੀ ਸਿੱਖਿਆ ਦੇਣੀ ਸ਼ੁਰੂ ਕੀਤੀ ਤਾਂ ਜੋ ਲੋੜ ਪੈਣ ਤੇ ਸਵੈ-ਰੱਖਿਆ ਕਰ ਸਕਣ। ਗੁਰੂ ਸਾਹਿਬ ਸਾਰਾ ਵਕਤ ਸਿਰਫ ਭਗਤੀ ਹੀ ਨਹੀਂ ਸਨ ਕਰਦੇ, ਸਗੋਂ ਵਕਤ ਦੀ ਮੰਗ ਅਨੁਸਾਰ ਗੱਤਕਾ ਖੇਡਣਾ, ਘੋੜ ਸਵਾਰੀ, ਸ਼ੇਰ ਅਤੇ ਰਿੱਛ ਆਦਿ ਦਾ ਸ਼ਿਕਾਰ ਕਰਨ ਵਿਚ ਵੀ ਕਾਫ਼ੀ ਸਮਾਂ ਬਿਤਾਉਂਦੇ ਸਨ। ਦਾਬਿਸਤਾਨ-ਏ-ਮਜ਼ਾਹਿਬ ਦੇ ਕਰਤਾ ਦੇ ਅਨੁਸਾਰ ਇਸ ਤਬਦੀਲੀ ਨੇ ਗੁਰੂ ਸਾਹਿਬ ਦੇ ਕੰਮਾਂ ਵਿਚ ਕਾਫ਼ੀ ਤਬਦੀਲੀ ਲਿਆ ਦਿੱਤੀ ਅਤੇ ਕੰਮ ਦੇ ਬਦਲਣ ਕਰਕੇ ਉਨ੍ਹਾਂ ਦੀ ਖੁਰਾਕ ਅਤੇ ਸਵਾਦ ਵੀ ਬਦਲ ਦਿੱਤੇ। ਗੁਰੂ ਸਾਹਿਬ ਨੇ ਸਿਰਫ਼ ਮਾਸ ਖਾਣ ਦੀ ਆਗਿਆ ਨਹੀਂ ਦਿੱਤੀ ਸਗੋਂ ਆਪਣੇ ਸ਼ਰਧਾਲੂਆਂ ਦੀ ਮਾਸ ਖਾਣ ਲਈ ਹੌਸਲਾ ਅਫ਼ਜ਼ਾਈ ਵੀ ਕੀਤੀ।

**(ਅ) ਕੌਮੀ ਜਾਗਰਿਤੀ ਲਿਆਉਣਾ** :- ਗੁਰੂ ਸਾਹਿਬ ਨੇ ਸਿੱਖਾਂ ਨੂੰ ਨਵੀਂ ਨੀਤੀ ਤੋਂ ਜਾਣੂ ਕਰਵਾਉਣ ਲਈ ਮਸੰਦਾਂ ਨੂੰ ਹੁਕਮਨਾਮੇ ਭੇਜੇ। ਮਸੰਦਾਂ ਨੂੰ ਹਦਾਇਤ ਕੀਤੀ ਕਿ ਉਹ ਸਿੱਖਾਂ ਵਿਚ ਪ੍ਰਚਾਰ ਕਰਨ ਕਿ ਉਹ ਅੱਗੇ ਤੋਂ ਭੇਟਾ ਵਜੋਂ ਮਾਇਆ ਦੀ ਥਾਂ ਹਥਿਆਰ ਅਤੇ ਘੋੜੇ ਭੇਟਾ ਕਰਨ। ਹੁਕਮ ਅਨੁਸਾਰ ਸਿੱਖਾਂ ਨੇ ਘੋੜੇ ਅਤੇ ਸ਼ਸਤਰ ਭੇਟਾ ਕਰਨੇ ਸ਼ੁਰੂ ਕਰ ਦਿੱਤੇ।

ਕਵੀਆਂ ਨੂੰ ਲੋਕਾਂ ਦੀ ਅਣਖ ਨੂੰ ਉਭਾਰਨ ਲਈ ਕਵਿਤਾ ਅਤੇ ਵਾਰਾਂ ਲਿਖਣ ਲਈ ਸੁਝਾਅ ਦਿੱਤੇ ਤਾਂ ਜੋ ਉਨ੍ਹਾਂ ਦੀਆਂ ਰਚਨਾਵਾਂ ਨੂੰ ਪੜ੍ਹਕੇ ਅਤੇ ਗਾ ਕੇ ਸੁੱਤੀ ਹੋਈ ਕੌਮ ਜਾਗ ਪਏ। ਹਰਿਮੰਦਰ ਸਾਹਿਬ ਵਿਚ ਸਵੇਰ ਵੇਲੇ ਸ਼ਬਦਾਂ ਤੋਂ ਇਲਾਵਾ ਆਸਾ ਦੀ ਵਾਰ ਦਾ ਕੀਰਤਨ ਰਬਾਬ ਨਾਲ ਕੀਤਾ ਜਾਣ ਲੱਗਾ ਅਤੇ ਢੱਡਾਂ ਨਾਲ ਵਾਰਾਂ ਗਾਈਆਂ ਜਾਣ ਲੱਗੀਆਂ। ਅਬਦੁੱਲਾ ਤੇ ਨੱਥਾ ਮੱਲ ਨੂੰ ਬੀਰ ਰਸ ਭਰਪੂਰ ਕਹਾਣੀਆਂ ਗਾ ਕੇ ਸੁਣਾਉਣ ਲਈ ਨੀਯਤ ਕੀਤਾ। ਹਰ ਰਾਤ ਨੂੰ ਰਹਿਰਾਸ ਦੇ ਪਾਠ ਦਾ ਭੋਗ ਪਾਉਣ ਤੋਂ ਬਾਅਦ ਚੌਂਕੀ ਦੀ ਰਸਮ ਸ਼ੁਰੂ ਕੀਤੀ ਗਈ। ਹਰ ਰਾਤ ਨੂੰ ਹਰਿਮੰਦਰ ਸਾਹਿਬ ਦੇ ਦੁਆਲੇ ਮਸ਼ਾਲਾਂ ਅਤੇ ਢੋਲ ਧਮਾਕਿਆਂ ਨਾਲ ਪ੍ਰਕਰਮਾ ਕੀਤੀ ਜਾਣ ਲੱਗ ਪਈ ਅਤੇ ਉੱਚੀਆਂ ਸੁਰਾਂ ਵਿਚ ਜੋਸ਼ ਭਰੇ ਸ਼ਬਦ ਗਾਏ ਜਾਣ ਲੱਗ ਪਏ।

**(ੲ) ਫੌਜ ਦੀ ਸਥਾਪਨਾ** :- ਗੁਰੂ ਸਾਹਿਬ ਦੀ ਹਥਿਆਰਬੰਦ ਨੀਤੀ ਦੀ ਚਰਚਾ ਸੁਣਕੇ ਬਹੁਤ ਸਾਰੇ ਲੋਕ ਗੁਰੂ ਸਾਹਿਬ ਕੋਲ ਨੌਕਰੀ ਕਰਨ ਆ ਗਏ। ਉਨ੍ਹਾਂ ਵਿਚੋਂ ਗੁਰੂ ਜੀ ਨੇ 50 ਜਾਂ 60 ਚੋਣਵੇਂ ਜੁਆਨ ਨਿੱਜੀ ਰੱਖਿਆ (ਨਰਦਖਪਚੁਗਦਤ) ਦੇ ਤੌਰ ਤੇ ਰੱਖ ਲਏ। ਉਨ੍ਹਾਂ ਦੀ ਦੇਖਾ-ਦੇਖੀ 500 ਜੁਆਨ ਮਾਝਾ, ਦੁਆਬਾ ਤੇ ਮਾਲਵਾ (ਸਤਲੁਜ ਦੇ ਘੱਗਰ ਵਿਚਕਾਰਲਾ ਇਲਾਕਾ ਜਾਂ ਸਤਲੁਜ ਉਰਾਰ ਦਾ ਇਲਾਕਾ) ਵਿਚੋਂ ਭਰਤੀ ਹੋਣ ਲਈ ਆਏ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਸਿਰਫ ਰੋਟੀ, ਕੱਪੜਾ ਤੇ ਧਾਰਮਿਕ ਸਿੱਖਿਆ ਬਦਲੇ ਆਪਣੀਆਂ ਜਾਨਾਂ ਵਾਰ ਕੇ ਲੜਨ ਦਾ ਵਚਨ ਦਿੱਤਾ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਲੜਨ ਲਈ ਹਥਿਆਰ ਅਤੇ ਘੋੜੇ ਦੇ ਕੇ ਫੌਜੀ ਸਿਖਲਾਈ ਦੇਣੀ ਸ਼ੁਰੂ ਕੀਤੀ। ਇਨ੍ਹਾਂ ਪੰਜ ਸੌ ਜੁਆਨਾਂ ਨੂੰ ਪੰਜ ਹਿੱਸਿਆਂ ਵਿਚ ਵੰਡਿਆ ਗਿਆ। ਹਰੇਕ ਜੱਥੇ ਦਾ ਇਕ ਮੁਖੀ ਨੀਯਤ

ਕੀਤਾ ਗਿਆ। ਹੌਲੀ ਹੌਲੀ ਫੌਜ ਦੀ ਗਿਣਤੀ ਵਧਣ ਲੱਗੀ, ਬਹੁਤ ਸਾਰੇ ਭਗੌੜੇ ਤੇ ਧਾੜਵੀ ਵੀ ਭਰਤੀ ਹੋ ਗਏ। ਹਿੰਦੂ ਭੂਸ਼ਨ ਬੈਨਰਜੀ ਲਿਖਦੇ ਹਨ ਕਿ ਬਹੁਤ ਸਾਰੇ ਲੋਕ ਲੁੱਟ-ਮਾਰ ਦੇ ਖਿਆਲ ਨਾਲ ਵੀ ਆਏ ਪਰ ਇਹ ਗੱਲ ਸਹੀ ਨਹੀਂ ਮੰਨੀ ਜਾ ਸਕਦੀ। ਗੁਰੂ ਸਾਹਿਬ ਦੀ ਸਿੱਖਿਆ ਨੇ ਉਨ੍ਹਾਂ ਨੂੰ ਪੂਰਨ ਤੌਰ ਤੇ ਬਦਲ ਦਿੱਤਾ ਤੇ ਉਨ੍ਹਾਂ ਨੇ ਹਮੇਸ਼ਾ ਲਈ ਬੁਰੇ ਕੰਮ ਕਰਨੇ ਛੱਡ ਦਿੱਤੇ। ਦਾਬਿਸਤਾਨ ਦੇ ਕਰਤਾ ਦੇ ਕਥਨ ਅਨੁਸਾਰ ਗੁਰੂ ਸਾਹਿਬ ਦੀ ਸੈਨਾ ਵਿਚ 800 ਪੈਦਲ ਸੈਨਿਕ, 300 ਘੋੜਸਵਾਰ ਤੇ 60 ਬੰਦੂਕਚੀ ਸਨ। ਇਨ੍ਹਾਂ ਤੋਂ ਬਿਨਾਂ 500 ਵਲੰਟੀਅਰ ਆਦਮੀਆਂ ਦਾ ਜੱਥਾ ਗੁਰੂ ਸਾਹਿਬ ਲਈ ਆਪਣੀਆਂ ਜਾਨਾਂ ਨਿਸ਼ਾਵਰ ਕਰਨ ਲਈ ਹਰ ਵੇਲੇ ਤੱਤਪਰ ਰਹਿੰਦਾ ਸੀ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਇਕ ਪਠਾਣ ਫੌਜੀ ਜੱਥਾ ਪੈਂਦਾ ਖਾਂ ਦੀ ਕਮਾਨ ਹੇਠ ਸੰਗਠਿਤ ਕੀਤਾ। ਗੁਰੂ ਸਾਹਿਬ ਜੀ ਦੇ ਕੁਝ ਸਿੱਖ ਇਸ ਗੱਲ ਤੇ ਹੈਰਾਨ ਸਨ ਕਿ ਇੰਨੇ ਖਰਚ ਕਿਵੇਂ ਪੂਰੇ ਕਰਨਗੇ। ਉਨ੍ਹਾਂ ਦੇ ਪੁੱਛਣ ਤੇ ਗੁਰੂ ਸਾਹਿਬ ਨੇ ਗੁਰੂ ਅਰਜਨ ਦੇਵ ਜੀ ਦੇ ਉਚਾਰ ਸ਼ਬਦ ਵਿਚ ਜਵਾਬ ਦਿੱਤਾ :

"ਸੈਲ ਪਥਰ ਮਹਿ ਜੰਤ ਉਪਾਏ, ਤਾਕਾ ਰਿਜਕ ਆਗੇ ਕਰ ਧਰਿਆ"

**(ਸ) ਗੁਰੂ ਸਾਹਿਬ ਦਾ ਜੀਵਨ ਨਵੀਂ ਨੀਤੀ ਅਨੁਸਾਰ** :- ਸਿੱਖਾਂ ਨੂੰ ਹਥਿਆਰਬੰਦ ਕਰਨ ਦੀ ਨੀਤੀ ਅਨੁਸਾਰ ਗੁਰੂ ਸਾਹਿਬ ਨੇ ਆਪਣੇ ਰੋਜ਼ ਦੇ ਜੀਵਨ ਵਿਚ ਕਈ ਤਬਦੀਲੀਆਂ ਲਿਆਂਦੀਆਂ। ਉਹ ਅੰਮ੍ਰਿਤ ਵੇਲੇ ਉਠਦੇ, ਇਸ਼ਨਾਨ ਕਰਦੇ ਤੇ ਫਿਰ ਹਰਿਮੰਦਰ ਵਿਚ ਧਾਰਮਿਕ ਸਿੱਖਿਆ ਦੇਣ ਵਾਸਤੇ ਆਉਂਦੇ। ਇਸ ਦੇ ਪਿਛੋਂ ਨਾਸ਼ਤਾ ਬਿਨਾਂ ਕਿਸੇ ਵਿਤਕਰੇ ਤੇ ਆਪਣੇ ਸਿਪਾਹੀਆਂ ਵਿਚ ਵੰਡਦੇ। ਕੁਝ ਸਮਾਂ ਆਰਾਮ ਕਰਕੇ ਸ਼ਿਕਾਰ ਲਈ ਚਲੇ ਜਾਂਦੇ। ਸ਼ਿਕਾਰੀ ਕੁੱਤੇ ਅਤੇ ਬਾਜ ਵੀ ਗੁਰੂ ਸਾਹਿਬ ਦੇ ਨਾਲ ਹੀ ਹੁੰਦੇ ਸਨ।

**(ਹ) ਅਕਾਲ ਤਖਤ ਦਾ ਨਿਰਮਾਣ** :- ਹਰਿਮੰਦਰ ਸਾਹਿਬ ਵਿਚ ਬੈਠ ਕੇ ਗੁਰੂ ਸਾਹਿਬ ਸਿੱਖਾਂ ਨੂੰ ਧਾਰਮਿਕ ਸਿੱਖਿਆ ਦਿੰਦੇ ਸਨ, ਜਿਸ ਤਰ੍ਹਾਂ ਗੁਰੂ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਦੀ ਜ਼ਰੂਰਤ ਮਹਿਸੂਸ ਕੀਤੀ ਸੀ, ਉਸੇ ਤਰ੍ਹਾਂ ਉਨ੍ਹਾਂ ਨੇ ਧਾਰਮਿਕ ਸਿੱਖਿਆ ਦੇਣ ਤੋਂ ਬਿਨਾਂ ਦੁਨਿਆਵੀ ਫੈਸਲੇ ਸੁਣਾਉਣ ਲਈ ਤਖਤ ਦੀ ਜ਼ਰੂਰਤ ਮਹਿਸੂਸ ਕੀਤੀ। ਹਰਿਮੰਦਰ ਸਾਹਿਬ ਦੇ ਐਨ ਸਾਹਮਣੇ ਕੁਝ ਗਜਾਂ ਦੀ ਵਿੱਥ ਤੇ ਇਕ ਹੋਰ ਇਮਾਰਤ ਬਣਵਾਈ ਜੋ 1609 ਈ: ਵਿਚ ਸੰਪੂਰਨ ਹੋਈ। ਇਸ ਇਮਾਰਤ ਨੂੰ ਅਕਾਲ ਤਖਤ ਦਾ ਨਾਂ ਦਿੱਤਾ ਗਿਆ। ਗੁਰੂ ਸਾਹਿਬ ਅਕਾਲ ਤਖਤ ਵਿਚ ਬੈਠ ਕੇ ਨਿਆਂ ਕਰਦੇ, ਭੇਟਾ ਸਵੀਕਾਰ ਕਰਦੇ, ਮਸੰਦਾਂ ਦਾ ਹਿਸਾਬ-ਕਿਤਾਬ ਰੱਖਦੇ, ਆਪਣੇ ਫੌਜੀਆਂ ਦੇ ਮੁਕਾਬਲੇ ਕਰਾਉਂਦੇ ਅਤੇ ਉਨ੍ਹਾਂ ਨੂੰ ਗਤਕਾ ਖਿਡਾਉਂਦੇ, ਜੋਸ਼ ਭਰੀਆਂ ਕਹਾਣੀਆਂ ਸੁਣਾਉਂਦੇ, ਧਰਮ ਦੇ ਨਾਂ ਤੇ ਮਰ ਮਿਟਣ ਦਾ ਸਬਕ ਦਿੰਦੇ ਅਤੇ ਦੁਸ਼ਮਣ ਨਾਲ ਟੱਕਰ ਲੈਣ ਲਈ ਤਿਆਰ ਕਰਦੇ ਸਨ। ਦੂਜੇ ਸ਼ਬਦਾਂ ਵਿਚ ਗੁਰੂ ਸਾਹਿਬ ਨੇ ਅਕਾਲ ਤਖਤ ਬਣਾਕੇ ਧਰਮ ਅਤੇ ਸਿਆਸਤ ਨੂੰ ਇਕੱਠਾ ਕਰ ਦਿੱਤਾ।

ਅਕਾਲ ਤਖਤ ਸਵੈ-ਰੱਖਿਆ ਦਾ ਵੀ ਪ੍ਰਤੀਕ ਸੀ। ਇਸ ਤੋਂ ਇਲਾਵਾ ਗੁਰੂ ਜੀ ਆਪਣੇ ਸ਼ਰਧਾਲੂਆਂ ਨੂੰ ਆਪਣੇ ਝਗੜਿਆਂ ਦੇ ਫੈਸਲੇ ਆਪ ਕਰਨ ਲਈ ਤਿਆਰ ਕਰਨਾ ਚਾਹੁੰਦੇ ਸਨ। ਨਤੀਜੇ ਵਜੋਂ ਬਹੁਤ ਸਾਰੇ ਲੋਕ ਆਪਣੀ ਝਗੜਿਆਂ ਦੇ ਫੈਸਲੇ ਕਰਾਉਣ ਲਈ ਗੁਰੂ ਸਾਹਿਬ ਕੋਲ ਹੀ ਆਇਆ ਕਰਦੇ ਸਨ। ਗੁਰੂ ਸਾਹਿਬ ਸਹੀ ਲਫ਼ਜ਼ਾਂ ਵਿਚ ਮੀਰੀ ਤੇ ਪੀਰੀ ਦੇ ਮਾਲਕ ਬਣ ਚੁੱਕੇ ਸਨ। ਸਿੱਖ ਰਵਾਇਤਾਂ ਅਨੁਸਾਰ ਗੁਰੂ ਸਾਹਿਬ ਦੇ ਗਵਾਲੀਅਰ ਵਿਚੋਂ ਰਿਹਾਅ ਹੋ ਕੇ ਆਉਣ ਤੋਂ ਬਾਅਦ ਜਹਾਂਗੀਰ ਅਕਾਲ ਤਖਤ ਨੂੰ ਵੇਖਣ ਆਇਆ ਤਾਂ ਉਸ ਨੇ ਇਸ ਨਵੀਂ ਉਸਾਰੀ ਇਮਾਰਤ ਦਾ ਖਰਚਾ ਦੇਣ ਦੀ ਕੋਸ਼ਿਸ਼ ਕੀਤੀ ਪਰੰਤੂ ਗੁਰੂ ਸਾਹਿਬ ਨੇ ਇਹ ਕਹਿ ਕੇ ਖਰਚਾ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਮੈਂ ਇਸ ਨੂੰ ਕਿਸੇ ਬਾਦਸ਼ਾਹ ਦੇ ਦਾਨ ਦੀ ਇਤਿਹਾਸਕ ਯਾਦਗਾਰ ਨਹੀਂ ਸਗੋਂ ਸਿੱਖਾਂ ਦੀ ਕੁਰਬਾਨੀ ਤੇ ਸ਼ਰਧਾ ਦਾ ਚਿੰਨ੍ਹ ਬਣਾਉਣਾ ਚਾਹੁੰਦਾ ਹਾਂ।

**(ਕ) ਅੰਮ੍ਰਿਤਸਰ ਦੀ ਕਿਲ੍ਹਾ ਬੰਦੀ** :- ਆਪਣੀ ਨੀਤੀ ਨੂੰ ਨਵੀਂ ਰੰਗਤ ਦੇਣ ਤੋਂ ਬਾਅਦ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਦੀ ਰਹਿਣ ਵਾਲੀ ਜਗ੍ਹਾ ਨੂੰ ਸੁਰੱਖਿਅਤ ਕਰਨ ਦੀ ਲੋੜ ਮਹਿਸੂਸ ਕੀਤੀ। ਅੰਮ੍ਰਿਤਸਰ ਦੇ ਆਲੇ-ਦੁਆਲੇ ਕੰਧ ਬਣਵਾਈ ਗਈ ਅਤੇ ਇਸ ਸ਼ਹਿਰ ਵਿਚ 1609 ਈ: ਵਿਚ ਲੋਹਗੜ੍ਹ ਦੇ ਕਿਲ੍ਹੇ ਦੀ ਉਸਾਰੀ ਵੀ ਕਰਵਾਈ। ਕਿਲ੍ਹੇ ਵਿਚ ਕਾਫੀ ਮਾਤਰਾ ਵਿਚ ਸੈਨਿਕ ਸਮਾਨ ਵੀ ਰੱਖਿਆ ਗਿਆ ਤਾਂ ਜੋ ਔਖੀ ਘੜੀ ਵਿਚ ਵੈਰੀਆਂ ਦਾ ਸਫਲਤਾ ਪੂਰਵਕ ਮੁਕਾਬਲਾ ਕੀਤਾ ਜਾ ਸਕੇ ਅਤੇ ਸ਼ਹਿਰ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

ਗੁਰੂ ਜੀ ਦੀ ਨਵੀਂ ਨੀਤੀ ਕਿਥੋਂ ਤੀਕ ਠੀਕ ਹੈ ?

ਭਾਈ ਗੁਰਦਾਸ ਜੀ 26ਵੀਂ ਵਾਰ ਦੀ 24ਵੀ ਪਉੜੀ ਅਨੁਸਾਰ ਮਾਤਾ ਗੰਗਾ ਜੀ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਤੇ ਬਹੁਤ ਸਾਰੇ ਸਿੱਖਾਂ ਦੇ ਮਨ ਵਿਚ ਗੁਰੂ ਸਾਹਿਬ ਦੇ ਨਵੇਂ ਕੰਮਾਂ ਬਾਰੇ ਸ਼ੰਕੇ ਉਤਪੰਨ ਹੋ ਗਏ ਸਨ। ਉਹ

ਹੈਰਾਨ ਸਨ ਕਿ ਪਹਿਲੇ ਗੁਰੂ ਇਕ ਜਗ੍ਹਾ ਬੈਠ ਕੇ ਧਰਮ ਪ੍ਰਚਾਰ ਕਰਦੇ ਸਨ ਪਰ ਇਹ ਗੁਰੂ ਕੁੱਤੇ ਰੱਖਦੇ ਤੇ ਸ਼ਿਕਾਰ ਖੇਡਦੇ ਸਨ। ਪਰੰਤੂ ਉਨ੍ਹਾਂ ਨੂੰ ਯਕੀਨ ਸੀ ਕਿ ਗੁਰੂ ਸਾਹਿਬ ਗਲਤ ਰਸਤੇ ਨਹੀਂ ਜਾ ਸਕਦੇ। ਮਸੰਦਾਂ ਨੇ ਡਰਦਿਆਂ ਇਹ ਵੀ ਕਹਿ ਦਿੱਤਾ ਕਿ ਗੁਰੂ ਸਾਹਿਬ ਦੀ ਨੀਤੀ ਦੁਸ਼ਮਣਾਂ ਨਾਲ ਲੜਾਈ ਦਾ ਕਾਰਨ ਬਣੇਗੀ। ਪਰੰਤੂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਮਝਾ ਦਿੱਤਾ ਕਿ ਬੇਮੁਖਾਂ ਤੇ ਦੁਸ਼ਟਾਂ ਨੂੰ ਸੋਧਣ ਲਈ ਤਲਵਾਰ ਚਲਾਉਣੀ ਪੈਂਦੀ ਹੈ।

ਗੁਰੂ ਸਾਹਿਬ ਦੀਆਂ ਫੌਜੀ ਕਾਰਵਾਈਆਂ ਨੂੰ ਕਈ ਇਤਿਹਾਸਕਾਰਾਂ ਨੇ ਗਲਤ ਸਮਝਿਆ ਹੈ। ਉਨ੍ਹਾਂ ਦੇ ਕਥਨ ਅਨੁਸਾਰ ਰਾਜਨੀਤੀ ਦੀ ਖਿੱਚ ਤੇ ਸ਼ਸਤਰਾਂ ਦੀ ਚਮਕ ਨੇ ਉਨ੍ਹਾਂ ਨੂੰ ਅਧਿਆਤਮਕਤਾ ਦੇ ਰਸਤੇ ਤੋਂ ਭਟਕਾ ਦਿੱਤਾ ਅਰਥਾਤ ਸਿਆਸੀ ਲਾਲਚ ਵਿਚ ਆ ਕੇ ਉਨ੍ਹਾਂ ਨੇ ਪਹਿਲੇ ਗੁਰੂਆਂ ਦੇ ਰਸਤੇ ਨੂੰ ਛੱਡ ਦਿੱਤਾ। ਪਰ ਇੰਦੂ ਭੂਸ਼ਨ ਬੈਨਰਜੀ ਦੇ ਕਥਨ ਅਨੁਸਾਰ"ਗੁਰੂ ਅਰਜਨ ਦੇਵ ਜੀ ਦੀ ਅਚਾਨਕ ਸ਼ਹੀਦੀ ਅਤੇ ਮੁਗਲਾਂ ਦੀਆਂ ਸਿੱਖਾਂ ਉੱਪਰ ਵਧੀਕੀਆਂ ਦੇ ਕਾਰਨ ਗੁਰੂ ਸਾਹਿਬ ਨੂੰ ਹਥਿਆਰਬੰਦ ਨੀਤੀ ਅਪਣਾਉਣੀ ਪਈ। ਗੁਰੂ ਸਾਹਿਬ ਦੀ ਨੀਤੀ ਮੁਗਲਾਂ ਦੀ ਸਿੱਖ ਮੱਤ ਪ੍ਰਤੀ ਨੀਤੀ ਦਾ ਹੀ ਸਿੱਟਾ ਸੀ ਕਿਉਂਕਿ ਜੇਕਰ ਗੁਰੂ ਹਰਗੋਬਿੰਦ ਨੇ ਇਹ ਨਵੀਂ ਨੀਤੀ ਨਾ ਅਪਣਾਈ ਹੁੰਦੀ ਤਾਂ ਧਾਰਮਿਕ ਸਿੱਖ ਗ੍ਰਹਿਸਥੀਆਂ ਦਾ ਇਹ ਸਮੁਦਾਏ ਜਾਂ ਤਾਂ ਖਤਮ ਹੋ ਗਿਆ ਹੁੰਦਾ ਜਾਂ ਸਾਧਾਂ-ਸੰਤਾਂ ਦੀ ਇਕ ਸੀਮਿਤ ਜਮਾਤ ਬਣਕੇ ਰਹਿ ਜਾਂਦਾ।", ਉਹ ਲਿਖਦੇ ਹਨ।

ਗੁਰੂ ਸਾਹਿਬ ਦੀਆਂ ਜੀਵਨ ਘਟਨਾਵਾਂ ਦੇ ਨਿਰੀਖਣ ਤੋਂ ਬਾਅਦ ਇਸ ਨਿਰਣੇ ਤੇ ਪੁੱਜਦੇ ਹਾਂ ਕਿ ਗੁਰੂ ਸਾਹਿਬ ਨੇ ਅਧਿਆਤਮਕਤਾ ਦਾ ਰਸਤਾ ਕਦੇ ਵੀ ਨਹੀਂ ਛੱਡਿਆ। ਗੁਰੂ ਸਾਹਿਬ ਨੇ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਵਜ਼ੀਰਾਬਾਦ, ਭਿੰਬਰ ਅਤੇ ਕਸ਼ਮੀਰ ਆਦਿ ਥਾਵਾਂ ਤੇ ਸੰਗਤਾਂ ਕਾਇਮ ਕੀਤੀਆਂ ਤੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ। ਗੁਰੂ ਸਾਹਿਬ ਦਾ ਜੋਗੀਆਂ, ਫਕੀਰਾਂ ਨਾਲ ਧਾਰਮਿਕ ਵਾਰਤਾਲਾਪ ਉਨ੍ਹਾਂ ਦੇ ਅਧਿਆਤਮਕ ਰਵੱਈਏ ਦਾ ਪ੍ਰਮਾਣ ਹੈ। ਗੁਰੂ ਸਾਹਿਬ ਨੇ ਕਿਸੇ ਲਾਲਚ ਵਿਚ ਆ ਕੇ ਤਲਵਾਰ ਨਹੀਂ ਸੀ ਚੁੱਕੀ, ਸਗੋਂ ਜਦੋਂ ਉਨ੍ਹਾਂ ਨੇ ਵੇਖਿਆ ਕਿ ਜ਼ੁਲਮ ਦੀ ਅੱਤ ਹੋ ਚੁੱਕੀ ਹੈ ਤਾਂ ਜਾਬਰਾਂ ਦੇ ਰਾਜ ਵਿਚ ਜਾਨ ਤੇ ਮਾਲ ਸੁਰੱਖਿਅਤ ਨਹੀਂ ਸੀ ਤਾਂ ਆਪਣੇ ਬਚਾਓ ਲਈ ਉਨ੍ਹਾਂ ਨੇ ਤਲਵਾਰ ਚੁੱਕੀ। ਤਲਵਾਰ ਨੂੰ ਗੁਰੂ ਸਾਹਿਬ ਨੇ ਆਪਣੇ ਨਿਸ਼ਾਨੇ ਤੇ ਪੁੱਜਣ ਲਈ ਸਾਧਨ ਦੇ ਤੌਰ ਤੇ ਵਰਤਿਆ। ਭਾਈ ਗੁਰਦਾਸ ਜੀ ਇਹ ਵੀ ਲਿਖਦੇ ਹਨ ਕਿ ਜਿਵੇਂ ਖੇਤੀ ਦੀ ਰੱਖਿਆ ਲਈ ਵਾੜ ਦੀ ਲੋੜ ਹੁੰਦੀ ਹੈ, ਬਾਗਾਂ ਦੀ ਰਾਖੀ ਲਈ ਕਿੱਕਰ ਦੀ ਜ਼ਰੂਰਤ ਹੁੰਦੀ ਹੈ, ਬਹੁਮੁੱਲੇ ਚੰਦਨ ਦੀ ਰਾਖੀ ਲਈ ਕੁਦਰਤ ਲਈ ਬੀਰ ਰਸ ਦੀ ਲੋੜ ਸੀ।

ਗੁਰੂ ਨਾਨਕ ਦੇਵ ਜੀ ਨੇ ਬਾਬਰ ਬਾਣੀ ਵਿਚੋਂ"ਰਾਜੇ ਸ਼ੀਹ ਮੁਕੱਦਮ ਕੁੱਤੇ" ਆਦਿ ਕਹਿ ਕੇ ਹਕੂਮਤ ਦੇ ਵਿਰੁੱਧ ਲੋਕਾਂ ਵਿਚ ਜਾਗਰਤੀ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਉਸ ਸਮੇਂ ਹਿੰਦ ਦੇ ਲੋਕ ਵਹਿਮਾਂ-ਭਰਮਾਂ ਵਿਚ ਫਸੇ ਮਾਨਸਿਕ ਤੌਰ ਤੇ ਇੰਨੇ ਕਮਜ਼ੋਰ ਹੋ ਚੁੱਕੇ ਸਨ ਕਿ ਉਨ੍ਹਾਂ ਲਈ ਤਲਵਾਰ ਚੁੱਕਣੀ ਤਾਂ ਇਕ ਪਾਸੇ ਰਹੀ, ਉਨ੍ਹਾਂ ਨੇ ਤਲਵਾਰ ਚੁੱਕਣ ਬਾਰੇ ਸੋਚਣ ਦਾ ਵੀ ਸਾਹਸ ਨਹੀਂ ਕੀਤਾ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਤਲਵਾਰ ਚੁੱਕਣ ਲਈ ਕਹਿਣ ਦੀ ਥਾਂ ਉਨ੍ਹਾਂ ਨੂੰ ਤਲਵਾਰ ਦੀ ਵਰਤੋਂ ਲਈ ਮਾਨਸਿਕ ਤੌਰ ਤੇ ਤਿਆਰ ਕਰਨਾ ਸ਼ੁਰੂ ਕੀਤਾ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਮੇਂ ਤੱਕ ਸਿੱਖ ਮਾਨਸਿਕ ਤੌਰ ਤੇ ਇੰਨੇ ਬਲਵਾਨ ਹੋ ਚੁੱਕੇ ਸਨ ਕਿ ਉਹ ਕਠੋਰ ਤਸੀਹੇ ਸਹਿ ਸਕਦੇ ਸਨ। ਇਸ ਲਈ ਜਦੋਂ ਗੁਰੂ ਹਰਗੋਬਿੰਦ ਸਾਹਿਬ ਨੇ ਗੁਰਗੱਦੀ ਸੰਭਾਲੀ ਉਨ੍ਹਾਂ ਨੇ ਸਿੱਖਾਂ ਨੂੰ ਸ਼ਾਂਤੀ ਪੂਰਵਕ ਤਸੀਹੇ ਭੋਗ ਕੇ ਸ਼ਹੀਦ ਹੋ ਜਾਣ ਦੀ ਬਜਾਏ ਮਾਰ ਕੇ ਮਰਨ ਦੀ ਜਾਂਚ ਦੱਸੀ, ਸਵੈ-ਰੱਖਿਆ ਲਈ ਤਲਵਾਰ ਉਠਾਣੀ ਸਿੱਖ ਧਰਮ ਲਈ ਜ਼ਰੂਰੀ ਬਣਾ ਦਿੱਤਾ। ਦੂਸਰੇ ਪਾਸੇ ਮੁਗਲ ਰਾਜ ਤੇ ਸਿੱਖ ਧਰਮ ਹਿੰਦੁਸਤਾਨ ਵਿਚ ਇਕੋ ਹੀ ਸਮੇਂ ਸ਼ੁਰੂ ਹੋਏ ਸਨ। 16ਵੀਂ ਸਦੀ ਵਿਚ ਦੋਵੇਂ ਹਾਲੇ ਬਚਪਨ ਵਿਚ ਹੀ ਸਨ। ਮੁਗਲ ਸਰਕਾਰ ਅਕਬਰ ਦੇ ਵਕਤ ਤੱਕ ਹਿੰਦ ਵਿਚ ਆਪਣਾ ਰਾਜ ਪੱਕੇ ਪੈਰਾਂ ਤੇ ਖੜਾ ਨਹੀਂ ਸੀ ਕਰ ਸਕੀ। ਅਕਬਰ ਨੇ ਹਿੰਦ ਵਿਚ ਮੁਗਲ ਰਾਜ ਨੂੰ ਸਦੀਵੀ ਬਣਾਉਣ ਲਈ ਧਾਰਮਿਕ ਸਹਿਨਸ਼ੀਲਤਾ ਦੀ ਨੀਤੀ ਧਾਰਨ ਕੀਤੀ। ਇਸ ਮੰਤਵ ਲਈ ਹਿੰਦ ਵਾਸੀਆਂ ਦੇ ਕਿਸੇ ਵੀ ਫਿਰਕੇ ਨਾਲ ਉਸ ਨੇ ਸਿੱਧਾ ਝਗੜਾ ਸ਼ੁਰੂ ਨਹੀਂ ਸੀ ਕੀਤਾ। ਨਤੀਜੇ ਵਜੋਂ ਸਿੱਖ-ਮੁਗਲ ਟੱਕਰ ਕੁਝ ਸਮੇਂ ਲਈ ਪਿਛੇ ਪੈ ਗਈ। ਦੂਜੇ ਪਾਸੇ ਸਿੱਖਾਂ ਦੀ ਮਾਨਸਿਕ ਸ਼ਕਤੀ ਹੌਲੀ-ਹੌਲੀ ਬਲਵਾਨ ਹੁੰਦੀ ਜਾ ਰਹੀ ਸੀ ਅਤੇ ਜਹਾਂਗੀਰ ਤੇ ਤਖਤ ਤੇ ਆਉਣ ਤੱਕ ਇਹ ਆਪਣੇ ਗੁਰੂ ਦੀ ਸੁਯੋਗ ਅਗਵਾਈ ਵਿਚ ਚਟਾਨ ਵਾਂਗੂੰ ਖੜੇ ਹੋ ਗਏ ਸਨ। ਜੇ ਜਹਾਂਗੀਰ ਕੁਝ ਦੇਰ ਹੋਰ ਧਾਰਮਿਕ ਅਸਹਿਨਸ਼ੀਲਤਾ ਦੀ ਨੀਤੀ ਧਾਰਨ ਨਾ ਕਰਦਾ ਤਾਂ ਹੋ ਸਕਦਾ ਸੀ, ਸਿੱਖ-ਮੁਗਲ ਟੱਕਰ ਹੋਰ ਪਿਛੇ ਪੈ ਜਾਂਦੀ।

ਸੰਖੇਪ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਸਾਹਿਬ ਦੀ ਹਥਿਆਰਬੰਦ ਨੀਤੀ ਨੂੰ ਨਵੀਂ ਨੀਤੀ ਕਹਿ

ਕੇ ਨੁਕਤਾਚੀਨੀ ਕਰਨਾ ਠੀਕ ਨਹੀਂ ਹੈ। ਗੁਰੂ ਸਾਹਿਬ ਦੀ ਨੀਤੀ ਪਹਿਲੇ ਗੁਰੂਆਂ ਵਾਲੀ ਹੀ ਸੀ (ਗੁਰੂ ਹਰਗੋਬਿੰਦ ਜੀ ਨੇ ਸਿਰਫ ਬਲਵਾਨ ਮਨ ਦੀ ਰੱਖਿਆ ਲਈ ਬਲਵਾਨ ਸਰੀਰ ਪੈਦਾ ਕੀਤੇ) ਰਾਗ ਰਾਮਕਲੀ ਵਿਚ ਲਿਖਿਆ ਹੈ ਜੋਤ ਉਹ ਜੁਗਤ ਸਾਇ' ਅਰਥਾਤ ਸਾਰੇ ਗੁਰੂਆਂ ਵਿਚ ਇਕ ਹੀ ਜੋਤ ਕੰਮ ਕਰ ਰਹੀ ਹੈ। ਇਸ ਕਰਕੇ ਸਭ ਦੀ ਨੀਤੀ ਵੀ ਇਕ ਹੀ ਸੀ, ਫਰਕ ਸਿਰਫ ਰੂਪ ਦਾ ਹੀ ਸੀ।

**ਜਥੇਬੰਦਕ ਤਬਦੀਲੀਆਂ ਦਾ ਪ੍ਰਭਾਵ**

ਨਵੀਆਂ ਜਥੇਬੰਦਕ ਤਬਦੀਲੀਆਂ ਨੇ ਸਿੱਖ ਚਰਿੱਤਰ ਤੇ ਬਹੁਤ ਡੂੰਘਾ ਪ੍ਰਭਾਵ ਪਾਇਆ। ਉਹ ਭਗਤਾਂ ਤੋਂ ਸੰਤ-ਸਿਪਾਹੀ ਬਣ ਗਏ। ਸਿੱਖਾਂ ਦੇ ਮਨ ਵਿਚ ਬਲਵਾਨ ਫੌਜੀ ਭਾਵਨਾ ਆ ਗਈ।

"ਇਨ੍ਹਾਂ ਸਭ ਕਾਰਜਾਂ ਨੇ ਸਿੱਖਾਂ ਦੇ ਮਨਾਂ ਵਿਚ ਇਕ ਨਵੀਂ ਰੂਹ ਭਰ ਦਿੱਤੀ।"

ਇਹ ਨਵੀਂ ਤਬਦੀਲੀ ਆਉਣ ਵਾਲੇ ਦਿਨਾਂ ਵਿਚ ਸਿੱਖਾਂ ਲਈ ਬਹੁਤ ਹੀ ਲਾਭਦਾਇਕ ਸਾਬਤ ਹੋਈ। ਗੁਰੂ ਜੀ ਇਸ ਨੀਤੀ ਦੇ ਫਲਸਰੂਪ ਸਵੈ-ਭਰੋਸੇ ਦੀ ਭਾਵਨਾ ਨੇ ਸਿੱਖਾਂ ਵਿਚ ਨਵਾਂ ਜੋਸ਼ ਭਰ ਦਿੱਤਾ ਅਤੇ ਉਨ੍ਹਾਂ ਨੂੰ ਦੁਸ਼ਮਣਾਂ ਵਿਰੁੱਧ ਸਫਲਤਾ ਪੂਰਵਕ ਯੁੱਧ ਕਰਨ ਦੇ ਸਮਰੱਥ ਬਣਾਇਆ। ਕੌਮੀ ਭਾਵਨਾ ਲੋਕਾਂ ਦੀ ਭਾਵਨਾ ਬਣ ਗਈ। ਗੁਰੂ ਹਰਗੋਬਿੰਦ ਜੀ ਤੋਂ ਪਹਿਲੇ ਗੁਰੂਆਂ ਦੇ ਸਮੇਂ ਜੱਟਾਂ ਨੇ ਸਿੱਖ ਧਰਮ ਨੂੰ ਧਾਰਨ ਕਰ ਲਿਆ ਸੀ। ਹੁਣ ਉਨ੍ਹਾਂ ਨੂੰ ਆਪਣੀ ਵਾਧੂ ਸ਼ਕਤੀ ਦੇ ਨਿਕਾਸ ਲਈ ਰਸਤਾ ਮਿਲ ਗਿਆ ਸੀ। ਸਾਮਰਾਜੀ ਸ਼ਕਤੀਆਂ ਤੇ ਜ਼ੁਲਮ ਨੂੰ ਹੁਣ ਤੋਂ ਹਥਿਆਰਬੰਦ ਵਿਰੋਧ ਦਾ ਸਾਹਮਣਾ ਸ਼ੁਰੂ ਹੋ ਗਿਆ।

ਗੁਰੂ ਹਰਗੋਬਿੰਦ ਦੁਆਰਾ ਸ਼ੁਰੂ ਕੀਤੇ ਜ਼ੁਲਮ ਦੇ ਖਿਲਾਫ ਆਜ਼ਾਦੀ ਲਈ ਸੰਘਰਸ਼ ਨੂੰ ਸਿੱਖਾਂ ਨੇ ਬਾਅਦ ਵਿਚ ਵੀ ਜਾਰੀ ਰੱਖਿਆ। ਗੁਰੂ ਜੀ ਦੀਆਂ ਅਜਿਹੀਆਂ ਗਤੀਵਿਧੀਆਂ ਕਾਰਨ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ। ਗੁਰੂ ਹਰਗੋਬਿੰਦ ਦੁਆਰਾ ਦਿਖਾਏ ਰਾਹ ਨੂੰ ਉਨ੍ਹਾਂ ਦੇ ਉਤਰਾਧਿਕਾਰੀਆਂ ਨੇ ਵੀ ਅਪਨਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਫੌਜ ਤਿਆਰ ਕੀਤੀ ਅਤੇ ਪਹਾੜੀ ਰਾਜਿਆਂ ਤੇ ਮੁਗਲਾਂ ਵਿਰੁੱਧ ਸਫਲਤਾ ਪੂਰਵਕ ਲੜਾਈਆਂ ਲੜੀਆਂ। ਸਿੱਖਾਂ ਨੇ ਆਪਣੇ ਸਹਿ ਧਰਮੀਆਂ ਦੀਆਂ ਮੁਸ਼ਕਲਾਂ ਨੂੰ ਮਹਿਸੂਸ ਕੀਤਾ ਜਿਸ ਨਾਲ ਉਨ੍ਹਾਂ ਦੇ ਆਪਸੀ ਸਬੰਧ ਹੋਰ ਪੱਕੇ ਹੋ ਗਏ। ਧਰਮ ਦੇ ਖੇਤਰ ਵਿਚ ਸੱਚ ਤੇ ਚਲਣ ਲੱਗੇ ਅਤੇ ਨਾਮ ਦੇ ਪੁਜਾਰੀ ਬਣ ਗਏ। ਮਹਾਨ ਗੁਰੂ ਨੇ ਰਾਜਨੀਤੀ ਨੂੰ ਧਰਮ ਨਾਲ ਮਿਲਾ ਕੇ ਵਿੱਤਰ ਬਣਾ ਦਿੱਤਾ। ਸਿੱਖਾਂ ਵਿਚ ਰਾਜਨੀਤਿਕ ਜਾਗਰਤੀ ਆਈ। ਉਨ੍ਹਾਂ ਨੇ ਮੁਗਲ ਸ਼ਾਸਕਾਂ ਤੋਂ ਆਜ਼ਾਦੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਗੁਰੂ ਹਰਗੋਬਿੰਦ ਦੁਆਰਾ ਦੱਸੇ ਰਾਹ ਤੋਂ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਤੇ ਹੋਰ ਸਿੱਖ ਨੇਤਾਵਾਂ ਨੇ ਚੱਲਣਾ ਜਾਰੀ ਰੱਖਿਆ। ਕੁਝ ਸਮੇਂ ਬਾਅਦ ਸਿੱਖਾਂ ਨੇ ਰਾਜਨੀਤਿਕ ਸ਼ਕਤੀ ਖੋਹ ਲਈ। ਆਜ਼ਾਦੀ ਦਾ ਸੰਘਰਸ਼ ਸਿੱਖਾਂ ਨੇ 18ਵੀਂ ਸਦੀ ਵਿਚ ਜਾਰੀ ਰੱਖਿਆ ਤੇ ਅੰਤ ਵਿਚ ਆਜ਼ਾਦ ਸਿੱਖ ਰਾਜ ਦੀ ਸਥਾਪਨਾ ਦਾ ਕਾਰਨ ਬਣਿਆ।

**ਵਿਦਿਆਰਥੀ ਲਈ ਛੋਟੇ ਪ੍ਰਸ਼ਨ :**

(ੳ) ਗੁਰੂ ਅਰਜਨ ਦੇਵ ਦੀ ਸ਼ਹੀਦੀ ਕਦੋਂ ਤੇ ਕਿੱਥੇ ਹੋਈ ?
(ਅ) ਜਹਾਂਗੀਰ ਦੀ ਧਾਰਮਿਕ ਨੀਤੀ ਕੀ ਸੀ ?
(ੲ) ਦਾਬਿਸਤਾਨ ਏ ਮਜ਼ਾਹਬ ਗੁਰੂ ਹਰਗੋਬਿੰਦ ਬਾਰੇ ਕੀ ਲਿਖਦਾ ਹੈ ?
(ਸ) ਅਕਾਲ ਤਖਤ ਦਾ ਨਿਰਮਾਣ ਕਿਸ ਤਰ੍ਹਾਂ ਪ੍ਰਭਾਵਸ਼ਾਲੀ ਸੀ ?

**ਵੱਡੇ ਪ੍ਰਸ਼ਨ :**

(1) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਪ੍ਰਭਾਵ ਦੱਸੋ।
(2) ਗੁਰੂ ਹਰਗੋਬਿੰਦ ਦੀਆਂ ਲੜਾਈਆਂ ਦਾ ਵਰਨਣ ਕਰੋ।

**ਪਾਠ ਵਿਚ ਮੁੱਖ ਵਿਅਕਤੀ ਅਤੇ ਸ਼ਬਦ :**

1) ਪ੍ਰਿਥੀ ਚੰਦ ਜਾਂ ਪ੍ਰਿਥੀਆ
2) ਬਾਬਾ ਬੁੱਢਾ ਜੀ
3) ਮਿਹਰਬਾਨ
4) ਸੂਰਮਿਆਂ ਦੀਆਂ ਵਾਰਾਂ
5) ਕੌਮੀ ਜਾਗ੍ਰਿਤੀ

6) ਕਿਲ੍ਹਾਬੰਦੀ
7) ਸਿੱਖ-ਮੁਗਲ ਟੱਕਰ
8) ਇੰਦੂ-ਭੂਸ਼ਨ ਬੈਨਰਜੀ
9) ਮੈਕਾਲਿਫ
10) ਰਾਗ ਰਾਮਕਲੀ

**ਹੋਰ ਜਾਣਕਾਰੀ ਲਈ ਪੁਸਤਕਾਂ :**

1. Hari Ram Gupta, History of the Sikhs (1994), Vol.I, pp.155-182
2. J.S.Grewal, The Sikhs of the Punjab (Revised Edition), pp. 62-82
3. ਛਿੱਬੜ, ਕੇਸਰ ਸਿੰਘ, ਬੰਸਾਵਲੀ ਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪਾਠ 06

ਅਸੀਂ ਡੈਕ ਦੇ ਧੰਨਵਾਦੀ ਹਾਂ ਕਿਉਂਕਿ ਵਿੱਤੀ ਗ੍ਰਾਂਟ ਦੇ ਕੇ ਉਸ ਨੇ ਪਾਠ ਦੇ ਰੂਪਾਂਤਰਣ ਨੂੰ ਸੰਭਵ ਬਣਾਇਆ – ਨਾਜ਼ਰ ਸਿੰਘ

**ਪਾਠ ਨੰ. 1.5** **ਲੇਖਕ: ਡਾ.ਹਰੀ ਸਿੰਘ ਬੋਪਾਰਾਏ** **ਰੂਪਾਂਤਰਕਰਤਾ – ਨਾਜ਼ਰ ਸਿੰਘ**

## ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਸ਼ਹਾਦਤ

**ਪਾਠ ਦੀ ਬਣਤਰ**

1. ਗੁਰੂ ਤੇਗ ਬਹਾਦਰ ਜੀ ਦਾ ਬਚਪਨ
2. ਗੁਰਗੱਦੀ ਦੀ ਪ੍ਰਾਪਤੀ
3. ਗੁਰੂ ਜੀ ਦੀਆਂ ਪੂਰਬ ਵੱਲ ਯਾਤਰਾਵਾਂ
4. ਗੁਰੂ ਤੇਗ ਬਹਾਦਰ ਜੀ ਤੇ ਮਾਲਵਾ
5. ਧੀਰ ਮੱਲ ਅਤੇ ਨਕਸਬੰਦੀਆਂ ਦੀ ਦੁਸ਼ਮਣੀ
6. ਕਸ਼ਮੀਰੀ ਪੰਡਤਾਂ ਦੀ ਫਰਿਆਦ
7. ਸ਼ਹਾਦਤ ਦੇ ਵੱਖ ਵੱਖ ਕਾਰਨ
8. ਸ਼ਹਾਦਤ ਦੇ ਸਿੱਟੇ

**ਉਦੇਸ਼**

(1) ਸਿੱਖਾਂ ਤੇ ਹਿੰਦੂਆਂ ਦੇ ਦਿਲਾਂ ਵਿਚ ਮੁਗਲ ਹਕੂਮਤ ਪ੍ਰਤੀ ਨਫਰਤ ਪੈਦਾ ਹੋਣ ਦੇ ਕਾਰਨ ਜਾਂ ਹਾਲਾਤ ਜਾਨਣਾ।
(2) ਗੁਰੂ ਤੇਗ ਬਹਾਦਰ ਦੀ ਵਿਦਿਆ ਅਤੇ ਭਾਸ਼ਾਈ ਗਿਆਨ ਬਾਰੇ ਚਰਚਾ ਕਰਨੀ।
(3) ਗੁਰੂ ਜੀ ਦੀਆਂ ਪੂਰਬ ਵੱਲ ਯਾਤਰਾਵਾਂ ਦਾ ਬਿਆਨ ਤੇ ਵਿਆਖਿਆ ਕੀਤੀ ਜਾਵੇਗੀ।
(4) ਔਰੰਗਜੇਬ ਦੀ ਕੱਟੜਤਾ ਤੋਂ ਇਲਾਵਾ ਸ਼ਹਾਦਤ ਦੇ ਹੋਰ ਰਾਜਨੀਤਕ ਜਾਂ ਧਾਰਮਿਕ ਕਾਰਨ ਦੱਸਣਾ।

### ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਸ਼ਹਾਦਤ (1664–1675 ਈ:)

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਗੁਰੂ ਹਰਗੋਬਿੰਦ ਸਾਹਿਬ ਦੀ ਨਵੀਂ ਨੀਤੀ ਨੇ ਸਿੱਖ ਧਰਮ ਨੂੰ ਇਕ ਨਵੇਂ ਮੋੜ ਤੇ ਖੜ੍ਹਾ ਕਰ ਦਿੱਤਾ। ਜਿਥੇ ਗੁਰੂ ਅਰਜਨ ਦੇਵ ਜੀ ਨੇ ਧਰਮ ਲਈ ਕੁਰਬਾਨੀ ਕੀਤੀ, ਉਥੇ ਨਾਲ ਹੀ ਨਾਲ ਸਿੱਖਾਂ ਦੇ ਦਿਲਾਂ ਵਿਚ ਇਸ ਸ਼ਹਾਦਤ ਨੇ ਮੁਗਲ ਹਕੂਮਤ ਪ੍ਰਤੀ ਨਫ਼ਰਤ ਪੈਦਾ ਕਰ ਦਿੱਤੀ। ਗੁਰੂ ਹਰਗੋਬਿੰਦ ਸਾਹਿਬ ਨੇ ਸੰਤ ਸਿਪਾਹੀਆਂ ਦੀ ਇਕ ਨਵੀਂ ਜਮਾਤ ਹੋਂਦ ਵਿਚ ਲੈ ਆਂਦੀ। ਅਤਿਆਚਾਰਾਂ ਅਤੇ ਅਨਿਆਂ ਦਾ ਟਾਕਰਾ ਕਰਨ ਲਈ ਸਿੱਖ ਸ਼ਸਤਰਧਾਰੀ ਬਣ ਗਏ। ਮੁਗਲਾਂ ਦੀ ਕੱਟੜਤਾ ਔਰੰਗਜ਼ੇਬ ਦੇ ਬਾਦਸ਼ਾਹ ਬਣਨ ਨਾਲ ਹੋਰ ਪੱਕੀ ਹੋ ਗਈ। ਇਸ ਕੱਟੜਤਾ ਦਾ ਜਵਾਬ, ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦੇ ਕੇ ਕੀਤਾ ਅਤੇ ਇਸ ਤਰ੍ਹਾਂ ਧਰਮ ਦੀ ਰੱਖਿਆ ਕੀਤੀ।

**ਬਚਪਨ**

ਹਰੀ ਰਾਮ ਗੁਪਤਾ ਦੇ ਕਥਨ ਅਨੁਸਾਰ ਗੁਰੂ ਤੇਗ ਬਹਾਦਰ ਜੀ ਦਾ ਜਨਮ ਇਕ ਅਪ੍ਰੈਲ 1621 ਈ: ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਘਰ ਮਾਤਾ ਨਾਨਕੀ ਦੀ ਕੁੱਖ ਤੋਂ ਅੰਮ੍ਰਿਤਸਰ ਵਿਖੇ ਹੋਇਆ। ਉਹ ਗੁਰੂ ਹਰਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਪੁੱਤਰ ਸਨ। ਉਨ੍ਹਾਂ ਦੇ ਵੱਡੇ ਭਰਾਵਾਂ ਦੇ ਨਾਂ ਬਾਬਾ ਗੁਰਦਿੱਤਾ, ਸੂਰਜ ਮਲ, ਅਨੀ ਰਾਏ ਅਤੇ ਅਟੱਲ ਰਾਏ ਸਨ। ਉਨ੍ਹਾਂ ਦੀ ਇਕ ਭੈਣ ਵੀ ਸੀ।

ਬਾਲ ਤੇਗ ਬਹਾਦਰ ਦੇ ਮਨ ਉਤੇ ਹਰਗੋਬਿੰਦ ਦੀਆਂ ਫੌਜੀ ਕਾਰਵਾਈਆਂ ਦਾ ਬਹੁਤ ਪ੍ਰਭਾਵ ਸੀ। ਉਨ੍ਹਾਂ ਨੇ ਬਚਪਨ ਤੋਂ ਹੀ ਘੋੜ ਸਵਾਰੀ ਅਤੇ ਹਥਿਆਰਾਂ ਦੀ ਵਰਤੋਂ ਵਿਚ ਮੁਹਾਰਤ ਹਾਸਲ ਕਰ ਲਈ। ਬਾਬਾ ਬੁੱਢਾ ਜੀ ਉਨ੍ਹਾਂ ਨੂੰ ਸੈਨਿਕ ਸਿਖਲਾਈ ਦੇਂਦੇ ਸਨ। ਗੁਰੂ ਤੇਗ ਬਹਾਦਰ ਜੀ ਦੀ ਪੜ੍ਹਾਈ ਗੁਰੂ ਹਰਗੋਬਿੰਦ ਸਾਹਿਬ ਦੀ ਨਿਗਰਾਨੀ ਹੇ

ਠ ਹੋਈ। ਗੁਰਮੁਖੀ, ਗੁਰਬਾਣੀ, ਸੰਸਕ੍ਰਿਤ ਅਤੇ ਧਾਰਮਿਕ ਵਿਦਿਆ ਵੀ ਉਨ੍ਹਾਂ ਨੂੰ ਦਿੱਤੀ ਗਈ। 1635 ਈ: ਦੇ ਕਰਤਾਰਪੁਰ ਦੇ ਯੁੱਧ ਵਿਚ ਤੇਗ ਬਹਾਦਰ ਜੀ ਨੇ ਵੱਡੇ ਸੂਰਬੀਰਾਂ ਵਾਂਗ ਤੇਗ ਵਾਹੀ ਅਤੇ ਅਨੇਕਾਂ ਦੁਸ਼ਮਣਾਂ ਦਾ ਖਾਤਮਾ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਛੋਟੀ ਉਮਰ ਵਿਚ ਹੀ ਅਸਾਧਾਰਨ ਬਹਾਦਰੀ ਦਾ ਸਬੂਤ ਦਿੱਤਾ। ਸਿੱਖ ਰਵਾਇਤ ਅਨੁਸਾਰ ਗੁਰੂ ਹਰਗੋਬਿੰਦ ਸਾਹਿਬ ਆਪਣੇ ਪੁੱਤਰ ਦੀ ਬਹਾਦਰੀ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਦਾ ਨਾਂ ਤਿਆਗ ਮੱਲ ਤੋਂ ਬਦਲ ਕੇ ਤੇਗ ਬਹਾਦਰ ਰੱਖ ਦਿੱਤਾ ਗਿਆ ਜਿਸ ਦਾ ਅਰਥ ਹੈ ਤਲਵਾਰ ਦਾ ਧਨੀ। ਤੇਗ ਬਹਾਦਰ ਜੀ ਦਾ ਵਿਆਹ ਕਰਤਾਰਪੁਰ ਨਿਵਾਸੀ ਲਾਲ ਚੰਦ ਖੱਤਰੀ ਦੀ ਪੁੱਤਰੀ, ਮਾਤਾ ਗੁਜਰੀ, ਨਾਲ ਹੋਇਆ। ਜਿਨ੍ਹਾਂ ਦੀ ਕੁੱਖ ਤੋਂ ਗੋਬਿੰਦ ਸਿੰਘ ਨੇ ਜਨਮ ਲਿਆ।

ਗੁਰੂ ਹਰਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਤੇਗ ਬਹਾਦਰ ਜੀ ਆਪਣੀ ਮਾਤਾ ਨਾਨਕੀ ਤੇ ਪਤਨੀ ਗੁਜਰੀ ਨਾਲ ਬਕਾਲੇ ਆਪਣੇ ਨਾਨਕੇ ਰਹਿਣ ਲੱਗ ਪਏ। ਬਕਾਲਾ ਉਸ ਸਮੇਂ ਮਸ਼ਹੂਰ ਵਪਾਰਕ ਕੇਂਦਰ ਸੀ। 1645 ਤੋਂ 1664 ਈ: ਤੱਕ ਦੇ 20 ਵਰ੍ਹੇ ਆਪ ਨੇ ਬਕਾਲੇ ਵਿਚ ਹੀ ਬਤੀਤ ਕੀਤੇ। ਏਥੇ ਹਰਗੋਬਿੰਦ ਸਾਹਿਬ ਦੇ ਇਕ ਰਜੇ-ਪੁਜੇ ਸ਼ਰਧਾਲੂ ਨੇ ਆਪਣਾ ਨਵਾਂ ਬਣਾਇਆ ਘਰ ਗੁਰੂ ਤੇਗ ਬਹਾਦਰ ਸਾਹਿਬ ਨੂੰ ਸੌਂਪ ਦਿੱਤਾ। ਤੇਗ ਬਹਾਦਰ ਸਾਹਿਬ ਜੀ ਆਪਣਾ ਬਹੁਤ ਸਮਾਂ, ਸੰਸਾਰਕ ਕੰਮਾਂ ਦੇ ਨਾਲ ਨਾਲ ਪ੍ਰਮਾਤਮਾ ਦੀ ਭਗਤੀ ਵਿਚ ਬਿਤਾਉਣ ਲੱਗੇ।

**ਗੁਰ-ਗੱਦੀ ਦੀ ਪ੍ਰਾਪਤੀ :**

ਗੁਰੂ ਹਰਕ੍ਰਿਸ਼ਨ ਜੀ ਨੇ 1664 ਈ: ਵਿਚ ਆਪਣੇ ਸਵਰਗਵਾਸ ਹੋਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੂੰ ਆਪਣਾ ਉੱਤਰਾਧਿਕਾਰੀ ਥਾਪਿਆ। ਉਨ੍ਹਾਂ ਨੇ ਇਕ ਪੱਕੇ ਸਿੱਖ ਦੀਵਾਨ ਦਰਗਾਹ ਮੱਲ ਨੂੰ ਪੰਜ ਪੈਸੇ ਤੇ ਨਾਰੀਅਲ ਲਿਆਉਣ ਵਾਸਤੇ ਆਖਿਆ। ਉਨ੍ਹਾਂ ਨੇ ਆਪਣੀ ਸੱਜੀ ਬਾਂਹ ਨਾਲ ਇਨ੍ਹਾਂ ਵਸਤਾਂ ਨੂੰ ਤਿੰਨ ਵਾਰ ਹਵਾ ਵਿਚ ਘੁਮਾਇਆ ਤੇ ਬਾਬਾ ਬਕਾਲਾ ਧੀਮੀ ਆਵਾਜ਼ ਵਿਚ ਕਿਹਾ, ਜਿਸ ਦਾ ਅਰਥ ਸੀ ਕਿ ਉਨ੍ਹਾਂ ਦਾ ਬਾਬਾ ਤੇਗ ਬਹਾਦਰ, ਜੋ ਬਕਾਲੇ ਰਹਿੰਦਾ ਹੈ, ਸਿੱਖਾਂ ਦਾ ਅਗਲਾ ਗੁਰੂ ਹੋਵੇਗਾ। ਪਰ ਡਾ. ਫੌਜਾ ਸਿੰਘ 'ਭੱਟ ਵਹੀਆਂ' ਅਤੇ ਗੁਰੂ ਕੀਆਂ ਸਾਖੀਆਂ ਦੇ ਆਧਾਰ ਤੇ ਲਿਖਦੇ ਹਨ – ਗੁਰੂ ਹਰਕ੍ਰਿਸ਼ਨ ਜੀ ਦੇ ਕਥਨ ਵਿਚ ਅਸਪਸ਼ਟਤਾ ਨਹੀਂ ਸੀ। ਉਨ੍ਹਾਂ ਨੇ ਨਾ ਸਿਰਫ ਤੇਗ ਬਹਾਦਰ ਦਾ ਨਾਂ ਹੀ ਲਿਆ ਸਗੋਂ ਦੀਵਾਨ ਦਰਗਾਹ ਮੱਲ ਨੂੰ ਹਦਾਇਤ ਕੀਤੀ ਕਿ ਉਹ ਆਪ ਬਕਾਲੇ ਜਾ ਕੇ ਤੇਗ ਬਹਾਦਰ ਜੀ ਨੂੰ ਗੁਰ-ਗੱਦੀ ਸੌਂਪਣ।

ਜਦੋਂ ਹਰਕ੍ਰਿਸ਼ਨ ਜੀ ਦੇ ਦਿਹਾਂਤ ਦੀ ਖਬਰ ਬਕਾਲੇ ਪਹੁੰਚਣ ਤੇ ਪਤਾ ਨਹੀਂ ਕਿਸ ਤਰ੍ਹਾਂ ਇਹ ਗੱਲ ਆਮ ਪ੍ਰਚਲਿਤ ਹੋ ਗਈ ਕਿ ਉਨ੍ਹਾਂ ਸਿਰਫ 'ਬਾਬਾ ਬਕਾਲਾ' ਹੀ ਕਿਹਾ ਸੀ ਤੇ ਸਪੱਸ਼ਟ ਤੌਰ ਤੇ ਤੇਗ ਬਹਾਦਰ ਦਾ ਨਾਂ ਨਹੀਂ ਲਿਆ। ਗੁਰਿਆਈ ਦੇ ਜੱਦੀ ਹੋਣ ਕਾਰਨ ਗੁਰੂ ਹਮੇਸ਼ਾਂ ਹੀ ਸੋਢੀ ਖਾਨਦਾਨ ਵਿਚੋਂ ਚੁਣਨਾ ਹੁੰਦਾ ਸੀ, ਇਸ ਲਈ ਤਕਰੀਬਨ 22 ਸੋਢੀ ਗੁਰ-ਗੱਦੀ ਦੇ ਦਾਅਵੇਦਾਰ ਬਣ ਬੈਠੇ ਅਤੇ ਸੰਗਤਾਂ ਵਾਸਤੇ ਸੱਚੇ ਗੁਰੂ ਨੂੰ ਲੱਭਣਾ ਔਖਾ ਹੋ ਗਿਆ। ਇਨ੍ਹਾਂ 22 ਦਾਅਵੇਦਾਰਾਂ ਵਿਚੋਂ ਧੀਰਮੱਲ ਵੀ ਇਕ ਸੀ।

**ਗੁਰੂ ਲਾਧੋ ਰੇ :**

ਲਗਭਗ ਦੋ ਮਹੀਨੇ ਬਾਅਦ ਮੱਖਣ ਸ਼ਾਹ ਲੁਬਾਣਾ ਨੇ ਆਪਣੀ ਸਿਆਣਪ ਨਾਲ ਅਸਲੀ ਗੁਰੂ ਲੱਭ ਲਿਆ। ਮੱਖਣ ਸ਼ਾਹ ਲੁਬਾਣਾ ਇਕ ਅਮੀਰ ਆਦਮੀ ਸੀ। ਸਿੱਖ ਗੁਰੂਆਂ ਦਾ ਸ਼ਰਧਾਲੂ ਸੀ। ਇਕ ਵਾਰ ਉਸ ਦੇ ਮਾਲ ਦਾ ਭਰਿਆ ਜਹਾਜ਼ ਸਮੁੰਦਰ ਵਿਚ ਡੁੱਬਣ ਲੱਗਾ ਤਾਂ ਉਸ ਨੇ ਗੁਰੂ ਸਾਹਿਬ ਨੂੰ ਯਾਦ ਕੀਤਾ ਤੇ 101 ਮੁਹਰਾਂ ਦੀ ਸੁਖਣਾ ਸੁੱਖ ਲਈ ਕਿ ਉਸ ਦਾ ਜਹਾਜ਼ ਡੁੱਬਣ ਤੋਂ ਬਚ ਜਾਵੇ। ਜਹਾਜ਼ ਸਹੀ ਸਲਾਮਤ ਕੰਢੇ ਲੱਗ ਗਿਆ। ਉਹ ਆਪਣੇ ਪ੍ਰਣ ਨੂੰ ਪੂਰਾ ਕਰਨ ਲਈ ਬਕਾਲੇ ਆਇਆ ਪਰ ਉਥੇ ਕਿੰਨੇ ਹੀ ਸੋਢੀ ਗੁਰੂ ਬਣੇ ਬੈਠੇ ਸਨ। ਉਸ ਦੇ ਮਨ ਵਿਚ ਸੱਚਾ ਅਤੇ ਅਸਲੀ ਗੁਰੂ ਲੱਭਣ ਦੀ ਤਰਕੀਬ ਸੁਝੀ। ਉਹ ਹਰ ਗੁਰੂ ਅੱਗੇ ਦੋ ਦੋ ਮੋਹਰਾਂ ਭੇਟਾ ਚੜ੍ਹਾਂਦਾ ਰਿਹਾ ਤੇ ਉਹ ਲੈਂਦੇ ਰਹੇ, ਪਰ ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਵੀ ਦੋ ਮੁਹਰਾਂ ਦੇਣ ਲੱਗਾ ਤਾਂ ਉਨ੍ਹਾਂ ਨੇ ਬਾਕੀ 99 ਮੁਹਰਾਂ ਦੀ ਵੀ ਮੰਗ ਕੀਤੀ। ਇਹ ਸੁਣ ਕੇ ਉਸ ਨੂੰ ਯਕੀਨ ਹੋ ਗਿਆ ਕਿ ਅਸਲੀ ਗੁਰੂ ਇਹ ਹੀ ਹਨ। ਉਹ ਮਕਾਨ ਦੀ ਛੱਤ ਤੇ ਚੜ੍ਹਕੇ ਉਚੀ-ਉਚੀ ਰੌਲਾ ਪਾਉਣ ਲੱਗਾ, 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ।' ਇਸ ਤਰ੍ਹਾਂ ਸਾਰੇ ਹੀ ਸਿੱਖਾਂ ਨੇ ਉਨ੍ਹਾਂ ਨੂੰ ਗੁਰੂ ਮੰਨ ਲਿਆ।

ਪਰ ਗੁਰੂ ਹਰਿਰਾਇ ਜੀ ਦੇ ਵੱਡੇ ਭਰਾ ਧੀਰਮੱਲ ਨੇ ਗੁਰੂ ਸਾਹਿਬ ਦਾ ਵਿਰੋਧ ਨਾ ਛੱਡਿਆ। ਕਿਹਾ ਜਾਂਦਾ ਹੈ ਕਿ ਉਸ ਨੇ ਸੀਹਾ ਮਸੰਦਾਂ ਨੂੰ ਗੁਰੂ ਸਾਹਿਬ ਨੂੰ ਮਾਰਨ ਵਾਸਤੇ ਭੇਜਿਆ। ਸੀਹਾ ਨੇ ਅਚਾਨਕ ਹੀ ਇਕ ਦਿਨ ਗੁਰੂ

ਸਾਹਿਬ ਤੇ ਗੋਲੀ ਚਲਾ ਦਿੱਤੀ ਤੇ ਉਨ੍ਹਾਂ ਨੂੰ ਜਖਮੀ ਕਰ ਦਿੱਤਾ। ਸੀਹਾ ਦੇ ਬੰਦਿਆਂ ਨੇ ਗੁਰੂ ਸਾਹਿਬ ਦੀ ਸਾਰੀ ਸੰਪਤੀ ਵੀ ਲੁੱਟ ਲਈ। ਗੁਰੂ ਸਾਹਿਬ ਦੇ ਸ਼ਰਧਾਲੂਆਂ ਨੂੰ ਜਦ ਇਸ ਘਟਨਾ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਧੀਰਮੱਲ ਦੇ ਘਰ ਤੇ ਹਮਲਾ ਕਰ ਦਿੱਤਾ ਤੇ ਧੀਰਮੱਲ ਤੇ ਉਸ ਦੇ ਹਮਾਇਤੀਆਂ ਨੂੰ ਬੰਨ੍ਹ ਕੇ ਗੁਰੂ ਸਾਹਿਬ ਕੋਲ ਲੈ ਆਏ। ਇਸ ਤੋਂ ਇਲਾਵਾ ਉਹ ਧੀਰਮੱਲ ਦੀ ਸੰਪਤੀ ਵੀ ਲੈ ਆਏ। ਪਰ ਗੁਰੂ ਸਾਹਿਬ ਨੇ ਧੀਰਮੱਲ ਤੇ ਉਸਦੇ ਸਾਥੀਆਂ ਨੂੰ ਮਾਫ ਕਰ ਦਿੱਤਾ ਅਤੇ ਉਨ੍ਹਾਂ ਦੀ ਸੰਪਤੀ ਵੀ ਵਾਪਸ ਕਰ ਦਿੱਤੀ। ਇਸ ਤੋਂ ਬਾਅਦ ਧੀਰਮੱਲ ਨੂੰ ਬਕਾਲੇ ਰਹਿਣਾ ਔਖਾ ਹੋ ਗਿਆ ਤੇ ਉਹ ਕਰਤਾਰਪੁਰ ਆ ਗਿਆ।

ਕੁਝ ਸਮੇਂ ਬਾਅਦ ਗੁਰੂ ਸਾਹਿਬ ਬਕਾਲਾ ਛੱਡ ਕੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਏ। ਪਰ ਮਸੰਦਾਂ ਨੇ ਉਨ੍ਹਾਂ ਨੂੰ ਦਰਬਾਰ ਸਾਹਿਬ ਅੰਦਰ ਨਾ ਆਉਣ ਦਿੱਤਾ ਤੇ ਉਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਲਏ। ਗੁਰੂ ਸਾਹਿਬ ਅਕਾਲ ਤਖਤ ਦੇ ਨੇੜੇ ਕੁਝ ਚਿਰ ਨਹੀਂ ਰੁਕੇ। ਇਸ ਸਥਾਨ ਨੂੰ ਅੱਜ ਕੱਲ੍ਹ ਥੰਮ ਸਾਹਿਬ ਕਿਹਾ ਜਾਂਦਾ ਹੈ। ਇਥੋਂ ਗੁਰੂ ਸਾਹਿਬ ਵੱਡਾ ਪਿੰਡ ਚਲੇ ਗਏ। ਇਸ ਪਿੰਡ ਦੀਆਂ ਇਸਤਰੀਆਂ ਨੇ ਗੁਰੂ ਸਾਹਿਬ ਲਈ ਲੰਗਰ ਦਾ ਪ੍ਰਬੰਧ ਕੀਤਾ ਅਤੇ ਉਹ ਸੱਚੇ ਮਨ ਨਾਲ ਗੁਰੂ ਸਾਹਿਬ ਦੀ ਸੇਵਾ ਵਿਚ ਜੁਟ ਗਈਆਂ। ਉਨ੍ਹਾਂ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ`ਮਾਈਆਂ ਰੱਬ ਰਜਾਈਆਂ' ਦੇ ਸ਼ਬਦ ਕਹੇ। ਇਥੋਂ ਗੁਰੂ ਸਾਹਿਬ ਗੁਰੂ ਕਾ ਬਾਗ, ਖਡੂਰ ਸਾਹਿਬ, ਗੋਇੰਦਵਾਲ, ਤਰਨਤਾਰਨ, ਖੇਮਕਰਨ ਆਦਿ ਮਾਝੇ ਦੇ ਇਲਾਕਿਆਂ ਵਿਚੋਂ ਹੁੰਦੇ ਹੋਏ ਮਾਲਵੇ ਵਿਚ ਤਲਵੰਡੀ ਸਾਬੋ ਤੋਂ ਹੁੰਦੇ ਹੋਏ ਕੀਰਤਪੁਰ ਪਹੁੰਚੇ। ਕੀਰਤਪੁਰ ਵਿਚ ਵੀ ਧੀਰਮੱਲ ਤੇ ਉਸ ਦੇ ਸਹਿਯੋਗੀਆਂ ਨੇ ਗੁਰੂ ਸਾਹਿਬ ਦੀ ਵਿਰੋਧਤਾ ਜਾਰੀ ਰੱਖੀ। ਇਥੋਂ ਗੁਰੂ ਸਾਹਿਬ ਬਿਲਾਸਪੁਰ ਦੇ ਰਾਜਾ ਦੀਪ ਚੰਦ ਦੀ ਕ੍ਰਿਆ ਦੀ ਰਸਮ ਤੇ ਬਿਲਾਸਪੁਰ ਪਹੁੰਚੇ। ਸਵਰਗਵਾਸੀ ਰਾਜੇ ਦੀ ਪਤਨੀ ਨੇ ਗੁਰੂ ਸਾਹਿਬ ਦੇ ਠਹਿਰਨ ਦਾ ਚੰਗਾ ਪ੍ਰਬੰਧ ਕੀਤਾ। ਗੁਰੂ ਸਾਹਿਬ ਇਥੇ ਤਿੰਨ ਦਿਨ ਠਹਿਰੇ। ਕਿਹਾ ਜਾਂਦਾ ਹੈ ਕਿ ਉਨ੍ਹਾਂ ਰਾਣੀ ਤੋਂ ਕੀਰਤਪੁਰ ਨੇੜੇ ਇਕ ਪਿੰਡ ਵਸਾਉਣ ਲਈ 200 ਰੁਪਏ ਦੇ ਕੇ ਮਾਖੋਵਾਲ ਦਾ ਸਥਾਨ ਲੈ ਲਿਆ। 19 ਜੂਨ 1665 ਈ: ਵਿਚ ਇਸ ਨਵੇਂ ਨਗਰ ਚੱਕ ਨਾਨਕੀ ਦਾ ਨੀਂਹ ਪੱਥਰ ਰੱਖਿਆ, ਜਿਥੇ ਬਾਅਦ ਵਿਚ ਆਨੰਦਪੁਰ ਦਾ ਨਗਰ ਵੱਸ ਗਿਆ।

**ਪੂਰਬ ਦੀ ਯਾਤਰਾ :**

ਆਨੰਦਪੁਰ ਸਾਹਿਬ ਤੋਂ ਗੁਰੂ ਸਾਹਿਬ ਪੂਰਬ ਦੀਆਂ ਯਾਤਰਾਵਾਂ ਤੇ ਚੱਲ ਪਏ। ਉਨ੍ਹਾਂ ਦੀ ਇਸ ਯਾਤਰਾ ਦੇ ਉਦੇਸ਼ ਜਾਂ ਕਾਰਨਾਂ ਬਾਰੇ ਇਤਿਹਾਸਕਾਰਾਂ ਵਿਚ ਮਤਭੇਦ ਪਾਇਆ ਜਾਂਦਾ ਹੈ। ਇਕ ਮੱਤ ਅਨੁਸਾਰ ਗੁਰੂ ਸਾਹਿਬ ਚੱਕ ਨਾਨਕੀ ਜਾਂ ਆਨੰਦਪੁਰ ਸਾਹਿਬ ਵਿਚ ਵੀ ਉਨ੍ਹਾਂ ਦੇ ਵਿਰੋਧੀਆਂ ਨੇ ਗੁਰੂ ਸਾਹਿਬ ਦੀ ਵਿਰੋਧਤਾ ਜਾਰੀ ਰੱਖੀ ਤੇ ਉਨ੍ਹਾਂ ਇਹ ਥਾਂ ਵੀ ਛੱਡ ਦਿੱਤੀ ਤੇ ਪ੍ਰਚਾਰ ਹਿੱਤ ਯਾਤਰਾ ਤੇ ਨਿਕਲ ਪਏ। ਡਾ. ਫੌਜਾ ਸਿੰਘ ਅਨੁਸਾਰ ਇਹ ਗੱਲ ਠੀਕ ਨਹੀਂ ਹੈ ਕਿਉਂਕਿ ਗੁਰੂ ਸਾਹਿਬ ਵਿਰੋਧੀਆਂ ਨਾਲ ਨਜਿੱਠ ਚੁੱਕੇ ਸਨ। ਡਾ. ਤਰਲੋਚਨ ਸਿੰਘ ਇਸ ਯਾਤਰਾ ਦਾ ਕਾਰਨ ਪੂਰਬ ਦੀ ਸੰਗਤ ਦੇ ਸੱਦੇ ਨੂੰ ਸਮਝਦੇ ਹਨ। ਉਨ੍ਹਾਂ ਅਨੁਸਾਰ ਭਾਈ ਬਲਾਕੀ ਦਾਸ ਅਤੇ ਭਾਈ ਦਰਬਾਰਾ ਪਟਨੇ ਤੋਂ ਗੁਰੂ ਸਾਹਿਬ ਨੂੰ ਸੱਦਾ ਦੇਣ ਲਈ ਆਏ। ਪੂਰਬ ਦੀ ਯਾਤਰਾ ਦਾ ਇਕ ਹੋਰ ਕਾਰਨ ਇਹ ਵੀ ਸੀ ਕਿ ਗੁਰੂ ਸਾਹਿਬ ਇਨ੍ਹਾਂ ਇਲਾਕਿਆਂ ਦੀਆਂ ਸਿੱਖ ਸੰਗਤਾਂ ਦੇ ਕੰਮ ਕਾਰ ਨੂੰ ਆਪ ਦੇਖਣਾ ਚਾਹੁੰਦੇ ਸਨ ਤੇ ਏਥੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ। ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਸਾਹਿਬਾਨ ਪੰਜਾਬ ਤੋਂ ਦੂਰ ਪ੍ਰਾਂਤਾਂ ਵਿਚ ਵਸਦੇ ਸਿੱਖਾਂ ਕੋਲ ਨਹੀਂ ਗਏ ਸਨ।

ਗੁਰੂ ਸਾਹਿਬ ਜਦੋਂ ਚੱਕ ਨਾਨਕੀ (ਆਨੰਦਪੁਰ) ਤੋਂ ਚਲੇ ਸੀ, ਉਦੋਂ ਔਰੰਗਜ਼ੇਬ ਬਾਦਸ਼ਾਹ ਬਣਿਆ ਤਕਰੀਬਨ ਸੱਤ ਸਾਲ ਹੋ ਚੁੱਕੇ ਸਨ। ਬਾਦਸ਼ਾਹ ਬਣਨ ਲਈ ਉਸ ਨੇ ਆਪਣੇ ਪਿਤਾ ਨੂੰ ਕੈਦ ਕੀਤਾ ਅਤੇ ਭਰਾਵਾਂ ਦੇ ਖੂਨ ਨਾਲ ਹੱਥ ਰੰਗੇ ਅਤੇ ਕੱਟੜਤਾ ਦੀ ਨੀਤੀ ਤੇ ਚੱਲਣ ਲਗਿਆ ਤੇ ਇਸਲਾਮ ਦੇ ਪ੍ਰਚਾਰ ਵਾਸਤੇ ਨਵੇਂ ਨਵੇਂ ਅਤੇ ਸਖਤ ਕਾਨੂੰਨ ਲਾਗੂ ਕਰਨੇ ਸ਼ੁਰੂ ਕਰ ਦਿੱਤੇ। ਇਸ ਕੱਟੜ ਨੀਤੀ ਨੇ ਲੋਕਾਂ ਨੂੰ ਖਾਸ ਕਰਕੇ ਹਿੰਦੂਆਂ ਨੂੰ ਸਾਹ ਲੈਣਾ ਔਖਾ ਕਰ ਦਿੱਤਾ। ਮੰਦਰਾਂ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ, ਨਵੇਂ ਮੰਦਰਾਂ ਦੀ ਉਸਾਰੀ ਬੰਦ ਕਰਵਾ ਦਿੱਤੀ। ਹਿੰਦੂਆਂ ਉੱਤੇ ਜਜ਼ੀਆ ਟੈਕਸ ਲਗਾ ਦਿੱਤਾ ਤੇ ਬਹੁਤ ਸਾਰਿਆਂ ਨੂੰ ਇਸਲਾਮ ਗ੍ਰਹਿਣ ਕਰਨ ਲਈ ਮਜਬੂਰ ਕੀਤਾ ਜਾਣ ਲੱਗਿਆ।

ਸਿੱਖ ਗੁਰੂ ਸਾਹਿਬਾਨ ਦਾ ਮੁੱਖ ਕੰਮ ਸਮਾਜ ਸੁਧਾਰਨ ਦਾ ਸੀ। ਗੁਰੂ ਤੇਗ ਬਹਾਦਰ ਜੀ ਨੇ ਵੀ ਸਮਾਜ ਦੀਆਂ ਕੁਰੀਤੀਆਂ ਦੂਰ ਕਰਨ ਤੇ ਲੋਕਾਂ ਵਿਚ ਦਲੇਰੀ ਭਰਨ ਲਈ ਆਪਣੀਆਂ ਯਾਤਰਾਵਾਂ ਆਰੰਭੀਆਂ। ਉਨ੍ਹਾਂ ਨੇ ਨਾ ਕਿਸੇ ਤੋਂ ਡਰੇ ਤੇ ਨਾ ਕਿਸੇ ਨੂੰ ਡਰਾਓ ਦਾ ਨਾਹਰਾ ਲਾਇਆ। ਇਸ ਤਰ੍ਹਾਂ ਉਨ੍ਹਾਂ ਦੇ ਪ੍ਰਚਾਰ ਦਾ ਮੁੱਖ ਉਦੇਸ਼ ਨਵੀਂ

ਜੀਵਨ ਜਾਂਚ ਦੇ ਕੇ ਨਵਾਂ ਸਮਾਜ ਉਸਾਰਨਾ ਸੀ। ਜਿਥੇ ਜਿਥੇ ਵੀ ਉਹ ਗਏ, ਉਨ੍ਹਾਂ ਧਰਮ ਪ੍ਰਚਾਰ ਦੇ ਨਾਲ ਨਾਲ ਲੋਕਾਂ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਨਵੇਜ਼ ਖੂਹ, ਨਵੇਜ਼ ਸ਼ਹਿਰ, ਨਹਿਰਾਂ, ਬਾਉਲੀਆਂ ਆਦਿ ਦੇ ਨਿਰਮਾਣ ਕਰਨ ਵਾਸਤੇ ਕਿਹਾ। ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ। ਕਿਸਾਨਾਂ ਨੂੰ ਖੂਹ ਲਗਾ ਕੇ ਬੰਜਰ ਜ਼ਮੀਨਾਂ ਆਬਾਦ ਕਰਨ ਲਈ ਦੱਸਿਆ। ਨਸ਼ਿਆਂ ਤੋਂ ਪਰਹੇਜ਼ ਕਰਨ ਦਾ ਸੰਕੇਤ ਦਿੱਤਾ। ਇਸ ਤਰ੍ਹਾਂ ਉਨ੍ਹਾਂ ਦੀਆਂ ਯਾਤਰਾਵਾਂ ਦਾ ਉਦੇਸ਼ ਸਿੱਖ ਧਰਮ ਪ੍ਰਚਾਰ ਤੇ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨਾ ਸੀ।

ਗੁਰੂ ਸਾਹਿਬ ਆਨੰਦਪੁਰ ਤੋਂ ਰੋਪੜ, ਬਨੂੜ, ਰਾਜਪੁਰਾ ਤੋਂ ਹੁੰਦੇ ਸੈਫਾਬਾਦ (ਬਹਾਦਰਗੜ੍ਹ) ਪਟਿਆਲਾ ਦੇ ਨੇੜੇ ਪਹੁੰਚੇ। ਇਥੇ ਉਹ ਆਪਣੇ ਇਕ ਸ਼ਰਧਾਲੂ ਮੁਗਲ ਅਧਿਕਾਰੀ ਤੋਂ ਜਾਗੀਰਦਾਰ ਸੈਫ ਖਾਂ ਕੋਲ ਇਕ ਦਿਨ ਠਹਿਰੇ ਤੇ ਅਗਲੇ ਦਿਨ ਧਮਤਾਨ (ਹਿਸਾਰ ਜ਼ਿਲ੍ਹੇ ਵਿਚ) ਪਹੁੰਚੇ। ਧਮਤਾਨ ਨੂੰ ਗੁਰੂ ਸਾਹਿਬ ਬਹੁਤ ਪਸੰਦ ਕਰਦੇ ਸਨ ਅਤੇ ਆਪ ਦੇ ਪਹਿਲੀ ਫੇਰੀ ਸਮੇਂ ਹੀ ਆਪ ਇਕ ਖੂਹ ਤੇ ਇਮਾਰਤ ਬਣਾਉਣ ਲਈ ਇਕ ਮਸੰਦ ਨੂੰ ਕਹਿ ਗਏ ਸਨ। ਉਹ ਬਾਂਗਰ ਖੇਤਰ ਵਿਚ ਧਮਤਾਨ ਨੂੰ ਸਿੱਖੀ ਦਾ ਇਕ ਮੁੱਖ ਕੇਂਦਰ ਬਣਾਉਣਾ ਚਾਹੁੰਦੇ ਸਨ। ਹਜ਼ਾਰਾਂ ਦੀ ਗਿਣਤੀ ਵਿਚ ਨੇੜੇ ਦੇ ਪਿੰਡਾਂ ਤੋਂ ਸਿੱਖ ਸ਼ਰਧਾਲੂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਧਮਤਾਨ ਪਹੁੰਚ ਗਏ। ਉਥੇ ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਣ ਲਈ ਰੁਕ ਗਏ। ਗੁਰਪੁਰਬ ਤੋਂ ਚਾਰ ਦਿਨ ਪਹਿਲਾਂ ਹੀ ਮੁਗਲ ਅਧਿਕਾਰੀ ਆਲਮ ਖਾਂ ਰੁਹੇਲਾ ਨੇ ਧਮਤਾਨ ਪਹੁੰਚ ਕੇ ਗੁਰੂ ਸਾਹਿਬ ਨੂੰ 2 ਨਵੰਬਰ, 1665 ਈ: ਨੂੰ ਬੰਦੀ ਬਣਾ ਲਿਆ। ਕੱਟੜਪੰਥੀ ਬ੍ਰਾਹਮਣ ਤੇ ਉਲੇਮਾਂ ਗੁਰੂ ਸਾਹਿਬ ਦੀਆਂ ਸਮਾਜ ਸੁਧਾਰਨ ਦੀਆਂ ਗੱਲਾਂ ਨੂੰ ਆਪਣੇ ਲਈ ਖਤਰਾ ਸਮਝਦੇ ਸਨ ਤੇ ਉਨ੍ਹਾਂ ਬਾਦਸ਼ਾਹ ਪਾਸ ਸ਼ਿਕਾਇਤ ਕੀਤੀ। ਧਮਤਾਨ ਤੋਂ ਗੁਰੂ ਸਾਹਿਬ ਜੀ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ ਦਿੱਲੀ ਲਿਜਾਇਆ ਗਿਆ। ਗੁਰੂ ਤੇਗ ਬਹਾਦਰ ਜੀ ਨੂੰ ਬਾਦਸ਼ਾਹ ਔਰੰਗਜ਼ੇਬ ਸਾਹਮਣੇ ਪੇਸ਼ ਕੀਤਾ ਗਿਆ। ਬਾਦਸ਼ਾਹ ਨੂੰ ਦੱਸਿਆ ਗਿਆ ਕਿ ਇਹ ਪੰਜਾਬ ਦੇ ਮਾਹੌਲ ਨੂੰ ਖਰਾਬ ਕਰ ਰਹੇ ਹਨ। ਬਾਦਸ਼ਾਹ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇਣਾ ਚਾਹੁੰਦਾ ਸੀ। ਪਰ ਅਮੇਰ ਦੇ ਰਾਜਾ ਰਾਮ ਸਿੰਘ ਨੇ ਗੁਰੂ ਸਾਹਿਬ ਦੀ ਜ਼ਿੰਮੇਵਾਰੀ ਲੈ ਲਈ। ਉਸ ਨੇ ਬਾਦਸ਼ਾਹ ਨੂੰ ਯਕੀਨ ਦਿਵਾ ਦਿੱਤਾ ਕਿ ਗੁਰੂ ਸਾਹਿਬ ਇਕ ਧਾਰਮਿਕ ਸੰਤ ਹਨ। ਉਹ ਆਪਣਾ ਪ੍ਰਚਾਰ ਬਾਦਸ਼ਾਹ ਦੇ ਵਿਰੁੱਧ ਨਹੀਂ ਸਗੋਂ ਮਨੁੱਖਤਾ ਦੇ ਕਲਿਆਣ ਲਈ ਕਰਦੇ ਹਨ। ਇਸ ਲਈ ਬਾਦਸ਼ਾਹ ਨੂੰ ਉਨ੍ਹਾਂ ਨੂੰ ਸਜ਼ਾ ਨਹੀਂ ਦੇਣੀ ਚਾਹੀਦੀ। ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਸਜ਼ਾ ਨਾ ਦਿੱਤੀ ਤੇ ਗੁਰੂ ਸਾਹਿਬ ਨੂੰ ਰਾਜਾ ਰਾਮ ਸਿੰਘ ਦੇ ਸਪੁਰਦ ਕਰ ਦਿੱਤਾ ਜਿਸਨੇ ਉਨ੍ਹਾਂ ਨੂੰ ਇਕ ਮਹੀਨਾ ਆਪਣੀ ਦੇਖ ਭਾਲ ਵਿਚ ਰੱਖਿਆ ਤੇ ਉਸ ਪਿਛੋਜ਼ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ। ਗੁਰੂ ਸਾਹਿਬ ਅੱਗੇ ਪੂਰਬ ਦੀ ਯਾਤਰਾ ਲਈ ਚਲ ਪਏ।

**ਮਥੁਰਾ, ਆਗਰਾ : ਤੇ ਕਾਨਪੁਰ :**

ਦਿੱਲੀ ਤੋਂ ਗੁਰੂ ਸਾਹਿਬ ਮਥੁਰਾ ਪਹੁੰਚੇ। ਇਥੋਂ ਆਗਰਾ ਗਏ। ਉਹ ਇਥੇ ਮਾਈ ਜੱਸੀ ਦੇ ਘਰ ਥਾਨ ਮਹੱਲ ਵਿਚ ਠਹਿਰੇ, ਜਿਥੇ ਅੱਜਕਲ੍ਹ ਗੁਰਦੁਆਰਾ ਮਾਈ ਥਾਨ ਬਣਿਆ ਹੋਇਆ ਹੈ। ਆਗਰੇ ਤੋਂ ਬਾਅਦ ਕਾਨਪੁਰ ਅਤੇ ਫਤਿਹਪੁਰ ਹੁੰਦੇ ਹੋਏ 1666 ਈ: ਦੇ ਲਗਭਗ ਪ੍ਰਯਾਗ (ਅਲਾਹਾਬਾਦ) ਪਹੁੰਚੇ। ਇਸ ਥਾਂ ਤੇ ਅੱਜਕਲ੍ਹ ਗੁਰਦੁਆਰਾ ਪੱਕੀ ਸੰਗਤ ਉਨ੍ਹਾਂ ਦੀ ਫੇਰੀ ਯਾਦ ਵਿਚ ਬਣਿਆ ਹੋਇਆ ਹੈ।

**ਬਨਾਰਸ, ਸਹਸਰਾਮ ਤੇ ਗਯਾ :**

ਬਨਾਰਸ ਪਹੁੰਚ ਕੇ ਗੁਰੂ ਸਾਹਿਬ ਆਪਣੇ ਸ਼ਰਧਾਲੂ ਜਵਾਹਰੀ ਮੱਲ ਨੂੰ ਮਿਲੇ ਤੇ ਸਿੱਖ ਸੰਗਤਾਂ ਨੇ ਗੁਰੂ ਸਾਹਿਬ ਦਾ ਸੁਆਗਤ ਕੀਤਾ। ਬਨਾਰਸ ਵਿਚ ਗੁਰੂ ਜੀ ਦੀ ਘੋੜੀ, ਜੋ ਕਿ ਉਨ੍ਹਾਂ ਨੂੰ ਸੈਫ ਖਾਂ ਨੇ ਦਿੱਤੀ ਸੀ, ਬਿਮਾਰ ਹੋ ਗਈ ਤੇ ਫਿਰ ਮਰ ਗਈ। 15 ਦਿਨ ਬਨਾਰਸ ਰਹਿਣ ਪਿਛੋਜ਼ ਗੁਰੂ ਸਾਹਿਬ ਸਰਸਰਾਮ ਆਏ ਜਿਥੇ ਮਸੰਦ ਫਰਗੂਸ਼ਾਹ (ਚਾਚਾ ਫਗੂ) ਰਹਿੰਦਾ ਸੀ। ਫਗੂ ਸ਼ਾਹ ਨੇ ਗੁਰੂ ਸਾਹਿਬ ਨੂੰ ਇਕ ਨਵੇਂ ਬਣਾਏ ਸੁੰਦਰ ਭਵਨ ਵਿਚ ਠਹਿਰਾਇਆ। ਇਥੋਂ ਗੁਰੂ ਸਾਹਿਬ ਬੋਧੀਆਂ ਦੇ ਪ੍ਰਸਿੱਧ ਤੀਰਥ ਸਥਾਨ ਗਯਾ ਪਹੁੰਚੇ। ਇਕ ਉਦਾਸੀ ਮਹੰਤ ਰਾਮ ਦਾਸ ਨੇ ਏਥੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਦੀ ਸੇਵਾ ਆਪਣੇ ਜ਼ਿੰਮੇ ਲੈ ਲਈ। ਜਿਥੇ ਵੀ ਗੁਰੂ ਸਾਹਿਬ ਗਏ , ਉਨ੍ਹਾਂ ਨੇ ਲੋਕਾਂ ਦੇ ਵਹਿਮਾਂ ਅਤੇ ਭਰਮਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਗਯਾ ਤੋਂ ਚਲ ਕੇ ਪੈਦਲ ਪਟਨਾ ਪਹੁੰਚੇ। ਰਾਹ ਵਿਚ ਕਰਮ-ਨਾਸ ਨਦੀ ਪੈਂਦੀ ਸੀ, ਜਿਸ ਬਾਰੇ ਲੋਕਾਂ ਨੂੰ ਵਿਸ਼ਵਾਸ ਸੀ ਕਿ ਇਸ ਵਿਚ ਇਸ਼ਨਾਨ ਕਰਨ ਨਾਲ ਮਨੁੱਖ ਦੇ ਸਾਰੇ ਚੰਗੇ ਕਰਮ ਨਾਸ਼ ਹੋ ਜਾਂਦੇ ਹਨ। ਗੁਰੂ ਸਾਹਿਬ ਇਸ ਨਦੀ ਵਿਚ ਨਹਾਏ ਤੇ ਲੋਕਾਂ ਨੂੰ ਸਿੱਧ ਕਰ ਦਿੱਤਾ ਕਿ ਨਦੀ ਵਿਚ ਨਹਾਉਣ ਨਾਲ ਇਮਾਨ ਅਤੇ ਚੰਗੇ ਗੁਣਾਂ ਦਾ ਨਾਸ਼ ਨਹੀਂ ਹੁੰਦਾ।

**ਪਟਨਾ :**

ਮਈ 1666 ਈ: ਵਿਚ ਗੁਰੂ ਸਾਹਿਬ ਪਟਨਾ ਪਹੁੰਚੇ। ਤਿਨ ਮਹੀਨੇ ਗੁਰੂ ਸਾਹਿਬ ਏਥੇ ਹੀ ਰਹੇ। ਬਹੁਤ ਸਾਰੇ ਸ਼ਰਧਾਲੂ ਉਨ੍ਹਾਂ ਦੇ ਰੋਜ਼ਾਨਾ ਦਰਸ਼ਨ ਕਰਨ ਤੇ ਉਪਦੇਸ਼ ਸੁਣਨ ਆਉਂਦੇ। ਇਥੇ ਢਾਕੇ ਦੀ ਸੰਗਤ ਦੇ ਪ੍ਰਮੁੱਖ ਸਿੱਖ ਗੁਰੂ ਸਾਹਿਬ ਨੂੰ ਮਿਲੇ ਤੇ ਉਨ੍ਹਾਂ ਨੂੰ ਢਾਕੇ ਆਉਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਆਪਣੇ ਪਰਿਵਾਰ ਨੂੰ ਪਟਨੇ ਛੱਡ ਕੇ ਢਾਕੇ ਜਾਣ ਲਈ ਤਿਆਰ ਹੋ ਗਏ।

**ਢਾਕਾ :**

ਪਟਨਾ ਤੋਂ ਮੁਘੇਰ ਹੁੰਦੇ ਹੋਏ ਗੁਰੂ ਸਾਹਿਬ (ਵਰਤਮਾਨ ਬੰਗਲਾ ਦੇਸ਼) ਪਹੁੰਚੇ। ਢਾਕਾ, ਸਿੱਖਾਂ ਦਾ ਇਕ ਬਹੁਤ ਵੱਡਾ ਕੇਂਦਰ ਹੈ। ਢਾਕੇ ਵਿਚ ਗੁਰੂ ਸਾਹਿਬ ਨੂੰ ਪਟਨੇ ਤੋਂ ਖਬਰ ਮਿਲੀ ਕਿ ਮਾਤਾ ਗੁਜਰੀ ਜੀ ਨੇ ਇਕ ਬਾਲਕ ਨੂੰ ਜਨਮ ਦਿੱਤਾ ਹੈ। ਇਹ ਬਾਲਕ ਬਾਦ ਵਿਚ ਵੱਡਾ ਹੋ ਕੇ ਗੁਰੂ ਗੋਬਿੰਦ ਸਿੰਘ ਬਣਿਆ। ਗੁਰੂ ਸਾਹਿਬ ਨੇ ਪਟਨੇ ਦੀ ਸੰਗਤ ਦੇ ਨਾਂ ਹੁਕਮਨਾਮਾ ਭੇਜਿਆ ਜਿਸ ਵਿਚ ਉਨ੍ਹਾਂ ਨੇ ਪਰਿਵਾਰ ਦੀ ਸੇਵਾ ਤੇ ਬੱਚੇ ਦੀ ਦੇਖਭਾਲ ਕਰਨ ਲਈ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਆਪਣੀ ਅਸੀਸਾਂ ਭੇਜੀਆਂ। ਇਥੇ ਗੁਰੂ ਸਾਹਿਬ ਤਕਰੀਬਨ ਇਕ ਸਾਲ ਦੇ ਲਗਭਗ ਰਹੇ।

**ਆਸਾਮ :**

ਢਾਕੇ ਤੋਂ ਚਲ ਕੇ ਗੁਰੂ ਸਾਹਿਬ ਰਾਜਾ ਰਾਮ ਸਿੰਘ ਦੇ ਨਾਲ ਆਸਾਮ ਵੱਲ ਚਲੇ ਗਏ। ਔਰੰਗਜ਼ੇਬ ਦੇ ਹੁਕਮ ਨਾਲ ਅਹੋਮੀ ਕਬੀਲੇ ਨੂੰ ਦਬਾਉਣ ਲਈ, ਜੋ ਮੁਗਲ ਹਕੂਮਤ ਵਿਰੁੱਧ ਬਾਗੀ ਹੋ ਗਿਆ ਸੀ, ਰਾਮ ਸਿੰਘ ਨੂੰ ਭੇਜਿਆ ਗਿਆ ਸੀ। ਰਾਜਾ ਰਾਮ ਸਿੰਘ ਦੇ ਸੈਨਿਕ ਆਸਾਮ ਦੇ ਜਾਦੂ ਟੂਣਿਆਂ ਤੋਜ਼ ਬਹੁਤੇ ਘਬਰਾਂਦੇ ਸਨ। ਰਾਮ ਸਿੰਘ ਨੇ ਮਾਲਦ ਤੋਂ ਪੰਜ ਪੀਰਾਂ ਨੂੰ ਵੀ ਆਸਾਮੀਆਂ ਦੇ ਜਾਦੂ ਟੂਣਿਆਂ ਦਾ ਮੁਕਾਬਲਾ ਕਰਨ ਲਈ ਆਪਣੇ ਨਾਲ ਲੈ ਗਿਆ। ਉਸ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਵੀ ਅੱਗੇ ਨਾਲ ਚਲਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ ਸਿੱਖ ਧਰਮ ਦਾ ਇਸ ਇਲਾਕੇ ਵਿਚ ਪ੍ਰਚਾਰ ਕਰਨ ਵਾਸਤੇ ਉਸ ਦੇ ਨਾਲ ਚਲਣਾ ਮੰਨ ਲਿਆ। 1669 ਈ: ਦੇ ਸ਼ੁਰੂ ਵਿਚ ਉਹ ਬ੍ਰਹਮਪੁੱਤਰ ਨਦੀ ਨੂੰ ਪਾਰ ਕਰਕੇ ਧੁਬਰੀ ਪਹੁੰਚ ਗਏ। ਮੁਗਲ ਫੌਜਾਂ ਅੱਗੇ ਜਾ ਕੇ ਰੰਗਮਤੀ ਰੁਕ ਗਈਆਂ। ਆਸਾਮੀਆਂ ਨੇ ਡਟਕੇ ਮੁਗਲ ਫੌਜਾਂ ਦਾ ਮੁਕਾਬਲਾ ਕੀਤਾ। ਪਰ ਮੁਗਲ ਸੈਨਾ ਅੱਗੇ ਵਧਦੀ ਗਈ। ਆਹੂਮਾਂ ਨੇ ਜਾਦੂ ਟੂਣਿਆਂ ਦਾ ਸਹਾਰਾ ਲਿਆ। ਪਰ ਸਭ ਵਿਅਰਥ ਗਏ। ਗੁਰੂ ਸਾਹਿਬ ਦੀ ਪ੍ਰਸਿੱਧੀ ਦੂਰ ਤੱਕ ਫੈਲ ਗਈ। ਆਸਾਮ ਦੇ ਲੋਕ ਬਹੁਤ ਵੱਡੀ ਗਿਣਤੀ ਵਿਚ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਉਣ ਲੱਗੇ। ਕੋਈ ਭਿਆਨਕ ਜੰਗ ਹੋਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਦੋਹਾਂ ਧਿਰਾਂ ਵਿਚ ਸਮਝੌਤਾ ਕਰ ਦਿੱਤਾ। ਇਸ ਸਮਝੌਤੇ ਦੀ ਯਾਦ ਵਿਚ ਦੋਹਾਂ ਧਿਰਾਂ ਨੇ ਧੁਬਰੀ ਦੇ ਸਥਾਨ ਤੇ ਮਿੱਟੀ ਦਾ ਇਕ ਥੇਹ ਵੀ ਬਣਵਾਇਆ।

ਗੁਰੂ ਸਾਹਿਬ ਅਜੇ ਪੂਰਬ ਵੱਲ ਹੀ ਸਨ ਕਿ ਉੱਤਰੀ ਭਾਰਤ ਤੋਂ ਉਨ੍ਹਾਂ ਨੂੰ ਔਰੰਗਜ਼ੇਬ ਦੀਆਂ ਲੋਕਾਂ ਉਪਰ ਹੋ ਰਹੀਆਂ ਸਖਤੀਆਂ ਦੀਆਂ ਖਬਰਾਂ ਮਿਲਣ ਲੱਗੀਆਂ। ਉਨ੍ਹਾਂ ਕੋਲ ਹਿੰਦੂਆਂ ਦੇ ਮੰਦਰਾਂ ਨੂੰ ਜ਼ਬਰੀ ਢਾਹੁਣ, ਇਸਲਾਮ ਧਰਮ ਗ੍ਰਹਿਣ ਕਰਨ ਲਈ ਹਿੰਦੂਆਂ ਨੂੰ ਮਜ਼ਬੂਰ ਕਰਨਾ ਅਤੇ ਯਾਤਰਾ ਕਰ ਲਾਉਣ ਦੀ ਦਿਲ ਦੁਖਾਊ ਖਬਰਾਂ ਪਹੁੰਚਣ ਲੱਗੀਆਂ। ਇਨ੍ਹਾਂ ਖਬਰਾਂ ਨੂੰ ਸੁਣਕੇ ਗੁਰੂ ਸਾਹਿਬ ਆਸਾਮ ਤੋਂ ਸਿੱਧੇ ਪੰਜਾਬ ਵੱਲ ਨੂੰ ਚਲ ਪਏ। ਰਾਹ ਵਿਚ ਰੋਹਤਕ, ਕੁਰੂਕਸ਼ੇਤਰ, ਪਹੋਵਾ ਅਤੇ ਲਖਨੌਰ ਹੁੰਦੇ ਹੋਏ, ਉਹ ਬਕਾਲੇ ਤੋਂ ਉਥੇ ਆਨੰਦਪੁਰ ਪਹੁੰਚੇ। ਉਹ ਪਰਿਵਾਰ ਸਮੇਤ ਇਥੇ ਹੀ ਰਹਿਣ ਲੱਗ ਪਏ।

**ਮਾਲਵੇ ਦੀ ਦੂਜੀ ਫੇਰੀ :**

1673 ਤੋਂ 1675 ਈ: ਵਿਚ ਗੁਰੂ ਤੇਗ ਬਹਾਦਰ ਜੀ ਨੇ ਮਾਲਵਾ ਤੇ ਬਾਂਗਰ ਪ੍ਰਦੇਸ਼ਾਂ ਦੀ ਦੂਜੀ ਵਾਰ ਯਾਤਰਾ ਕੀਤੀ। ਉਨ੍ਹਾਂ ਦਾ ਪੁੱਤਰ ਗੋਬਿੰਦ ਦਾਸ ਅਤੇ ਪਤਨੀ ਵੀ ਇਸ ਯਾਤਰਾ ਵਿਚ ਨਾਲ ਰਹੇ। ਸਭ ਤੋਂ ਪਹਿਲੇ ਉਹ ਪਟਿਆਲਾ ਨੇੜੇ ਸੈਫਾਬਾਦ ਦੇ ਸੈਫ ਖਾਂ ਨੂੰ ਮਿਲੇ। ਉਸ ਨੇ ਗੁਰੂ ਸਾਹਿਬ ਦਾ ਸੁਆਗਤ ਕੀਤਾ ਤੇ ਕੀਮਤੀ ਤੋਹਫ਼ੇ ਵੀ ਦਿੱਤੇ। ਉਸ ਤੋਂ ਬਾਅਦ ਗੁਰੂ ਸਾਹਿਬ ਨੇ ਬਹੁਤ ਸਾਰੇ ਮਾਲਵੇ ਤੇ ਬਾਂਗਰ ਦੇ ਪਿੰਡਾਂ ਤੇ ਕਸਬਿਆਂ ਦਾ ਦੌਰਾ ਕੀਤਾ। ਇਨ੍ਹਾਂ ਵਿਚ ਮਾਲਵੇ ਦੇ ਮਹੱਤਵਪੂਰਨ ਸਥਾਨਾਂ ਦੇ ਨਾਂ ਇਸ ਤਰ੍ਹਾਂ ਹਨ – ਮੂਲੋਵਾਲ, ਢਿਲਵਾਂ, ਖੀਵਾ, ਭੀਖੀ, ਮੌਡ, ਤਲਵੰਡੀ ਅਤੇ ਬਠਿੰਡਾ। ਬਾਂਗਰ ਵਿਚ ਧਮਧਾਨ ਵੀ ਗਏ। ਇਨ੍ਹਾਂ ਸਥਾਨਾਂ ਤੇ ਗੁਰੂ ਸਾਹਿਬ ਨੇ ਕਿਸਾਨਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ। ਉਨ੍ਹਾਂ ਦੀਆਂ ਸਹੂਲਤਾਂ ਲਈ ਕਈ ਥਾਈਂ ਖੂਹ ਵੀ ਪੁਟਵਾਏ।

**ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ**

ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਦੇ ਹੁਕਮ ਨਾਲ ਚਾਂਦਨੀ ਚੌਂਕ ਦਿੱਲੀ ਵਿਚ 11 ਨਵੰਬਰ, 1675 ਈ: ਨੂੰ ਸ਼ਹੀਦ ਕਰ ਦਿੱਤਾ ਗਿਆ। ਕੁਝ ਕੁ ਇਤਿਹਾਸਕਾਰਾਂ ਨੇ ਉਨ੍ਹਾਂ ਦੀ ਸ਼ਹਾਦਤ ਬਾਰੇ ਕਈ ਭੁਲੇਖੇ ਪਾ ਦਿੱਤੇ ਹਨ। ਬਹੁਤ ਇਤਿਹਾਸਕਾਰਾਂ ਨੇ ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਦੀ ਨੀਤੀ ਨੂੰ ਗੁਰੂ ਸਾਹਿਬ ਸ਼ਹਾਦਤ ਦਾ ਮੂਲ ਕਾਰਨ ਦੱਸਿਆ ਹੈ। ਪਰ ਜੇ ਡੂੰਘਾਈ ਤੇ ਗੰਭੀਰਤਾ ਨਾਲ ਵੇਖਿਆ ਜਾਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦੀ ਸ਼ਹੀਦੀ ਕਈ ਸਮੂਹਕ ਕਾਰਨਾਂ ਦਾ ਫਲ ਸੀ, ਜਿਨ੍ਹਾਂ ਦਾ ਆਪਸ ਵਿਚ ਬਹੁਤ ਗੂੜ੍ਹਾ ਸਬੰਧ ਸੀ ਅਤੇ ਕਿਸੇ ਹੋਰ ਨਤੀਜੇ ਤੇ ਪਹੁੰਚਣ ਤੋਂ ਪਹਿਲਾਂ ਸਾਨੂੰ ਇਨ੍ਹਾਂ ਸਾਰੇ ਪੱਖਾਂ ਤੇ ਵਿਚਾਰ ਕਰ ਲੈਣੀ ਚਾਹੀਦੀ ਹੈ।

1. **ਔਰੰਗਜ਼ੇਬ ਦੀ ਕੱਟੜਤਾ :–** ਔਰੰਗਜ਼ੇਬ ਇਕ ਕੱਟੜ ਸੁੰਨੀ ਮੁਸਲਮਾਨ ਸੀ। ਉਸ ਦਾ ਹਿੰਦੂਆਂ ਅਤੇ ਸਿੱਖਾਂ ਪ੍ਰਤੀ ਰਵੱਈਆ ਬੜਾ ਸਖਤ ਸੀ। ਉਹ ਸਾਰੇ ਦੇਸ਼ ਨੂੰ ਇਸਲਾਮ ਦੀ ਧਰਤੀ ਵਿਚ ਬਦਲਣਾ ਚਾਹੁੰਦਾ ਸੀ। ਹਿੰਦੂਆਂ ਨੂੰ ਬੇਇਜ਼ਤ ਤੇ ਧਰਮ ਛੱਡਣ ਲਈ ਮਜ਼ਬੂਰ ਕਰਨ ਲਈ ਉਸ ਨੇ ਉਨ੍ਹਾਂ ਉਤੇ ਹਰ ਤਰ੍ਹਾਂ ਦੀਆਂ ਬੰਦਸ਼ਾਂ ਲਾਈਆਂ। ਹਿੰਦੂਆਂ ਦੇ ਮੰਦਰਾਂ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ। ਹਿੰਦੂ ਆਪਣੀ ਮਰਜ਼ੀ ਨਾਲ ਦਾੜ੍ਹੀ ਵੀ ਚਾਰ ਉਂਗਲਾਂ ਤੋਂ ਵੱਧ ਨਹੀਂ ਸਨ ਰੱਖ ਸਕਦੇ। ਉੱਚੀਆਂ ਸਰਕਾਰੀ ਨੌਕਰੀਆਂ ਵਿਚ ਵੀ ਹਿੰਦੂਆਂ ਨਾਲ ਵਿਤਕਰਾ ਕਰਨਾ ਸ਼ੁਰੂ ਕਰ ਦਿੱਤਾ। ਖਾਫੀ ਖਾਂ ਅਨੁਸਾਰ ਔਰੰਗਜ਼ੇਬ ਨੇ ਸਿੱਖਾਂ ਦੇ ਧਾਰਮਿਕ ਸਥਾਨਾਂ ਨੂੰ ਤਬਾਹ ਕਰਨ ਤੇ ਮਸੰਦਾਂ ਨੂੰ ਸ਼ਹਿਰ ਵਿਚੋਂ ਬਾਹਰ ਕੱਢਣ ਦੇ ਵੀ ਹੁਕਮ ਦਿੱਤੇ। ਇਨ੍ਹਾਂ ਸਾਰੀਆਂ ਗੱਲਾਂ ਦੀ ਖਬਰ ਗੁਰੂ ਸਾਹਿਬ ਨੂੰ ਆਸਾਮ ਵਿਚ ਮਿਲ ਗਈ ਅਤੇ ਉਨ੍ਹਾਂ ਝੱਟ ਪੰਜਾਬ ਵਾਪਸ ਆਉਣ ਦੀ ਤਿਆਰੀ ਕਰ ਲਈ। ਇਸ ਲਈ ਔਰੰਗਜ਼ੇਬ ਦੀ ਕੱਟੜਤਾ ਤੋਂ ਧਰਮ ਨੂੰ ਬਚਾਉਣਾ ਹੀ ਉਨ੍ਹਾਂ ਦੀ ਸ਼ਹਾਦਤ ਦਾ ਮੁੱਖ ਕਾਰਨ ਬਣਿਆ।

2. **ਗੁਰੂ ਸਾਹਿਬ ਦੇ ਧਰਮ ਪ੍ਰਚਾਰਕ ਦੌਰੇ :–** ਗੁਰੂ ਤੇਗ ਬਹਾਦਰ ਜੀ ਦੀ ਗੁਰ–ਗੱਦੀ ਸੰਭਾਲਣ ਦੇ ਤੁਰੰਤ ਬਾਅਦ ਆਪਣੇ ਧਰਮ ਦੇ ਪ੍ਰਚਾਰ ਲਈ ਮਾਝਾ, ਮਾਲਵਾ, ਦਿੱਲੀ, ਮਥੁਰਾ, ਬਨਾਰਸ, ਪਟਨਾ ਤੇ ਢਾਕੇ ਤੋਂ ਹੁੰਦੇ ਹੋਏ ਆਸਾਮ ਤੱਕ ਪਹੁੰਚੇ। ਇੰਨੀਆਂ ਲੰਮੀਆਂ ਯਾਤਰਾਵਾਂ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸਿਰਫ ਗੁਰੂ ਤੇਗ ਬਹਾਦਰ ਜੀ ਨੇ ਹੀ ਕੀਤੀਆਂ ਸਨ। ਮਾਲਵੇ ਤੇ ਤਕਰੀਬਨ ਸਾਰੇ ਪ੍ਰਸਿੱਧ ਸਥਾਨਾਂ ਤੇ ਉਹ ਗਏ ਆਪਣੇ ਸ਼ਰਧਾਲੂਆਂ ਦੀ ਗਿਣਤੀ ਵਿਚ ਵਾਧਾ ਕੀਤਾ ਤੇ ਢਾਕੇ ਤੱਕ ਉਨ੍ਹਾਂ ਨੇ ਸਿੱਖ ਸੰਗਤ ਦੀ ਸਥਾਪਨਾ ਕੀਤੀ। ਥਾਂ–ਥਾਂ ਤੇ ਉਨ੍ਹਾਂ ਨੇ ਨਾ ਕਿਸੇ ਕੋਲੋਂ ਡਰੋ ਨਾ ਕਿਸੇ ਨੂੰ ਡਰਾਓ' ਦਾ ਸੰਦੇਸ਼ ਦਿੱਤਾ। ਇਕ ਪਾਸੇ ਔਰੰਗਜ਼ੇਬ ਦਾ ਲੋਕਾਂ ਨੂੰ ਜ਼ਬਰਦਸਤੀ ਇਸਲਾਮ ਵਿਚ ਲਿਆਉਣ ਤੇ ਦੂਜੇ ਪਾਸੇ ਗੁਰੂ ਤੇਗ ਬਹਾਦਰ ਜੀ ਦਾ ਲੋਕਾਂ ਨੂੰ ਆਪਣੇ ਧਰਮ ਵਿਚ ਦ੍ਰਿੜ੍ਹ ਰਹਿਣ ਦਾ ਸੁਨੇਹਾ ਦੇਣਾ ਦੋ ਪ੍ਰਸਪਰ ਵਿਰੋਧੀ ਗੱਲਾਂ ਸਨ। ਇਸ ਲਈ ਇਨ੍ਹਾਂ ਦੇ ਪ੍ਰਚਾਰਕ ਦੌਰਿਆਂ ਦਾ ਔਰੰਗਜ਼ੇਬ ਦੀ ਕੱਟੜਤਾ ਦੀ ਨੀਤੀ ਨਾਲ ਟਾਕਰਾ ਹੋ ਜਾਣਾ ਸੁਭਾਵਕ ਹੀ ਸੀ। ਮੁਗਲ ਸਰਕਾਰ ਦੇ ਜਾਸੂਸਾਂ ਤੇ ਅਫਸਰਾਂ ਨੂੰ ਵੀ ਗੁਰੂ ਸਾਹਿਬ ਦੇ ਪ੍ਰਚਾਰ ਦੌਰਿਆਂ ਵਿਚ ਬਗਾਵਤ ਦੀ ਅੱਗ ਸੁਲਗਦੀ ਦਿਸੀ ਤੇ ਉਨ੍ਹਾਂ ਨੇ ਵੀ ਗਲਤ ਰਿਪੋਰਟਾਂ ਭੇਜਕੇ ਔਰੰਗਜ਼ੇਬ ਨੂੰ ਗੁਰੂ ਸਾਹਿਬ ਦੇ ਵਿਰੁੱਧ ਉਕਸਾਇਆ। ਅਜਿਹੀਆਂ ਰਿਪੋਰਟਾਂ ਦੇ ਆਧਾਰ ਤੇ ਹੀ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਸਜ਼ਾ ਦੇਣ ਦਾ ਫੈਸਲਾ ਕਰ ਲਿਆ ਸੀ।

3. **ਧੀਰ ਮੱਲ ਤੇ ਰਾਮ ਰਾਏ ਦੀ ਵਿਰੋਧਤਾ :–** ਕਿਹਾ ਜਾਂਦਾ ਹੈ ਕਿ ਧੀਰ ਮੱਲ ਤੇ ਰਾਮ ਰਾਏ ਜਿਹੇ ਗੁਰੂ ਸਾਹਿਬ ਦੇ ਸਬੰਧੀ ਵੀ ਗੁਰੂ ਸਾਹਿਬ ਦੀ ਸ਼ਹਾਦਤ ਦਾ ਕਾਰਨ ਬਣੇ। ਧੀਰ ਮੱਲ ਗੁਰੂ ਹਰਿਰਾਏ ਦਾ ਵੱਡਾ ਭਰਾ ਸੀ। ਉਹ ਗੁਰੂ ਤੇਗ ਬਹਾਦਰ ਜੀ ਦੇ ਵਿਰੁੱਧ ਆਪ ਵੀ ਹੋਰਨਾਂ ਸੋਢੀਆਂ ਦੀ ਤਰ੍ਹਾਂ ਗੁਰੂ ਬਣ ਬੈਠਾ ਸੀ। ਉਸ ਨੇ ਸੀਹਾਂ ਮਸੰਦ ਨਾਲ ਮਿਲ ਕੇ ਗੁਰੂ ਸਾਹਿਬ ਨੂੰ ਮਾਰਨ ਦੀ ਵੀ ਕੋਸ਼ਿਸ਼ ਕੀਤੀ ਸੀ। ਸਾਰੇ ਪਾਸੇ ਨਾਕਾਮਯਾਬ ਰਹਿਣ ਮਗਰੋਂ, ਉਸ ਨੇ ਰਾਮਰਾਏ, ਜੋ ਗੁਰੂ ਹਰਕ੍ਰਿਸ਼ਨ ਸਾਹਿਬ ਦਾ ਵੱਡਾ ਭਰਾ ਸੀ, ਰਾਹੀਂ ਔਰੰਗਜ਼ੇਬ ਨੂੰ ਉਕਸਾਇਆ, ਰਾਮ ਰਾਏ ਵੀ ਗੁਰੂ ਹਰਕ੍ਰਿਸ਼ਨ ਜੀ ਤੋਂ ਬਾਅਦ ਸਿੱਖਾਂ ਦਾ ਗੁਰੂ ਨਾਮਜ਼ਦ ਹੋਣਾ ਚਾਹੁੰਦਾ ਸੀ, ਪਰ ਗੁਰੂ ਹਰਕ੍ਰਿਸ਼ਨ ਜੀ ਨੇ ਰਾਮ ਰਾਏ ਦੀ ਥਾਂ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਨਾਮਜ਼ਦ ਕਰ ਦਿੱਤਾ। ਰਾਮਰਾਏ ਦਾ ਔਰੰਗਜ਼ੇਬ ਦੇ ਦਰਬਾਰ ਵਿਚ ਕਾਫੀ ਜ਼ਿਆਦਾ ਰਸੂਖ ਸੀ। ਕਿਹਾ ਜਾਂਦਾ ਹੈ ਕਿ ਉਸ ਨੇ ਵੀ ਔਰੰਗਜ਼ੇਬ ਨੂੰ ਗੁਰੂ ਸਾਹਿਬ ਵਿਰੁੱਧ ਭੜਕਾਇਆ। ਪਰ ਚਾਹੇ ਧੀਰ ਮੱਲ ਤੇ ਰਾਮ ਰਾਏ ਗੁਰੂ ਸਾਹਿਬ ਦੇ ਵਿਰੋਧੀ ਤਾਂ ਜ਼ਰੂਰ ਸਨ ਪਰ ਉਹ ਔਰੰਗਜ਼ੇਬ ਨੂੰ ਕਿਸੇ ਹੱਦ ਤੱਕ ਪ੍ਰਭਾਵਤ ਕਰ ਸਕੇ, ਇਸ ਬਾਰੇ ਕੋਈ ਇਤਿਹਾਸਕ ਸੋਮਾ ਗਵਾਹੀ ਨਹੀਂ ਭਰਦਾ।

4. **ਨਕਸਬੰਦੀਆਂ ਦੀ ਦੁਸ਼ਮਣੀ :–** ਸ਼ੇਖ ਅਹਿਮਦ ਸਰਹਿੰਦੀ ਤੋਂ ਬਾਅਦ ਸ਼ੇਖ ਮਾਸੂਮ (1624–68 ਈ:) ਸਰਹਿੰਦੀ ਨਕਸਬੰਦੀਆਂ ਦਾ ਮੁਖੀ ਬਣਿਆ। ਇਹ ਕੱਟੜ ਮੁਸਲਮਾਨ ਸਨ, ਜਿਨ੍ਹਾਂ ਨੇ ਸਰਹਿੰਦ ਵਿਚ

ਅੰਦੋਲਨ ਚਲਾਇਆ। ਉਹ ਹਿੰਦੂਆਂ ਨੂੰ ਰਿਆਇਤਾਂ ਦੇਣ ਦੇ ਸਖਤ ਵਿਰੋਧੀ ਸਨ। ਉਨ੍ਹਾਂ ਅਨੁਸਾਰ ਕਾਫਰਾਂ ਨੂੰ ਬੇਇਜ਼ਤ ਕਰਨ ਵਿਚ ਹੀ ਇਸਲਾਮ ਦੀ ਸ਼ਾਨ ਹੈ। ਸ਼ੇਖ ਮਾਸੂਮ ਔਰੰਗਜ਼ੇਬ ਦਾ ਮਿੱਤਰ ਸੀ ਅਤੇ ਔਰੰਗਜ਼ੇਬ ਨਕਸਬੰਦੀ ਅੰਦੋਲਨ ਦੇ ਪੱਖ ਵਿਚ ਸੀ। ਸ਼ੇਖ ਸੈਫਉਦੀਨ ਜੋ ਕਿ ਸ਼ੇਖ ਮਾਸੂਮ ਦਾ ਪੁੱਤਰ ਸੀ, ਕਈ ਵਰ੍ਹੇ ਮੁਗਲ ਦਰਬਾਰ ਵਿਚ ਰਿਹਾ। ਪਰ ਨਕਸਬੰਦੀ ਸਿੱਖ ਅੰਦੋਲਨ ਨੂੰ ਆਪਣੇ ਪ੍ਰਭਾਵ ਵਿਚ ਰੋੜਾ ਸਮਝਦੇ ਸਨ। ਗੁਰੂ ਸਾਹਿਬ ਦੀ ਦਿਨੋ ਦਿਨ ਵਧ ਰਹੀ ਮਾਨਤਾ ਤੇ ਉਨ੍ਹਾਂ ਦਾ ਪ੍ਰਚਾਰਕ ਦੌਰੇ ਇਨ੍ਹਾਂ ਨੂੰ ਚੁਭਦੇ ਸਨ। ਇਸ ਈਰਖਾ ਕਾਰਨ ਉਨ੍ਹਾਂ ਨੇ ਵੀ ਔਰੰਗਜ਼ੇਬ ਨੂੰ ਗੁਰੂ ਸਾਹਿਬ ਵਿਰੁੱਧ ਕਾਰਵਾਈ ਕਰਨ ਵਾਸਤੇ ਭੜਕਾਣ ਦਾ ਵਿਚਾਰ ਵੀ ਮੰਨਣਯੋਗ ਲਗਦਾ ਹੈ।

**5. ਕਸ਼ਮੀਰੀ ਪੰਡਤਾਂ ਦੀ ਫਰਿਆਦ :–** ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਕਾਰਨ ਬਹੁਤੇ ਇਤਿਹਾਸਕਾਰ ਕਸ਼ਮੀਰੀ ਪੰਡਤਾਂ ਦੀ ਫਰਿਆਦ ਨੂੰ ਮੰਨਦੇ ਹਨ। ਕਸ਼ਮੀਰ ਦਾ ਸੂਬੇਦਾਰ ਇਕ ਅਫਗਾਨ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਰਿਹਾ ਸੀ। ਜੋ ਇਸਲਾਮ ਮੰਨਣ ਤੋਂ ਇਨਕਾਰ ਕਰਦੇ ਸਨ, ਉਨ੍ਹਾਂ ਨੂੰ ਉਸ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪੈਂਦਾ ਸੀ। ਕਸ਼ਮੀਰੀ ਪੰਡਤਾਂ ਦਾ ਇਕ ਵਫ਼ਾਦਾਰ ਗਰੁਪ ਰਾਮ ਦੀ ਅਗਵਾਈ ਵਿਚ ਗੁਰੂ ਤੇਗ ਬਹਾਦਰ ਜੀ ਕੋਲ ਸਹਾਇਤਾ ਲਈ ਪਹੁੰਚਿਆ। ਉਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ ਮੁਗਲਾਂ ਤੋਂ ਉਨ੍ਹਾਂ ਦੀ ਰਾਖੀ ਗੁਰੂ ਨਾਨਕ ਦੀ ਗੱਦੀ ਦਾ ਵਾਰਸ ਹੀ ਕਰ ਸਕਦਾ ਹੈ। 'ਜੋ ਸ਼ਰਨ ਆਵੇ, ਤਿਸ ਕੰਠ ਲਾਵੇ' ਵਿਚ ਵਿਸ਼ਵਾਸ ਕਰਨ ਵਾਲੇ ਕਿਵੇਂ ਉਨ੍ਹਾਂ ਨੂੰ ਨਿਰਾਸ਼ ਕਰ ਸਕਦੇ ਸਨ। ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਦੀਆਂ ਦੁੱਖ–ਤਕਲੀਫਾਂ ਸੁਣੀਆਂ ਤੇ ਡੂੰਘੀ ਸੋਚ ਵਿਚਾਰ ਵਿਚ ਪੈ ਗਏ ਅਤੇ ਮਾਮਲੇ ਨੂੰ ਪੂਰੀ ਤਰ੍ਹਾਂ ਘੋਖਣ ਤੋਂ ਬਾਦ ਉਨ੍ਹਾਂ ਨੇ ਧਰਮ ਦੀ ਰੱਖਿਆ ਲਈ ਆਪਣਾ ਆਤਮ ਬਲੀਦਾਨ ਦੇਣ ਦਾ ਨਿਸ਼ਚਾ ਕਰ ਲਿਆ। ਉਨ੍ਹਾਂ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਉਹ ਔਰੰਗਜ਼ੇਬ ਦੇ ਸਰਕਾਰੀ ਅਧਿਕਾਰੀਆਂ ਨੂੰ ਕਿਹਾ ਕਿ ਜੇ ਉਹ ਗੁਰੂ ਤੇਗ ਬਹਾਦਰ ਜੀ ਨੂੰ ਇਸਲਾਮ ਵਿਚ ਲੈ ਲੈਣ ਤਾਂ ਉਹ ਆਪਣੇ ਆਪ ਧਰਮ ਬਦਲ ਲੈਣਗੇ। ਕਸ਼ਮੀਰੀ ਪੰਡਤਾਂ ਨੇ ਵਾਪਸ ਜਾ ਕੇ ਇਹ ਸ਼ਬਦ ਸ਼ੇਰ ਅਫਗਾਨ ਨੂੰ ਕਹਿ ਦਿੱਤੇ। ਇਹ ਗੱਲ ਔਰੰਗਜ਼ੇਬ ਤੱਕ ਪਹੁੰਚ ਗਈ ਤਾਂ ਉਸ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਉਣ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਵੀ 'ਬਚਿੱਤਰ ਨਾਟਕ' ਵਿਚ ਇਸ ਸ਼ਹੀਦੀ ਦਾ ਕਾਰਨ 'ਤਿਲਕ ਜੰਞੂ' ਦੀ ਰੱਖਿਆ ਕਰਨਾ ਹੀ ਲਿਖਿਆ ਹੈ, ਉਨ੍ਹਾਂ ਨੇ ਇਸ ਸ਼ਹਾਦਤ ਨੂੰ ਕਲਯੁਗ ਦੀ ਮਹਾਨ ਘਟਨਾ ਦੱਸਿਆ ਹੈ।

ਗੁਰੂ ਤੇਗ ਬਹਾਦਰ ਜੀ ਨੇ 8 ਜੁਲਾਈ, 1675 ਈ: ਨੂੰ ਆਪਣੇ 9 ਸਾਲਾਂ ਦੇ ਪੁੱਤਰ ਗੁਰੂ ਗੋਬਿੰਦ ਸਿੰਘ ਨੂੰ ਸਿੱਖਾਂ ਦਾ ਅਗਲਾ ਗੁਰੂ ਥਾਪ ਦਿੱਤਾ। ਦੋ ਦਿਨਾਂ ਬਾਅਦ ਉਹ ਆਪਣੇ ਸਾਥੀਆਂ ਨਾਲ ਆਨੰਦਪੁਰ ਤੋਂ ਦਿੱਲੀ ਵੱਲ ਚਲ ਪਏ। ਡਾ. ਫੌਜਾ ਸਿੰਘ ਅਨੁਸਾਰ ਉਨ੍ਹਾਂ ਨੂੰ 12 ਜੁਲਾਈ ਨੂੰ ਮਲਿਕਪੁਰ ਰੰਗੜਾ ਦੇ ਸਥਾਨ ਤੇ ਰੋਪੜ ਥਾਣੇ ਦੇ ਮੁਖੀ ਮਿਰਜ਼ਾ ਨੂਰ ਮੁਹੰਮਦ ਨੇ ਕੈਦੀ ਬਣਾ ਲਿਆ। ਰੋਪੜ ਤੋਂ ਉਨ੍ਹਾਂ ਨੂੰ ਸਰਹਿੰਦ ਭੇਜ ਦਿੱਤਾ ਤੇ ਲਗਭਗ ਚਾਰ ਮਹੀਨਿਆਂ ਪਿਛੋਂ ਉਨ੍ਹਾਂ ਨੂੰ ਦਿੱਲੀ ਪਹੁੰਚਾ ਦਿੱਤਾ। ਦਿੱਲੀ ਵਿਚ ਉਨ੍ਹਾਂ ਨੂੰ ਚਾਂਦਨੀ ਚੌਂਕ ਵਿਚ ਕੋਤਵਾਲੀ ਵਿਚ ਕੁਝ ਦਿਨ ਬੰਦ ਰੱਖਿਆ ਗਿਆ। ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਜਾਂ ਕਰਾਮਾਤ ਦਿਖਾਉਣ ਲਈ ਕਿਹਾ, ਜੋ ਗੁਰੂ ਸਾਹਿਬ ਨੇ ਨਾਂਹ ਕਰ ਦਿੱਤੀ। 11 ਨਵੰਬਰ, 1675 ਈ: ਨੂੰ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਤੋਂ ਪਹਿਲਾਂ ਉਨ੍ਹਾਂ ਦੇ ਨਾਲ ਗ੍ਰਿਫਤਾਰ ਕੀਤੇ ਤਿੰਨ ਸਾਥੀਆਂ – ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਜੀ ਨੂੰ ਗੁਰੂ ਸਾਹਿਬ ਦੇ ਸਾਹਮਣੇ ਸਖਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

**ਕੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਕਾਰਨ ਰਾਜਨੀਤਿਕ ਸਨ ਜਾਂ ਧਾਰਮਿਕ ?**

ਇਤਿਹਾਸਕਾਰ ਕਨਿੰਘਮ, ਟਰੰਪ ਅਤੇ ਲਤੀਫ਼ ਗੁਰੂ ਸਾਹਿਬ ਦੀ ਸ਼ਹਾਦਤ ਦਾ ਕਾਰਨ ਧਾਰਮਿਕ ਨਹੀਂ ਸਗੋਂ ਰਾਜਨੀਤਿਕ ਸਮਝਦੇ ਹਨ। ਉਨ੍ਹਾਂ ਦੇ ਵਿਚਾਰ ਦਾ ਆਧਾਰ ਗੁਲਾਮ ਹੁਸੈਨ ਦੀ ਪੁਸਤਕ "ਸੀਅਰ ਉਲ–ਮੁਤਾਖਰੀਨ" ਹੈ। ਉਸ ਨੇ ਆਪਣੀ ਲਿਖਤ ਵਿਚ ਗੁਰੂ ਤੇਗ ਬਹਾਦਰ ਜੀ ਬਾਰੇ ਕਾਫੀ ਭੁਲੇਖੇ ਪਾਏ ਹਨ। ਉਸ ਨੇ ਗੁਰੂ ਸਾਹਿਬ ਦੀ ਸ਼ਹਾਦਤ ਦਾ ਕਾਰਨ ਉਨ੍ਹਾਂ ਦਾ ਮੁਸਲਮਾਨ ਸੰਤ ਹਾਫਿਜ਼ ਆਦਮ ਨਾਲ ਮਿਲ ਕੇ ਪੰਜਾਬ ਦੇ ਪਿੰਡਾਂ ਨੂੰ ਲੁੱਟਣਾ ਤੇ ਜ਼ਬਰਦਸਤੀ ਚੰਦੇ ਇਕੱਠੇ ਕਰਨਾ ਲਿਖਿਆ ਹੈ। ਇਹ ਪੁਸਤਕ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਕਈ ਸੌ ਸਾਲ ਬਾਅਦ ਲਿਖੀ ਗਈ। ਬਾਅਦ ਦੇ ਇਤਿਹਾਸਕਾਰਾਂ ਨੇ ਤੱਥਾਂ ਦੀ ਘੋਖ ਕੀਤੇ ਬਿਨਾਂ ਉਨ੍ਹਾਂ ਦੀ ਸ਼ਹਾਦਤ ਨੂੰ ਧਾਰਮਿਕ ਨਾ ਸਮਝ ਕੇ ਸਗੋਂ ਰਾਜਨੀਤਿਕ ਵਿਦਰੋਹੀ ਕਹਿਣਾ ਸ਼ੁਰੂ ਕਰ ਦਿੱਤਾ। ਪਰ ਵਾਸਤਵ ਵਿਚ ਇਹ ਵਿਚਾਰ ਠੀਕ ਨਹੀਂ। ਗੁਲਾਮ ਹੁਸੈਨ ਨਾ ਤਾਂ ਗੁਰੂ ਸਾਹਿਬ ਦਾ ਸਮਕਾਲੀ ਸੀ ਅਤੇ ਨਾ ਹੀ ਪੰਜਾਬ ਦਾ ਰਹਿਣ ਵਾਲਾ ਸੀ। ਉਸ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਕੇ ਗਵਾਲੀਅਰ ਦੇ ਕਿਲ੍ਹੇ ਵਿਚ ਰੱਖਿਆ ਗਿਆ ਤੇ ਬਾਅਦ ਵਿਚ ਉਨ੍ਹਾਂ ਦੇ ਸਰੀਰ ਚਾਰ ਟੋਟੇ ਕਰਕੇ ਗਵਾਲੀਅਰ ਦੇ ਕਿਲ੍ਹੇ ਦੇ ਚਾਰ ਦਰਵਾਜਿਆਂ ਤੇ ਲਟਕਾ ਦਿੱਤੇ। ਇਸ ਗੱਲ ਤੋਂ

ਪਤਾ ਲਗਦਾ ਹੈ ਕਿ ਗੁਲਾਮ ਹੁਸੈਨ ਨੂੰ ਪੰਜਾਬ ਅਤੇ ਗੁਰੂ ਸਾਹਿਬ ਨਾਲ ਸਬੰਧਤ ਘਟਨਾਵਾਂ ਬਾਰੇ ਉਕਾ ਹੀ ਜਾਣਕਾਰੀ ਨਹੀਂ ਸੀ। ਕਿਉਂਕਿ ਸਾਰੇ ਇਤਿਹਾਸਕਾਰ ਇਸ ਵਿਚਾਰ ਨਾਲ ਸਹਿਮਤ ਸਨ ਕਿ ਗੁਰੂ ਸਾਹਿਬ ਨੂੰ ਚਾਂਦਨੀ ਚੌਂਕ ਦਿੱਲੀ ਵਿਖੇ ਸ਼ਹੀਦ ਕੀਤਾ ਗਿਆ ਸੀ। ਗੁਰੂ ਸਾਹਿਬ ਦਾ ਹਾਫਿਜ ਆਦਮ ਨਾਲ ਕੋਈ ਵੀ ਸਬੰਧ ਨਹੀਂ ਹੋ ਸਕਦਾ ਕਿਉਂਕਿ ਉਸ ਨੂੰ ਤਾਂ 1642 ਈ: ਵਿਚ ਸ਼ਾਹ ਜਹਾਨ ਦੇ ਵੇਲੇ ਹੀ ਦੇਸ਼ ਨਿਕਾਲਾ ਦੇ ਦਿੱਤਾ ਗਿਆ ਸੀ। ਗੁਲਾਮ ਹੁਸੈਨ ਤੋਂ ਬਿਨਾਂ ਹੋਰ ਸਮਕਾਲੀ ਲਿਖਤਾਂ ਵਿਚ ਗੁਰੂ ਸਾਹਿਬ ਦੇ ਲੁੱਟ ਮਾਰ ਕਰਨ ਬਾਰੇ ਕੁਝ ਲਿਖਿਆ ਨਹੀਂ ਮਿਲਦਾ।

ਦਰਅਸਲ, ਗੁਲਾਮ ਹੁਸੈਨ ਨੂੰ ਘਟਨਾਵਾਂ ਦਾ ਠੀਕ ਗਿਆਨ ਨਹੀਂ ਸੀ। ਗੁਰੂ ਸਾਹਿਬ ਦੀ ਸ਼ਹਾਦਤ ਦਾ ਅਸਲੀ ਕਾਰਨ ਤਾਂ ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਦੀ ਨੀਤੀ ਸੀ। ਇਸ ਗੱਲ ਦੀ ਪੁਸ਼ਟੀ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ 'ਬਚਿੱਤਰ ਨਾਟਕ' ਤੋਂ ਵੀ ਮਿਲਦੀ ਹੈ। ਜਿਸ ਵਿਚ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਉਨ੍ਹਾਂ ਦੇ ਪਿਤਾ ਜੀ ਨੇ ਤਿਲਕ ਅਤੇ ਜੰਜੂ ਅਰਥਾਤ ਹਿੰਦੂ ਧਰਮ ਦੀ ਰੱਖਿਆ ਲਈ ਆਪਣੇ ਜੀਵਨ ਦਾ ਬਲੀਦਾਨ ਦਿੱਤਾ। ਡਾ. ਇੰਦੂ ਭੂਸ਼ਨ ਬੈਨਰਜੀ ਵੀ ਸਾਰੇ ਤੱਥਾਂ ਦੀ ਛਾਣਬੀਣ ਕਰਨ ਤੋਂ ਬਾਅਦ, ਇਸ ਨਤੀਜੇ ਤੇ ਪਹੁੰਚਦੇ ਹਨ ਕਿ ਗੁਰੂ ਸਾਹਿਬ ਨੂੰ ਔਰੰਗਜ਼ੇਬ ਨੇ ਆਪਣੀ ਧਾਰਮਿਕ ਕੱਟੜਤਾ ਕਾਰਨ ਸ਼ਹੀਦ ਕੀਤਾ ਤੇ ਬਾਕੀ ਸਾਰੀਆਂ ਗੱਲਾਂ ਤਾਂ ਸਿਰਫ ਬਹਾਨੇ ਮਾਤਰ ਹਨ। ਇਸ ਲਈ ਗੁਰੂ ਸਾਹਿਬ ਦੀ ਸ਼ਹੀਦੀ ਇਕ ਸਵੈ-ਇੱਛਤ ਬਲੀਦਾਨ ਸੀ ਜੋ ਧਰਮ ਦੀ ਖਾਤਰ ਦਿੱਤੀ ਗਈ।

**ਸ਼ਹਾਦਤ ਦੇ ਸਿੱਟੇ**

1. **ਖਾਲਸੇ ਦਾ ਜਨਮ :-** ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪ ਆਪਣੇ ਸੇਵਕਾਂ ਨੂੰ ਹਥਿਆਰਬੰਦ ਕਰਨ ਲਈ ਮਜ਼ਬੂਰ ਕਰ ਦਿੱਤਾ। ਉਨ੍ਹਾਂ ਨੇ ਇਕ ਸੁਚੱਜੇ ਸੰਗਠਨ ਵਿਚ ਆਪਣੇ ਸ਼ਰਧਾਲੂਆਂ ਨੂੰ ਲਿਆਉਣ ਲਈ 1699 ਈ: ਵਿਚ ਇਕ ਨਵੀਂ ਕੌਮ 'ਖਾਲਸਾ' ਦੀ ਸਥਾਪਨਾ ਕੀਤੀ। ਡਾ. ਫੌਜਾ ਸਿੰਘ ਅਨੁਸਾਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਕਾਰਨ ਹੀ ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੀ ਸਥਾਪਨਾ ਕੀਤੀ। 1675 ਈ: ਵਿਚ ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਤਾਂ ਇਹ ਅਨੁਭਵ ਕੀਤਾ ਜਾਣ ਲੱਗਾ ਕਿ ਸਿੱਖਾਂ ਲਈ ਸਦ੍ਰਿੜ ਸੰਗਠਨ ਬਹੁਤ ਜ਼ਰੂਰੀ ਹੈ।

2. **ਬਦਲੇ ਦੀ ਭਾਵਨਾ ਪੈਦਾ ਹੋਣਾ :-** ਗੁਰੂ ਸਾਹਿਬ ਦੀ ਸ਼ਹਾਦਤ ਨੇ ਹਿੰਦੂਆਂ ਤੇ ਸਿੱਖਾਂ ਤੇ ਬੜਾ ਗਹਿਰਾ ਪ੍ਰਭਾਵ ਪਾਇਆ। ਉਹ ਸਮਝਣ ਲੱਗੇ ਕਿ ਉਨ੍ਹਾਂ ਦੇ ਗੁਰੂ ਸਾਹਿਬ ਬਿਨਾਂ ਕਿਸੇ ਅਪਰਾਧ ਦੇ ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਦਾ ਸ਼ਿਕਾਰ ਹੋਏ। ਉਨ੍ਹਾਂ ਦੇ ਦਿਲਾਂ ਵਿਚ ਬਦਲੇ ਦੀ ਭਾਵਨਾ ਪੈਦਾ ਹੋ ਗਈ। ਡਾ. ਗੋਕਲ ਚੰਦ ਅਨੁਸਾਰ :

"The whole Punjab began to burn with indignation and revenge."

3. **ਅਨੋਖੀ ਸ਼ਹਾਦਤ :-** ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਤਿਹਾਸ ਵਿਚ ਲਾਸਾਨੀ ਹੈ। ਇਹ ਇਕ ਅਦੁੱਤੀ ਕੁਰਬਾਨੀ ਸੀ, ਜਿਹੜੀ ਕਿ ਕਿਸੇ ਦੂਜੇ ਦੇ ਧਰਮ ਬਚਾਉਣ ਦੀ ਖਾਤਰ ਦਿੱਤੀ ਗਈ। ਡਾ. ਗੰਡਾ ਸਿੰਘ ਨੇ ਠੀਕ ਹੀ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਦਾ ਪੰਡਤਾਂ ਲਈ ਬਲੀਦਾਨ ਨਹੀਂ ਸੀ ਸਗੋਂ ਇਹ ਸਭ ਤੋਂ ਉੱਚਾ ਬਲੀਦਾਨ ਇਤਿਹਾਸ ਵਿਚ ਇਕ ਅਨੋਖੀ ਘਟਨਾ ਹੈ। ਉਹ ਨਾ ਤਾਂ ਆਪ ਬ੍ਰਾਹਮਣ ਸਨ ਅਤੇ ਨਾ ਹੀ ਜਨੇਊ ਜਾਂ ਪਵਿੱਤਰ ਧਾਗਾ ਪਾਉਣ ਅਤੇ ਮੱਥੇ ਤੇ ਤਿਲਕ ਲਾਉਣ ਦੇ ਰਿਵਾਜ਼ ਵਿਚ ਵਿਸ਼ਵਾਸ ਰੱਖਦੇ ਸਨ, ਇਸ ਕਰਕੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਹਾਦਤ ਨੂੰ ਕਲਯੁੱਗ ਦੀ ਮਹਾਨ ਘਟਨਾ ਕਿਹਾ ਹੈ।

4. **ਹਿੰਦੂ ਧਰਮ ਦੀ ਰੱਖਿਆ :-** ਗੁਰੂ ਸਾਹਿਬ ਦੀ ਸ਼ਹਾਦਤ ਨੇ ਮੁਗਲਾਂ ਦੇ ਜ਼ਬਰਦਸਤੀ ਧਰਮ ਬਦਲਣ ਦੇ ਪ੍ਰੋਗਰਾਮ ਨੂੰ ਠੱਲ ਪਾਈ। ਹਿੰਦੂ ਧਰਮ ਦੀ ਰੱਖਿਆ ਹੋਈ। ਔਰੰਗਜ਼ੇਬ ਹਿੰਦੂਆਂ ਨੂੰ ਮੁਸਲਮਾਨ ਨਾ ਬਣਾ ਸਕਿਆ। ਉਨ੍ਹਾਂ ਦੀ ਸ਼ਹਾਦਤ ਨੇ ਹਿੰਦੂਆਂ ਨੂੰ ਬਲ ਦਿੱਤਾ ਅਤੇ ਉਹ ਇਸਲਾਮ ਗ੍ਰਹਿਣ ਕਰਨ ਦੀ ਥਾਂ ਮੁਗਲ ਸਰਕਾਰ ਦੀਆਂ ਅਨਿਆਂ ਪੂਰਨ ਨੀਤੀਆਂ ਦਾ ਵਿਰੋਧ ਕਰਨ ਲੱਗੇ। ਇਸ ਤਰ੍ਹਾਂ ਹਿੰਦੂ ਇਸਲਾਮ ਵਿਚ ਜ਼ਬਰਦਸਤੀ ਜਜ਼ਬ ਹੋਣ ਤੋਂ ਬਚ ਗਏ।

5. **ਕੁਰਬਾਨੀ ਅਤੇ ਸੁਤੰਤਰਤਾ ਦੀਆਂ ਭਾਵਨਾਵਾਂ ਪੈਦਾ ਹੋ ਗਈਆਂ :-** ਇਸ ਸ਼ਹਾਦਤ ਨੇ ਕੁਰਬਾਨੀਆਂ ਦਾ ਇਕ ਲੜੀਵਾਰ ਸਿਲਸਿਲਾ ਸ਼ੁਰੂ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰੇ ਪੁੱਤਰ ਧਰਮ ਲਈ ਕੁਰਬਾਨੀ ਲਈ ਦਿੱਤੇ। ਇਸ ਤੋਂ ਬਾਅਦ ਬੰਦਾ ਸਿੰਘ ਬਹਾਦਰ, ਬੋਤਾ ਸਿੰਘ ਸੰਧੂ, ਭਾਈ ਮਨੀ ਸਿੰਘ ਅਤੇ ਹਕੀਕਤ ਰਾਏ ਨੇ ਸਿੱਖ ਧਰਮ ਵਾਸਤੇ ਆਪਣੀਆਂ ਕੁਰਬਾਨੀਆਂ ਦਿੱਤੀਆਂ। ਸਿੱਖਾਂ ਨੇ ਇਹ ਮਹਿਸੂਸ ਕਰਨਾ

ਸ਼ੁਰੂ ਕਰ ਦਿੱਤਾ ਕਿ ਆਜ਼ਾਦੀ ਦਾ ਜੀਵਨ ਜਿਉਣਾ ਹੀ ਮਨੁੱਖ ਦਾ ਧਰਮ ਹੈ।

**ਮੁੱਖ ਵਿਅਕਤੀ ਅਤੇ ਸ਼ਬਦ**

(ੳ) ਮਾਤਾ ਗੁਜਰੀ
(ਅ) ਗੁਰੂ ਹਰਕ੍ਰਿਸ਼ਨ ਜੀ
(ੲ) ਮੱਖਣ ਸ਼ਾਹ ਲੁਬਾਣਾ
(ਸ) ਧੀਰ ਮੱਲ
(ਹ) ਮਸੰਦ
(ਕ) ਜਾਗੀਰਦਾਰ ਸੈਫ਼ ਖਾਨ
(ਖ) ਰਾਜਾ ਰਾਮ ਸਿੰਘ
(ਗ) ਬਚਿੱਤਰ ਨਾਟਕ
(ਘ) ਸੀਅਰ-ਉਲ ਮੁਤਾਖਰੀਨ
(ਙ) ਚਾਂਦਨੀ ਚੌਂਕ

**ਵਿਦਿਆਰਥੀਆਂ ਲਈ ਛੋਟੇ ਪ੍ਰਸ਼ਨ :**

1) ਗੁਰੂ ਜੀ ਨੇ ਬਕਾਲੇ ਵਿਚ ਕਿਤਨੇ ਸਾਲ ਬਤੀਤ ਕੀਤੇ ?
2) ਪਟਨਾ ਕਦੋਂ ਅਤੇ ਕਿਵੇਂ ਮਹੱਤਵਪੂਰਨ ਬਣਿਆ ?
3) ਗੁਰੂ ਤੇਗ ਬਹਾਦਰ ਨਾਲ ਸਬੰਧਤ ਮਾਲਵੇ ਦੇ ਸਥਾਨਾਂ ਦੇ ਨਾਮ ਦੱਸੋ।
4) ਧੀਰ ਮੱਲ ਅਤੇ ਰਾਮ ਰਾਏ ਦੀ ਵਿਰੋਧਤਾ ਦੇ ਕੀ ਕਾਰਨ ਸਨ ?
5) ਗੁਰੂ ਜੀ ਦੀ ਸ਼ਹਾਦਤ ਨੂੰ ਕਲਯੁਗ ਦੀ ਮਹਾਨ ਘਟਨਾ ਜਾਂ ਸਾਕਾ ਕਿਸ ਨੇ ਮੰਨਿਆ ?

**ਵੱਡੇ ਪ੍ਰਸ਼ਨ :**

1) ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦੇ ਕਾਰਨ ਦੱਸੋ।
2) ਗੁਰੂ ਜੀ ਦੀਆਂ ਪੂਰਬ ਵੱਲ ਯਾਤਰਾਵਾਂ ਦਾ ਵਰਨਣ ਕਰੋ।
3) ਸ਼ਹਾਦਤ ਦੇ ਪ੍ਰਭਾਵ ਕੀ ਸਨ ? ਖੋਲ੍ਹ ਕੇ ਲਿਖੋ।

**ਹੋਰ ਜਾਣਕਾਰੀ ਲਈ ਪੁਸਤਕਾਂ :**

1. Hari Ram Gupta, History of the Sikhs, Vol.I (1994), pp.183-223.
2. Grewal, J.S., The Sikhs of the Punjab (Revised Edition) (rpt), 2005, pp. 62-82.

ਅਸੀਂ ਡੈਕ ਦੇ ਧੰਨਵਾਦੀ ਹਾਂ ਕਿਉਂਕਿ ਵਿੱਤੀ ਗ੍ਰਾਂਟ ਦੇ ਕੇ ਉਸ ਨੇ ਪਾਠ ਦੇ ਰੂਪਾਂਤਰਣ ਨੂੰ ਸੰਭਵ ਬਣਾਇਆ – ਡਾ. ਨਾਜ਼ਰ ਸਿੰਘ

**ਪਾਠ ਨੰ. 1.6 (ੲ)**

**ਰੂਪਾਂਤਰਕਰਤਾ – ਨਾਜ਼ਰ ਸਿੰਘ**

## ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸੇ ਦੀ ਸਿਰਜਣਾ ਅਤੇ ਇਸ ਦੀ ਮਹੱਤਤਾ

**ਪਾਠ ਦੀ ਬਣਤਰ :**

- ਖਾਲਸਾ ਪੰਥ ਦੀ ਸਥਾਪਨਾ ਦੇ ਕਾਰਨ ?
- ਖਾਲਸੇ ਦਾ ਜਨਮ (1699 ਈ:)
- ਖਾਲਸਾ ਸਾਜਣ ਦੀ ਮਹੱਤਤਾ
- ਵੱਖ ਵੱਖ ਇਤਿਹਾਸਕਾਰਾਂ ਦੇ ਵਿਚਾਰ
- ਗੁਰੂ ਗੋਬਿੰਦ ਦਾ ਜੀਵਨ ਅਤੇ ਮਿਸ਼ਨ

**ਉਦੇਸ਼ :**

1) ਖਾਲਸੇ ਦੀ ਸਿਰਜਣਾ ਦੇ ਕਾਰਨ ਦੱਸੇ ਜਾਣਗੇ।
2) ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਰਚਨਾਵਾਂ ਉਪਰ ਰੋਸ਼ਨੀ ਪਾਈ ਜਾਵੇਗੀ।
3) ਖਾਲਸੇ ਦਾ ਜਨਮ ਕਦੋਂ ਅਤੇ ਕਿਉਂ ਹੋਇਆ – ਇਹ ਬਿਆਨ ਹੋਵੇਗਾ।
4) ਖਾਲਸਾ ਜਾਂ ਸਿੱਖ ਰਹਿਤ ਦੀਆਂ ਵਿਸ਼ੇਸ਼ਤਾਵਾਂ ਦਾ ਜ਼ਿਕਰ ਕੀਤਾ ਜਾਵੇਗਾ।

**ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸੇ ਦੀ ਸਿਰਜਣਾ ਅਤੇ ਇਸ ਦੀ ਮਹੱਤਤਾ**

1699 ਈ: ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਨੀਂਹ ਰੱਖੀ। ਇਹ ਉਨ੍ਹਾਂ ਦਾ ਮਹੱਤਵਪੂਰਨ ਕੰਮ ਸੀ। ਇਸ ਦੀ ਸਥਾਪਨਾ ਦੇ ਹੇਠ ਲਿਖੇ ਕਾਰਨ ਸਨ :–

**(1) ਮਸੰਦਾਂ ਦੀ ਗਿਰਾਵਟ :–** ਗੁਰੂ ਹਰਗੋਬਿੰਦ ਜੀ ਤੋਂ ਬਾਅਦ ਮਸੰਦ ਸੰਸਥਾ ਵਿਚ ਗਿਰਾਵਟ ਆ ਗਈ ਸੀ ਜਿਸ ਨੂੰ ਸੁਧਾਰਨਾ ਜ਼ਰੂਰੀ ਹੋ ਗਿਆ ਸੀ। ਗੁਰੂ ਜੀ ਨੇ ਅਜਿਹੇ ਚਰਿੱਤਰਹੀਨ ਮਸੰਦਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਅਤੇ ਆਪਣੇ ਅਨੁਯਾਈਆਂ ਨੂੰ ਉਨ੍ਹਾਂ ਦੇ ਪ੍ਰਭਾਵ ਤੋਂ ਛੁਟਕਾਰਾ ਦਿਵਾਉਣ ਲਈ ਉਨ੍ਹਾਂ ਨੇ ਖਾਲਸੇ ਦੀ ਸਥਾਪਨਾ ਕੀਤੀ। ਇਸ ਸੰਗਠਨ ਵਿਚ ਮਸੰਦਾਂ ਨੂੰ ਕੋਈ ਸਥਾਨ ਨਾ ਦਿੱਤਾ ਗਿਆ।

**(2) ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਤੇ ਜ਼ੁਲਮ ਦੀ ਨੀਤੀ :–** ਔਰੰਗਜ਼ੇਬ ਪੱਕਾ ਸੁੰਨੀ ਮੁਸਲਮਾਨ ਸੀ ਅਤੇ ਉਹ ਭਾਰਤ ਨੂੰ ਇਸਲਾਮ ਦੀ ਭੂਮੀ ਬਣਾਉਣਾ ਚਾਹੁੰਦਾ ਸੀ। ਉਸ ਨੇ ਹਿੰਦੂਆਂ ਦੇ ਪਵਿੱਤਰ ਮੰਦਰਾਂ ਨੂੰ ਢਾਹ ਦਿੱਤਾ ਸੀ ਅਤੇ ਕੁਝ ਥਾਵਾਂ ਤੇ ਮਸੀਤਾਂ ਬਣਾ ਦਿੱਤੀਆਂ ਸਨ। ਉਸ ਨੇ ਹਿੰਦੂਆਂ ਦੇ ਧਾਰਮਿਕ ਰੀਤੀ ਰਿਵਾਜ਼ਾਂ ਤੇ ਪਾਬੰਦੀਆਂ ਲਾ ਦਿੱਤੀਆਂ ਸਨ, ਉਨ੍ਹਾਂ ਨੂੰ ਰਾਜ ਦੀਆਂ ਨੌਕਰੀਆਂ ਤੋਂ ਵਾਂਝਿਆ ਕਰ ਦਿੱਤਾ ਸੀ ਅਤੇ ਉਨ੍ਹਾਂ ਉੱਤੇ ਤਰ੍ਹਾਂ ਤਰ੍ਹਾਂ ਦੇ ਹੋਰ ਜ਼ੁਲਮ ਵੀ ਕਰ ਰਿਹਾ ਸੀ। ਔਰੰਗਜ਼ੇਬ ਦੀ ਧਾਰਮਿਕ ਨੀਤੀ ਦੇ ਸਿੱਟੇ ਵਜੋਂ ਹੀ 1675 ਈ: ਵਿਚ ਗੁਰੂ ਤੇਗ ਬਹਾਦਰ ਜੀ ਨੂੰ ਆਪਣੀ ਸ਼ਹੀਦੀ ਦੇਣੀ ਪਈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਦੇ ਜ਼ੁਲਮਾਂ ਦਾ ਵਿਰੋਧ ਕਰਨ ਲਈ ਧਰਮ ਦੀ ਰੱਖਿਆ ਲਈ ਖਾਲਸਾ ਪੰਥ ਦੀ ਸਾਜਨਾ ਜ਼ਰੂਰੀ ਸਮਝੀ।

**(3) ਹਿੰਦੂਆਂ ਵਿਚ ਜਾਤ ਪਾਤ ਪ੍ਰਥਾ :–** ਹਿੰਦੂ ਲੋਕ ਕਈ ਜਾਤੀਆਂ ਅਤੇ ਉਪ-ਜਾਤੀਆਂ ਵਿਚ ਵੰਡੇ ਹੋਏ ਸਨ। ਉਚੀਆਂ ਜਾਤੀਆਂ ਦੇ ਲੋਕ ਵਿਸ਼ੇਸ਼ ਕਰਕੇ ਬ੍ਰਾਹਮਣ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਘਿਰਣਾ ਕਰਦੇ ਸਨ ਅਤੇ ਉਨ੍ਹਾਂ ਤੇ ਕਈ ਪ੍ਰਕਾਰ ਦੇ ਜ਼ੁਲਮ ਕਰ ਰਹੇ ਸਨ। ਇਕ ਇਤਿਹਾਸਕਾਰ ਇਸ ਬਾਰੇ ਲਿਖਦਾ ਹੈ,"ਆਮ ਹਿੰਦੂ ਜਨਤਾ ਦੀ ਭੈੜੀ ਦਸ਼ਾ, ਧਰਮ ਦੇ ਨਾਂ ਤੇ ਫਜ਼ੂਲ ਝਗੜੇ, ਔਰੰਗਜ਼ੇਬ ਦੇ ਮਜ਼ਬੀ ਜ਼ੁਲਮ, ਠੱਗੀ, ਧੋਖਾ, ਵਹਿਮ ਪ੍ਰਸਤੀ ਤੇ ਅਨਜਾਣਪੁਣੇ ਨੇ ਗੁਰੂ ਜੀ ਨੂੰ ਯਕੀਨ ਦਿਵਾਇਆ ਕਿ ਸਮਾਂ ਆ ਗਿਆ ਹੈ ਕਿ ਕੋਈ ਪੈਗ਼ੰਬਰ ਉਸ ਅਧੋਗਤੀ ਨੂੰ ਰੱਖਣ ਦਾ ਬਾਨ੍ਹਣੂ ਬੰਨ੍ਹੇ। ਸਮੇਂ ਦੇ ਹਾਲਾਤ ਨੇ ਉਨ੍ਹਾਂ ਨੂੰ ਯਕੀਨ ਦਿਵਾ ਦਿੱਤਾ ਕਿ ਉਹ ਹੀ ਹਨ ਜੋ ਉਸ ਦੁਰਗਤੀ ਵਿਚੋਂ ਲੋਕਾਂ ਨੂੰ ਉਠਾ ਸਕਦੇ ਹਨ।" ਗੁਰੂ ਜੀ ਨੇ ਕੌਮ ਨੂੰ ਜਗਾਉਣ ਲਈ ਉਸ ਵਿਚ ਜਾਗ੍ਰਤੀ ਪੈਦਾ ਕੀਤੀ ਅਤੇ ਸ਼ੰਕਿਆਂ

ਅਤੇ ਵਹਿਮਾਂ ਨੂੰ ਤੋੜ ਕੇ ਅਜਿਹੀ ਕੌਮ ਨੂੰ ਸਾਜਣ ਦਾ ਫੈਸਲਾ ਕੀਤਾ ਜੋ ਕਮਜ਼ੋਰਾਂ ਵਿਚ ਜਾਨ ਪਾ ਸਕਦੀ ਸੀ ਅਤੇ ਸਿੱਖਾਂ ਨੂੰ ਇਕ ਲੜੀ ਵਿਚ ਪਰੋ ਸਕਦੀ ਸੀ।

**(4) ਪਹਾੜੀ ਰਾਜਿਆਂ ਦਾ ਵਿਸ਼ਵਾਸਪਾਤਰ ਨਾ ਹੋਣਾ :–** ਖਾਲਸੇ ਦੀ ਸਿਰਜਣਾ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਰਾਜਿਆਂ ਨਾਲ ਮਿੱਤਰਤਾਪੂਰਨ ਸਬੰਧ ਕਾਇਮ ਕਰਨ ਦੇ ਯਤਨ ਕੀਤੇ ਸਨ। ਨਦੌਣ ਦੇ ਯੁੱਧ ਵਿਚ ਤਾਂ ਉਨ੍ਹਾਂ ਨੇ ਮੁਗ਼ਲਾਂ ਦੇ ਵਿਰੁੱਧ ਉਨ੍ਹਾਂ ਦਾ ਸਾਥ ਵੀ ਦਿੱਤਾ ਸੀ ਪਰ ਯੁੱਧ ਦੇ ਝੱਟ ਪਿਛੋਂ ਰਾਜਾ ਭੀਮ ਚੰਦ ਜਿਹੇ ਪਹਾੜੀ ਰਾਜਿਆਂ ਨੇ ਉਨ੍ਹਾਂ ਦਾ ਸਾਥ ਛੱਡ ਦਿੱਤਾ ਸੀ ਤੇ ਮੁਗ਼ਲਾਂ ਨਾਲ ਜਾ ਰਲੇ ਸਨ। ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਸ਼ਕਤੀ ਅਤੇ ਸਾਧਨਾ ਤੇ ਨਿਰਭਰ ਰਹਿਣ ਦਾ ਨਿਸ਼ਚਾ ਕਰ ਲਿਆ। ਇਸ ਲੋੜ ਦੀ ਪੂਰਤੀ ਲਈ ਉਨ੍ਹਾਂ ਨੇ ਖਾਲਸੇ ਦੀ ਸਥਾਪਨਾ ਨੂੰ ਅਤਿ ਜ਼ਰੂਰੀ ਸਮਝਿਆ।

**(5) ਸਿੱਖ ਸੰਪਰਦਾ ਵਿਚ ਅੰਤਰ-ਵਿਰੋਧੀ ਉਪ-ਸੰਪਰਦਾਵਾਂ ਦਾ ਹੋਣਾ :–** ਸਿੱਖ ਸੰਪਰਦਾ ਅੰਦਰ ਮੀਣਿਆਂ, ਧੀਰ ਮੱਲੀਆਂ ਅਤੇ ਰਾਮਰੱਈਆਂ ਦੀਆਂ ਵਿਰੋਧੀ ਉਪ-ਸੰਪਰਦਾਵਾਂ ਕਾਇਮ ਹੋ ਗਈਆਂ ਸਨ, ਜੋ ਸਿੱਖ ਗੁਰੂਆਂ ਦਾ ਵਿਰੋਧ ਕਰਦੀਆਂ ਰਹੀਆਂ, ਸਾਜ਼ਿਸ਼ਾਂ ਕਰਦੀਆਂ ਰਹੀਆਂ ਅਤੇ ਸਿੱਖਾਂ ਨੂੰ ਗਲਤ ਰਸਤੇ ਤੇ ਪਾਉਣ ਦਾ ਯਤਨ ਕਰਦੀਆਂ ਰਹੀਆਂ। ਇਸ ਲਈ ਗੁਰੂ ਗੋਬਿੰਦ ਸਿੰਘ ਇਕ ਪਾਸੇ ਤਾਂ ਇਨ੍ਹਾਂ ਵਿਰੋਧੀਆਂ ਨੂੰ ਧਰਮ ਵਿਚੋਂ ਬਾਹਰ ਕੱਢਣਾ ਚਾਹੁੰਦੇ ਸਨ ਅਤੇ ਦੂਜੇ ਪਾਸੇ ਸਿੱਖਾਂ ਨੂੰ ਉਨ੍ਹਾਂ ਦੇ ਪ੍ਰਭਾਵ ਤੋਂ ਮੁਕਤ ਕਰਕੇ ਇਹ ਸੁਦ੍ਰਿੜ ਤੇ ਅਨੁਸ਼ਾਸਨਪੂਰਨ ਸੰਗਠਨ ਨੂੰ ਕਾਇਮ ਕਰਨਾ ਚਾਹੁੰਦੇ ਸਨ।

**(6) ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੀਵਨ ਦਾ ਮਿਸ਼ਨ :–** ਗੁਰੂ ਸਾਹਿਬ ਆਪਣੀ ਜੀਵਨ ਕਥਾ 'ਬਚਿੱਤਰ ਨਾਟਕ' ਵਿਚ ਲਿਖਦੇ ਹਨ ਕਿ ਉਨ੍ਹਾਂ ਦੇ ਜੀਵਨ ਦਾ ਮਿਸ਼ਨ ਸੰਸਾਰ ਵਿਚ ਧਰਮ ਦਾ ਪ੍ਰਚਾਰ ਕਰਨਾ, ਸੰਤਾਂ ਦੀ ਰੱਖਿਆ ਕਰਨਾ ਅਤੇ ਅਤਿਆਚਾਰੀ ਲੋਕਾਂ ਦਾ ਨਾਸ਼ ਕਰਨਾ ਹੈ। ਇਹ ਮਿਸ਼ਨ ਦੀ ਪੂਰਤੀ ਲਈ ਇਕ ਸ਼ਕਤੀਸ਼ਾਲੀ ਸੰਗਠਨ ਦੀ ਲੋੜ ਸੀ ਜੋ ਖਾਲਸੇ ਦੀ ਸਾਜਣਾ ਨਾਲ ਉਨ੍ਹਾਂ ਨੇ ਪੂਰੀ ਕੀਤੀ।

ਖਾਲਸੇ ਦਾ ਜਨਮ (1699 ਈ:)

1699 ਈ: ਵਿਚ ਵਿਸਾਖੀ ਵਾਲੇ ਦਿਨ ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਵਿਚ ਆਪਣੇ ਸਿੱਖਾਂ ਦੀ ਇਕ ਮਹਾਨ ਸਭਾ ਬੁਲਾਈ। ਇਸ ਸਭਾ ਵਿਚ ਭਾਰਤ ਦੇ ਵੱਖ ਵੱਖ ਹਿੱਸਿਆਂ ਤੋਂ 80,000 ਦੇ ਲਗਭਗ ਸਿੱਖ ਸ਼ਾਮਿਲ ਹੋਏ। ਜਦੋਂ ਸਾਰੇ ਲੋਕ ਆਪਣੀਆਂ ਆਪਣੀਆਂ ਥਾਵਾਂ ਤੇ ਬੈਠ ਗਏ ਤਾਂ ਗੁਰੂ ਸਾਹਿਬ ਨੇ ਆਪਣੇ ਹੱਥ ਵਿਚ ਤਲਵਾਰ ਲਈ ਤੇ ਇਸ ਤਰ੍ਹਾਂ ਬੋਲੇ, ਕਿ 'ਤੁਹਾਡੇ ਵਿਚੋਂ ਕੋਈ ਅਜਿਹਾ ਮਨੁੱਖ ਹੈ ਜੋ ਧਰਮ ਲਈ ਆਪਣਾ ਸਿਰ ਦੇ ਸਕੇ ?" ਮੁੜ ਇਹ ਸ਼ਬਦ ਤਿੰਨ ਵਾਰ ਦੁਹਰਾਏ ਗਏ ਤਾਂ ਲਾਹੌਰ ਨਿਵਾਸੀ ਦਇਆ ਰਾਮ ਆਪਣੀ ਥਾਂ ਤੋਂ ਉਠ ਕੇ ਗੁਰੂ ਸਾਹਿਬ ਵਲ ਵਧਿਆ ਅਤੇ ਉਸਨੇ ਧਰਮ ਖਾਤਰ ਆਪਣਾ ਬਲੀਦਾਨ ਦੇਣ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਗੁਰੂ ਸਾਹਿਬ ਉਸ ਨੂੰ ਇਕ ਤੰਬੂ ਵਿਚ ਲੈ ਗਏ ਜਿਥੇ ਕਿ ਉਨ੍ਹਾਂ ਨੇ ਪਹਿਲਾਂ ਹੀ ਪੰਜ ਬੱਕਰੇ ਰੱਖੇ ਹੋਏ ਸਨ। ਉਨ੍ਹਾਂ ਨੇ ਇਕ ਬੱਕਰੇ ਦਾ ਸਿਰ ਵੱਢ ਦਿੱਤਾ ਤੇ ਤਾਜੇ ਖ਼ੂਨ ਵਿਚ ਲਥ-ਪਥ ਹੋਈ ਤਲਵਾਰ ਫੜੀ ਗੁਰੂ ਸਾਹਿਬ ਫਿਰ ਲੋਕਾਂ ਦੇ ਸਾਹਮਣੇ ਆਏ, ਸਭ ਲੋਕਾਂ ਨੂੰ ਇਸ ਗੱਲ ਦਾ ਯਕੀਨ ਹੋ ਗਿਆ ਸੀ ਕਿ ਦਇਆ ਰਾਮ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਉਹਨਾਂ ਹੁਣ ਇਕ ਹੋਰ ਮਨੁੱਖ ਦਾ ਬਲੀਦਾਨ ਮੰਗਿਆ। ਇਸ ਵਾਰ ਦਿੱਲੀ ਨਿਵਾਸੀ ਧਰਮ ਦਾਸ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਉਸ ਨੂੰ ਵੀ ਗੁਰੂ ਸਾਹਿਬ ਤੰਬੂ ਵਿਚ ਲੈ ਗਏ ਅਤੇ ਪਹਿਲਾਂ ਵਾਂਗ ਫਿਰ ਉਹ ਖ਼ੂਨ ਭਰੀ ਤਲਵਾਰ ਲੈ ਕੇ ਲੋਕਾਂ ਦੇ ਸਾਹਮਣੇ ਆਏ। ਜਿੰਨੀ ਵਾਰ ਉਨ੍ਹਾਂ ਦੇ ਜੀਵਨ ਬਲੀਦਾਨ ਲਈ ਕਿਹਾ, ਤਾਂ ਕੋਈ ਨਾ ਕੋਈ ਵਿਅਕਤੀ ਆਪਣੇ ਪ੍ਰਾਣ ਕੁਰਬਾਨ ਕਰਨ ਲਈ ਹਾਜ਼ਰ ਹੁੰਦਾ ਰਿਹਾ। ਇਸ ਤਰ੍ਹਾਂ ਪੰਜ ਵਿਅਕਤੀ ਚੁਣੇ ਗਏ ਤੇ ਪੰਜ ਬੱਕਰਿਆਂ ਦੇ ਸਿਰ ਵੱਢ ਦਿੱਤੇ ਗਏ। ਪਰ ਹਰੀ ਰਾਮ ਗੁਪਤਾ ਇਸ ਮੌਕੇ ਤੇ ਬੱਕਰਿਆਂ ਦੇ ਵੱਢੇ ਜਾਣ ਦੇ ਵਿਚਾਰ ਨਾਲ ਸਹਿਮਤ ਨਹੀਂ ਕਿਉਂਕਿ ਗੁਰੂ ਸਾਹਿਬ ਲੜੀਵਾਰ ਪੰਜ ਬੱਕਰੇ ਇਕ ਇਕ ਕਰਕੇ ਵੱਢਦੇ ਤਾਂ ਉਨ੍ਹਾਂ ਦੇ ਵੱਢੇ ਜਾਣ ਵੇਲੇ ਦੀ ਆਵਾਜ਼ ਪੰਡਾਲ ਵਿਚ ਸੁਣ ਸਕਦੀ ਸੀ। ਦਇਆ ਰਾਮ ਅਤੇ ਧਰਮ ਦਾਸ ਤੋਂ ਬਿਨਾਂ ਬਾਕੀ ਤਿੰਨ ਸਿੱਖਾਂ ਦਾ ਨਾਂ ਮੁਹਕਮ ਚੰਦ, ਸਾਹਿਬ ਚੰਦ ਅਤੇ ਹਿੰਮਤ ਰਾਏ ਸਨ। ਗੁਰੂ ਸਾਹਿਬ ਹੁਣ ਪੰਜ ਸਿੱਖਾਂ ਨੂੰ ਭਰੀ ਸਭਾ ਵਿਚ ਲੈ ਗਏ, ਅਤੇ ਉਨ੍ਹਾਂ ਨੂੰ 'ਪੰਜ ਪਿਆਰੇ' ਦੀ ਉਪਾਧੀ ਦਿੱਤੀ।

ਗੁਰੂ ਸਾਹਿਬ ਨੇ ਇਕ ਵਿਸ਼ੇਸ਼ ਪ੍ਰਥਾ ਰਾਹੀਂ ਪੰਜ ਪਿਆਰਿਆਂ ਨੂੰ ਸਿੱਖ ਬਣਾਇਆ। ਇਕ ਲੋਹੇ ਦੇ ਬਾਟੇ ਵਿਚ ਪਾਣੀ ਦੇ ਪਤਾਸੇ ਪਾਏ ਅਤੇ ਉਸ ਨੂੰ ਦੋ ਧਾਲੀ ਤਲਵਾਰ (ਖੰਡੇ) ਨਾਲ ਹਿਲਾਇਆ ਗਿਆ ਤੇ ਨਾਲ ਜਪੁਜੀ

ਸਾਹਿਬ, ਅਨੰਦ ਸਾਹਿਬ, ਜਾਪ ਸਾਹਿਬ, ਸਵੈਯੇ ਤੇ ਚੌਪਈ ਦਾ ਪਾਠ ਕੀਤਾ ਗਿਆ। ਇਸ ਤਰ੍ਹਾਂ ਤਿਆਰ ਕੀਤਾ ਗਿਆ ਖੰਡੇ ਦਾ ਪਾਹੁਲ ਜਾਂ ਅੰਮ੍ਰਿਤ, ਪੰਜ ਪਿਆਰਿਆਂ ਨੂੰ ਛਕਾਇਆ ਗਿਆ ਅਤੇ ਉਨ੍ਹਾਂ ਨੂੰ ਖਾਲਸੇ ਦਾ ਖਿਤਾਬ ਦਿੱਤਾ ਅਤੇ ਹਰ ਇਕ ਦੇ ਨਾਂ ਦਾ ਪਿਛਲਾ ਹਿੱਸਾ ਛੱਡ ਕੇ ਉਸ ਦੇ ਨਾਲ ਸਿੰਘ ਸ਼ਬਦ ਜੋੜਿਆ ਗਿਆ। ਇਸ ਤਰ੍ਹਾਂ ਦਇਆ ਰਾਮ ਤੋਂ ਦਇਆ ਸਿੰਘ, ਧਰਮ ਦਾਸ ਤੋਂ ਧਰਮ ਸਿੰਘ, ਮੁਹਕਮ ਚੰਦ ਤੋਂ ਮੁਹਕਮ ਸਿੰਘ, ਸਾਹਿਬ ਚੰਦ ਤੋਂ ਸਾਹਿਬ ਸਿੰਘ ਅਤੇ ਹਿੰਮਤ ਰਾਏ ਤੋਂ ਹਿੰਮਤ ਸਿੰਘ ਬਣੇ। ਫੇਰ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕਣ ਦੀ ਯਾਚਨਾ ਕੀਤੀ। ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਇਹ ਇਕ ਇਨਕਲਾਬੀ ਕਦਮ ਸੀ। ਪੰਜ ਪਿਆਰਿਆਂ ਨੂੰ ਖਾਲਸਾ ਬਣਾਉਣ ਪਿਛੋਂ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪ ਉਨ੍ਹਾਂ ਦੇ ਹੱਥੀਂ ਅੰਮ੍ਰਿਤ ਦਾ ਸੇਵਨ ਕੀਤਾ ਅਤੇ ਗੋਬਿੰਦ ਰਾਏ ਦੇ ਬਦਲੇ ਗੋਬਿੰਦ ਸਿੰਘ ਅਖਵਾਣ ਲੱਗੇ ਤਾਂ ਇਸ ਤੋਂ ਬਾਅਦ ਗੁਰੂ ਅਤੇ ਅੰਮ੍ਰਿਤ ਛਕਾਏ ਸਿੰਘਾਂ (ਖਾਲਸੇ) ਵਿਚ ਕੋਈ ਫਰਕ ਨਾ ਰਿਹਾ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਆਪਣਾ ਖਾਲਸਾ ਰਿਹਾ। ਭਵਿੱਖ ਵਿਚ ਅੰਮ੍ਰਿਤ ਛਕਾਣ ਦਾ ਕੰਮ ਵੀ ਪੰਜ ਪਿਆਰਿਆਂ ਨੂੰ ਸੌਂਪਿਆ ਗਿਆ।

ਫਿਰ ਗੁਰੂ ਸਾਹਿਬ ਨੇ ਦੀਵਾਨ ਵਿਚ ਇਕ ਲੰਬਾ ਅਤੇ ਜੋਸ਼ੀਲਾ ਭਾਸ਼ਣ ਦਿੱਤਾ। ਬੂਟੇ ਸ਼ਾਹ ਤੇ ਅਹਿਮਦ ਸ਼ਾਹ ਅਨੁਸਾਰ ਹੋਰ ਗੱਲਾਂ ਤੋਂ ਇਲਾਵਾ ਗੁਰੂ ਜੀ ਨੇ ਹੇਠ ਲਿਖੀਆਂ ਗੱਲਾਂ ਕਹੀਆਂ :

"ਮੈਂ ਤੁਹਾਨੂੰ ਧਰਮਾਂ ਦੀਆਂ ਵਿਰੋਧਤਾਈਆਂ ਛੱਡ ਕੇ ਇਕ ਨਸਲ ਤੇ ਇਕ ਰਸਤਾ ਅਪਨਾਉਣ ਲਈ ਕਹਿੰਦਾ ਹਾਂ। ਹਿੰਦੂ ਜਾਤਾਂ ਜਿਨ੍ਹਾਂ ਲਈ ਵੱਖਰੇ ਵੱਖਰੇ ਨਿਯਮ ਬਣਾਏ ਗਏ ਹਨ, ਉਨ੍ਹਾਂ ਨੂੰ ਛੱਡ ਕੇ ਮਿਲਵਰਤਨ ਦਾ ਰਸਤਾ ਫੜਨ, ਆਜ਼ਾਦ ਹੋ ਕੇ ਇਕ ਦੂਜੇ ਨਾਲ ਘੁਲ-ਮਿਲ ਜਾਣ, ਕੋਈ ਆਪਣੇ ਆਪ ਨੂੰ ਦੂਜੇ ਤੋਂ ਵਧੀਆ ਨਾ ਸਮਝੇ, ਚਾਰੇ ਜਾਤਾਂ ਦੇ ਲੋਕ ਅੰਮ੍ਰਿਤ ਛਕਣ ਤੇ ਇਕੋ ਭਾਂਡੇ ਵਿਚ ਖਾਣ ਅਤੇ ਇਕ ਦੂਜੇ ਪ੍ਰਤੀ ਘਿਰਣਾ ਈਰਖਾ ਛੱਡ ਦੇਣ।" ਸਰਕਾਰੀ ਸੂਹੀਆਂ ਨੇ ਔਰੰਗਜ਼ੇਬ ਨੂੰ ਆਨੰਦਪੁਰ ਤੋਂ ਖਬਰ ਦਿੱਤੀ ਕਿ ਜਦੋਂ ਮੁਢਲੀ ਰਸਮ ਤੋਂ ਬਾਅਦ ਗੁਰੂ ਜੀ ਨੇ ਦੀਵਾਨ ਨੂੰ ਸੰਬੋਧਨ ਕੀਤਾ ਕਿ ਅਤੇ ਬਹੁਤ ਸਾਰੇ ਬ੍ਰਾਹਮਣਾਂ ਤੇ ਖੱਤਰੀਆਂ ਨੇ ਕਿਹਾ ਕਿ ਉਹ ਗੁਰੂ ਨਾਨਕ ਦੇ ਵ ਜੀ ਦੇ ਧਰਮ ਵਿਚ ਵਿਸ਼ਵਾਸ ਰੱਖਦੇ ਹਨ ਪਰ ਆਪਣੇ ਸਨਾਤਨ ਬ੍ਰਾਹਮਣੀ ਧਰਮ ਨੂੰ ਵੀ ਨਹੀਂ ਛੱਡ ਸਕਦੇ ਤੇ ਅੰਮ੍ਰਿਤ ਨਹੀਂ ਛੱਕ ਸਕਦੇ ਕਿਉਂਕਿ ਗੁਰੂ ਦੁਆਰਾ ਲਗਾਈਆਂ ਗਈਆਂ ਸ਼ਰਤਾਂ ਉਨ੍ਹਾਂ ਨੂੰ ਕਬੂਲ ਨਹੀਂ ਸਨ। ਪਰੰਤੂ ਫਿਰ ਵੀ 20 ਹਜ਼ਾਰ ਲੋਕ ਉਠ ਖੜ੍ਹੇ ਹੋਏ ਤੇ ਅੰਮ੍ਰਿਤ ਛੱਕਣ ਲਈ ਆਪਣੀ ਰਜ਼ਾਮੰਦੀ ਦੇ ਦਿੱਤੀ ਤੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਗਿਆ।

ਅਗਲੇ ਕੁਝ ਦਿਨਾਂ ਦੇ ਅੰਦਰ ਅੰਦਰ ਅੱਸੀ ਹਜ਼ਾਰ ਲੋਕਾਂ ਨੇ ਅੰਮ੍ਰਿਤ ਛੱਕਿਆ, ਜਿਹੜੇ ਆਪਣੇ ਆਪ ਨੂੰ ਸਿੱਖ ਕਹਿੰਦੇ ਸਨ। ਉਹਨਾਂ ਦੀ ਇਸ ਗੱਲ ਦੀ ਪ੍ਰੋੜ੍ਹਤਾ ਲਈ ਨਵੇਂ ਢੰਗ ਨਾਲ ਅੰਮ੍ਰਿਤ ਛਕਾਉਣ ਲਈ ਕਿਹਾ ਗਿਆ। ਜਿਨ੍ਹਾਂ ਨੇ ਰੀਤੀ ਨਾਲ ਅੰਮ੍ਰਿਤ ਛਕਿਆ ਉਨ੍ਹਾਂ ਨੂੰ ਸਿੱਖਿਆ ਦਿੱਤੀ ਗਈ ਕਿ ਉਹ ਅਕਾਲ ਪੁਰਖ ਪਰਮਾਤਮਾ ਵਿਚ ਭਰੋਸਾ ਰੱਖਣ ਅਤੇ ਦਸਾਂ ਗੁਰੂਆਂ ਦੀ ਸਿੱਖਿਆ ਨੂੰ ਯਾਦ ਰੱਖਣ ਉਨ੍ਹਾਂ ਨੂੰ ਸਦਾ ਪਵਿੱਤਰ ਤੇ ਈਮਾਨਦਾਰ ਜ਼ਿੰਦਗੀ ਬਿਤਾਉਣ ਦੇ ਆਦੇਸ਼ ਦਿੱਤੇ, ਅਤੇ ਸ਼ਰਾਬ ਤੇ ਤੰਬਾਕੂ ਦੀ ਵਰਤੋਂ ਦੀ ਮਨਾਹੀ ਕੀਤੀ ਗਈ। ਸਿੱਖਾਂ ਨੂੰ ਪੰਜ 'ਕਕਾਰ' ਅਰਥਾਤ 'ਕ' ਅੱਖਰ ਨਾਲ ਸ਼ੁਰੂ ਹੁੰਦੀਆਂ ਪੰਜ ਵਸਤਾਂ ਕੇਸ, ਕੰਘਾ, ਕੱਛਾ, ਕੜਾ ਤੇ ਕਿਰਪਾਨ ਧਾਰਨ ਕਰਨ ਦਾ ਨਿਰਦੇਸ਼ ਦਿੱਤਾ ਗਿਆ।

ਬਹੁਤ ਗਿਣਤੀ ਵਿਚ ਲੋਕ ਖੰਡੇ ਨਾਲ ਤਿਆਰ ਕੀਤਾ ਅੰਮ੍ਰਿਤ ਛੱਕ ਕੇ ਸਿੰਘ ਸਜਦੇ ਗਏ। ਉਨ੍ਹਾਂ ਨੂੰ ਪਕਿਆਈ ਨਾਲ ਸਿੱਖ ਰਹਿਤ ਅਨੁਸਾਰ ਰਹਿਣ ਦਾ ਹੁਕਮ ਦਿੱਤਾ ਗਿਆ। ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਸਿੱਖ ਰਹਿਤ ਸਿੱਖਾਂ ਨੂੰ ਹੋਰਨਾਂ ਤੋਂ ਵੱਖਰਾ ਕਰਨ ਲਈ ਨਹੀਂ ਸੀ ਰੱਖੀ ਗਈ ਜਾਂ ਸਿੱਖ ਕੌਮ ਨੂੰ ਆਤਮਿਕ ਤੌਰ ਤੇ ਉੱਚਾ ਚੁੱਕਣ ਲਈ ਨਹੀਂ ਬਲਕਿ ਇਹ ਰਹਿਤ ਸਿੱਖਾਂ ਦੇ ਜਥੇਬੰਦ ਜੀਵਨ (ਫਰਅਕਿਦਕਗ਼ਵਕ ;ਜਕਿ) ਦੀ ਸੁਰੱਖਿਆ ਲਈ ਦਿੱਤੀ ਗਈ ਸੀ। ਗੁਰੂ ਸਿੱਖਾਂ ਨੂੰ ਇਕ ਅਲੱਗ ਸ਼ਕਲ ਪ੍ਰਦਾਨ ਕਰਨਾ ਚਾਹੁੰਦੇ ਸਨ ਤਾਂ ਕਿ ਉਨ੍ਹਾਂ ਨੂੰ ਬਿਨਾਂ ਕਿਸੇ ਔਖ ਤੋਂ ਪਛਾਣਿਆ ਜਾ ਸਕੇ। ਉਹ ਚਾਹੁੰਦੇ ਸਨ ਕਿ ਉਹਨਾਂ ਦੇ ਸਿੱਖ ਸੰਤ ਸਿਪਾਹੀ ਬਣਨ ਅਤੇ ਸੰਤ ਸਿਪਾਹੀ ਦਿਸਣ। ਉਹ ਕਿਰਪਾਨ ਨੂੰ ਪ੍ਰਮਾਤਮਾ ਦਾ ਹਥਿਆਰ ਸਮਝਦੇ ਸਨ ਜਿਸ ਨਾਲ ਜ਼ੁਲਮ ਕਰਨ ਵਾਲੇ ਨੂੰ ਤਬਾਹ ਕੀਤਾ ਜਾਂਦਾ ਹੈ। ਅਣ-ਕਟ ਵਾਲ ਸਦਾ ਹੀ ਮਹਾਤਮਾ ਲੋਕਾਂ ਨਾਲ ਜੁੜੇ ਰਹੇ ਹਨ ਤੇ ਲੰਮੇ ਵਾਲਾਂ ਨੂੰ ਸਾਫ ਰੱਖਣ ਲਈ ਕੰਘੇ ਦੀ ਲੋੜ ਸੀ। ਬਲਕਿ ਇਹ ਵਾਲਾਂ ਦਾ ਅਟੁੱਟ ਭਾਗ ਹੈ ਤੇ ਲੋਹੇ ਦਾ ਕੜਾ ਹੱਥ ਦੀ ਸੁਰੱਖਿਆ ਦਾ ਸਾਧਨ ਹੈ ਅਤੇ ਇਹ ਦੁਸ਼ਮਣ ਦੇ ਵਾਰ ਕਰਨ ਸਮੇਂ ਹੱਥ ਦੀ ਰੱਖਿਆ ਕਰਦਾ ਹੈ ਤੇ ਕਛਹਿਰਾ ਇਕ ਚੁਸਤ ਤੇ ਲਾਭਦਾਇਕ ਪੁਸ਼ਾਕ ਸੀ।

**ਖਾਲਸਾ ਸਾਜਣ ਦੀ ਮਹੱਤਤਾ**

ਖਾਲਸੇ ਦੀ ਸਾਜਣਾ ਸਿੱਖ-ਇਤਿਹਾਸ ਵਿਚ ਇਕ ਵੱਡੀ ਮਹੱਤਤਾ ਰੱਖਦੀ ਹੈ। ਇਸ ਦੇ ਵੱਡੇ ਸਿੱਟੇ ਨਿਕਲੇ ਜਿਵੇਂ ਕਿ :

(1) **ਸਿੱਖਾਂ ਦੀ ਗਿਣਤੀ ਵਿਚ ਵਾਧਾ :–** ਪੰਜ ਪਿਆਰਿਆਂ ਤੋਂ ਬਾਅਦ ਹਜ਼ਾਰਾਂ ਲੋਕਾਂ ਨੇ ਖਾਲਸੇ ਵਿਚ ਪ੍ਰਵੇਸ਼ ਕੀਤਾ। ਉਨ੍ਹਾਂ ਵਿਚ ਸਾਹਸ, ਬੀਰਤਾ ਅਤੇ ਬਲੀਦਾਨ ਦੀ ਭਾਵਨਾ ਪਾਈ ਜਾਂਦੀ ਸੀ। ਉਹ ਜਾਤ-ਪਾਤ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ ਅਤੇ ਉਨ੍ਹਾਂ ਦਾ ਆਚਰਣ, ਪੂਰਨ ਰੂਪ ਵਿਚ ਕਲੰਕ ਰਹਿਤ ਸੀ। ਇਸ ਤਰ੍ਹਾਂ 'ਖਾਲਸਾ' ਸੰਸਥਾ ਰਾਹੀਂ ਮਨੁੱਖਤਾ ਵਿਚ ਸਲਾਹੁਣ ਯੋਗ ਨਮੂਨੇ ਪੈਦਾ ਹੋਏ।

(2) **ਵਹਿਮ ਤੇ ਜਾਤ-ਪਾਤ ਰਹਿਤ ਸੁਸਾਇਟੀ ਦਾ ਨਿਰਮਾਣ :–** ਗੁਰੂ ਜੀ ਨੇ ਖਾਲਸਾ ਸਾਜ ਕੇ ਸਿੱਖਾਂ ਵਿਚ ਜਥੇਬੰਦੀ ਲਿਆਂਦੀ। ਗੋਕਲ ਚੰਦ ਨਾਰੰਗ ਅਨੁਸਾਰ, ਜਾਤ-ਪਾਤ ਤੋੜ ਕੇ ਸਾਰੀਆਂ ਜਾਤਾਂ ਨੂੰ ਅੰਮ੍ਰਿਤ ਛਕਾ ਕੇ ਅਤੇ ਸਭ ਨੂੰ ਇਕੋ ਜਿਹੀ ਰਹਿਤ ਦੇ ਕੇ ਅਤੇ ਇਸ ਤੋਂ ਵੀ ਵੱਧ ਇਕ ਝੰਡੇ ਥੱਲੇ ਇਕੋ ਲੀਡਰ ਥੱਲੇ, ਸਾਂਝੇ ਆਦਰਸ਼ ਲਈ ਇਕੱਠਾ ਕਰਕੇ ਗੁਰੂ ਜੀ ਨੇ ਸਿੱਖਾਂ ਵਿਚ ਨਾ ਟੁੱਟਣ ਵਾਲੀ ਏਕਤਾ ਪੈਦਾ ਕੀਤੀ ਅਤੇ ਇਕ ਲੜੀ ਵਿਚ ਪਰੋ ਦਿੱਤਾ। ਇਸ ਜਥੇਬੰਦੀ ਨੇ ਹੀ ਮੁਗ਼ਲਾਂ ਦੇ ਅਤਿਆਚਾਰਾਂ ਦਾ ਮੁਕਾਬਲਾ ਕੀਤਾ। ਨੀਵੀਆਂ ਜਾਤਾਂ ਦੇ ਲੋਕਾਂ ਨੂੰ ਇਕ ਨਵਾਂ ਜੀਵਨ ਪ੍ਰਾਪਤ ਹੋਇਆ। ਇਸ ਤੋਂ ਪਹਿਲਾਂ ਹਿੰਦੂ ਸਮਾਜ ਵਿਚ ਸ਼ੂਦਰਾਂ ਅਤੇ ਹੋਰ ਨੀਵੀਆਂ ਜਾਤਾਂ ਨੂੰ ਘਿਰਣਾ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ ਪਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਲੋਕਾਂ ਨੂੰ ਖਾਲਸਾ ਬਣਾ ਕੇ ਖੱਤਰੀਆਂ ਅਤੇ ਬ੍ਰਾਹਮਣਾਂ ਦੇ ਬਰਾਬਰ ਖੜ੍ਹਾ ਕਰ ਦਿੱਤਾ। ਇਸ ਨਾਲ ਇਹਨਾਂ ਲੋਕਾਂ ਵਿਚ ਅਸਾਧਾਰਣ ਜਾਗ੍ਰਿਤੀ ਅਤੇ ਜੋਸ਼ ਪੈਦਾ ਹੋ ਗਿਆ। ਇਬਸਟਨ ਲਿਖਦਾ ਹੈ ਕਿ ਨੀਵੀਆਂ ਜਾਤੀਆਂ ਦੇ ਲੋਕ ਜਿਨ੍ਹਾਂ ਨੇ ਕਈ ਸ਼ਾਸਤਰਾਂ ਨੂੰ ਹੱਥ ਤੱਕ ਨਹੀਂ ਲਗਾਇਆ ਸੀ ਅਤੇ ਜੋ ਉਚੀਆਂ ਜਾਤੀਆਂ ਦੇ ਪੈਰਾਂ ਥੱਲੇ ਲਿਤਾੜੇ ਜਾਂਦੇ ਸਨ, ਨੇ ਗੁਰੂ ਜੀ ਦੀ ਅਗਵਾਈ ਹੇਠਾਂ ਸਿਰਫ ਬਹਾਦਰੀ ਦੇ ਗੁਣ ਹੀ ਨਾ ਗ੍ਰਹਿਣ ਕੀਤੇ ਸਗੋਂ ਉਹ ਦੁਖੀ ਇਨਸਾਨਾਂ ਵਾਸਤੇ ਆਪਾ ਵਾਰਨ ਲਈ ਵੀ ਤਿਆਰ ਹੋ ਗਏ।

(3) **ਸਿੱਖ ਧਰਮ ਵੱਖਰਾ ਹੋ ਗਿਆ :–** ਖਾਲਸੇ ਦੀ ਸਥਾਪਨਾ ਨਾਲ ਸਿੱਖ ਧਰਮ ਨੂੰ ਇਕ ਵਿਸ਼ੇਸ਼ ਰੂਪ ਪ੍ਰਾਪਤ ਹੋਇਆ। ਸਿੱਖ ਧਰਮ ਹਿੰਦੂ ਧਰਮ ਤੋਂ ਸਪੱਸ਼ਟ ਤੌਰ ਤੇ ਵੱਖਰਾ ਹੋ ਗਿਆ। ਖਾਲਸੇ ਦੇ ਨਿਯਮਾਂ ਅਨੁਸਾਰ ਸਿੱਖ ਲੋਕਾਂ ਨੂੰ ਪੰਜ 'ਕੱਕੇ' ਧਾਰਨ ਕਰਨੇ ਪੈਂਦੇ ਸਨ, ਉਹ ਤੰਬਾਕੂ ਨਹੀਂ ਸੀ ਪੀ ਸਕਦੇ, ਮੂਰਤੀ ਪੂਜਾ ਨਹੀਂ ਕਰ ਸਕਦੇ ਅਤੇ ਉਨ੍ਹਾਂ ਨੂੰ ਵਿਸ਼ੇਸ਼ ਸ਼ਬਦ ਰਾਹੀਂ ਨਮਸ਼ਕਾਰ ਕਰਨਾ ਪੈਂਦਾ ਸੀ ਆਦਿ। ਇਹਨਾਂ ਸਭ ਨਿਯਮਾਂ ਨੂੰ ਅਪਨਾਉਣ ਨਾਲ ਸਿੱਖ ਲੋਕ ਹਿੰਦੂ ਧਰਮ ਤੋਂ ਬਿਲਕੁਲ ਅਲੱਗ ਹੋ ਗਏ। ਅਸਲ ਵਿਚ ਸਿੱਖ ਮਤ ਦੀ ਸਥਾਪਨਾ ਦਾ ਕਾਰਜ ਜੋ ਗੁਰੂ ਨਾਨਕ ਦੇਵ ਜੀ ਦੇ ਵੇਲੇ ਸ਼ੁਰੂ ਹੋਇਆ, ਖਾਲਸਾ ਦੀ ਸਾਜਣਾ ਨਾਲ ਪੂਰਾ ਹੋ ਗਿਆ।

(4) **ਸੰਤ ਸਿਪਾਹੀ ਦੀ ਜਾਤੀ ਦਾ ਨਿਰਮਾਣ :–** ਖਾਲਸੇ ਦੀ ਸਥਾਪਨਾ ਕਰਕੇ ਗੁਰੂ ਜੀ ਨੇ ਸੰਤ ਸਿਪਾਹੀਆਂ ਦੀ ਜਾਤੀ ਦਾ ਨਿਰਮਾਣ ਕੀਤਾ। ਹੁਣ ਸਿੱਖਾਂ ਦੇ ਫਰਜ਼ ਅਧਿਆਤਮਕ ਖੇਤਰ ਤੱਕ ਹੀ ਸੀਮਤ ਨਾ ਰਹੇ ਸਗੋਂ ਸੈਨਿਕ ਖੇਤਰ ਵਿਚ ਵੀ ਹੋ ਗਏ। ਗੁਰੂ ਜੀ ਨੇ ਦੱਸਿਆ ਕਿ ਦੁਸ਼ਟਾਂ ਅਤੇ ਜ਼ੁਲਮ ਦੇ ਵਾਸਤੇ ਜੇਕਰ ਤਲਵਾਰ ਵੀ ਚਲਾਉਣੀ ਪਵੇ ਤਾਂ ਕੋਈ ਹਰਜ਼ ਨਹੀਂ। ਇਸ ਤਰ੍ਹਾਂ ਗੁਰੂ ਸਾਹਿਬ ਨੇ ਸੰਤ ਸਿਪਾਹੀਆਂ ਦੀ ਜਮਾਤ ਤਿਆਰ ਕੀਤੀ।

ਇਸ ਤਰ੍ਹਾਂ ਫੌਜੀ ਪ੍ਰਬੰਧ ਧਰਮ ਦਾ ਇਕ ਜ਼ਰੂਰੀ ਅੰਗ ਬਣ ਗਿਆ ਅਤੇ ਜਾਤੀ ਰੱਖਿਆ ਦਾ ਭਾਰ ਉਸ ਜਾਤੀ ਤੇ ਹੀ ਛੱਡ ਦਿੱਤਾ ਗਿਆ। ਹੌਲੀ ਹੌਲੀ ਅਤਿਆਚਾਰਾਂ ਦੇ ਵਿਰੁੱਧ ਲੜਾਈਆਂ ਲੜਨ ਕਰਕੇ ਸਿੱਖ ਸਮਾਜ ਇਕ ਫੌਜੀ ਸੰਘ ਵਿਚ ਬਦਲ ਗਿਆ। ਖਾਲਸੇ ਦੀ ਆਪਣੇ ਅਧਿਕਾਰਾਂ ਲਈ ਇਕ ਸਦੀ ਦੀ ਲੜਾਈ ਤੋਂ ਬਾਅਦ ਸਿੱਖਾਂ ਨੇ ਰਣਜੀਤ ਸਿੰਘ ਦੀ ਅਗਵਾਈ ਹੇਠ ਪੰਜਾਬ ਨੂੰ ਮੁਗ਼ਲਾਂ ਤੋਂ ਆਜ਼ਾਦ ਕਰਵਾ ਲਿਆ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋ ਗਿਆ।

ਜੇ.ਐਨ. ਅਨੁਸਾਰ ਖਾਲਸੇ ਦੀ ਸਥਾਪਨਾ ਦੀ ਆਲੋਚਨਾ ਕਰਦੇ ਹੋਏ ਲਿਖਿਆ ਹੈ ਕਿ,"ਇਸ ਦੇ ਨਿਰਮਾਣ ਨਾਲ ਗੁਰੂ ਸਾਹਿਬ ਨੇ ਸਿੱਖਾਂ ਦੀ ਮਨੁੱਖੀ ਤਾਕਤ ਨੂੰ ਸਭ ਪਾਸਿਆਂ ਤੋਂ ਹਟਾ ਕੇ ਇਕ ਵਿਸ਼ੇਸ਼ ਰਸਤੇ ਵੱਲ ਲਾ ਦਿੱਤਾ। ਸਿੱਖਾਂ ਨੇ ਅਧਿਆਤਮਕ ਰਸਤੇ ਨੂੰ ਛੱਡ ਕੇ ਰਾਜਨੀਤਿਕ ਰਸਤੇ ਵੱਲ ਵਧਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਸਿੱਖ ਲੋਕ ਜੋ ਕਿ ਸਦੀਆਂ ਤੋਂ ਸੱਚੇ ਸੰਤ ਸਿਪਾਹੀ ਬਣਨ ਲਈ ਅੱਗੇ ਵਧ ਰਹੇ ਸਨ, ਇਕ ਦਮ ਰੁਕ ਗਏ ਅਤੇ ਕੇਵਲ ਸੈਨਿਕ ਬਣ ਕੇ ਰਹਿ ਗਏ।" ਪਰ ਸਰਕਾਰ ਦੇ ਵਿਚਾਰ ਨੂੰ ਇਤਿਹਾਸਕਾਰ ਠੀਕ ਨਹੀਂ ਸਮਝਦੇ। ਇੰਦੂ ਭੂਸ਼ਨ ਬੈਨਰਜੀ ਨੇ ਗੁਰੂ ਸਾਹਿਬ ਦੇ ਜੀਵਨ ਦੀ ਗਹਿਰਾਈ ਅਤੇ ਆਲੋਚਨਾਤਮਕ ਢੰਗ ਨਾਲ ਅਧਿਐਨ ਕਰਕੇ ਸਿੱਧ ਕਰ

ਦਿੱਤਾ ਕਿ ਖਾਲਸੇ ਦੀ ਸਥਾਪਨਾ ਵਿਚ ਗੁਰੂ ਸਾਹਿਬ ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਨੇ ਸਿੱਖਾਂ ਨੂੰ ਬਿਲਕੁਲ ਸੰਸਾਰਿਕ ਕੰਮਾਂ ਵਿਚ ਲੀਨ ਹੋ ਜਾਣ ਦੀ ਸਿੱਖਿਆ ਦਿੱਤੀ ਸਗੋਂ ਇਸਦੇ ਉਲਟ ਆਪਣੇ ਸਿੱਖਾਂ ਦੇ ਹੱਥਾਂ ਵਿਚ ਤਲਵਾਰ ਦਿੰਦੇ ਸਮੇਂ ਉਨ੍ਹਾਂ ਨੇ ਉਪਦੇਸ਼ ਦਿੱਤਾ ਸੀ ਕਿ ਉਹ ਆਪਣੇ ਘਰਾਂ ਨੂੰ ਜੰਗਲਾਂ ਵਾਂਗ ਸਮਝਣ, ਥੋੜ੍ਹਾ ਖਾਣ, ਥੋੜ੍ਹਾ ਸੌਣ, ਈਸ਼ਵਰ ਦੀ ਭਗਤੀ ਕਰਨ, ਸ਼ੁੱਧ ਚਰਿੱਤਰ ਰੱਖਣ ਅਤੇ ਕਾਮ, ਕ੍ਰੋਧ, ਲੋਭ ਮੋਹ ਅਤੇ ਹੰਕਾਰ ਵਿਚ ਨਾ ਫਸਣ। ਇਸ ਪੜਤਾਲ ਕਰਨ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਉਨ੍ਹਾਂ ਤੇ ਗੁਰੂ ਸਾਹਿਬ ਦੀਆਂ ਸਿਖਿਆਵਾਂ ਵਿਚ ਕੋਈ ਫਰਕ ਨਹੀਂ। ਗੁਰੂ ਸਾਹਿਬ ਨੇ ਸਿੱਖਾਂ ਦੇ ਹੱਥਾਂ ਵਿਚ ਤਲਵਾਰ ਫੜਾ ਕੇ ਜ਼ੁਲਮ ਦੇ ਵਿਰੁੱਧ ਹਥਿਆਰਬੰਦ ਟਾਕਰੇ ਕਰਨ ਦੀ ਪ੍ਰੇਰਣਾ ਦਿੱਤੀ ਸੀ।

**ਮੁੱਖ ਵਿਅਕਤੀ ਅਤੇ ਸ਼ਬਦ :**

1) ਪਹਾੜੀ ਰਾਜੇ
2) ਭੀਮ ਚੰਦ
3) ਉਪ-ਸੰਪਰਦਾਵਾਂ
4) ਪੰਜ ਪਿਆਰੇ ਤੇ ਉਨ੍ਹਾਂ ਦੇ ਨਾਮ
5) ਖੰਡੇ ਕੀ ਪਾਹੁਲ ਜਾਂ ਅੰਮ੍ਰਿਤ
6) ਬੂਟੇ ਸ਼ਾਹ
7) ਜਥੇਬੰਦ ਜੀਵਨ
8) ਸੰਤ ਸਿਪਾਹੀ

**ਵਿਦਿਆਰਥੀ ਲਈ ਛੋਟੇ ਪ੍ਰਸ਼ਨ :**

1) ਔਰੰਗਜ਼ੇਬ ਅਧੀਨ ਮੁਗ਼ਲ ਨੀਤੀ ਦੇ ਔਗੁਣ ਦੱਸੋ।
2) ਸਿੱਖ ਸੰਪਰਦਾ ਵਿਚ ਅੰਤਰ-ਵਿਰੋਧੀ ਉਪ-ਸੰਪਰਦਾਵਾਂ ਦਾ ਵਰਨਣ ਕਰੋ।
3) ਗੁਰੂ ਗੋਬਿੰਦ ਸਿੰਘ ਦਾ ਮਿਸ਼ਨ ਕੀ ਸੀ ?

**ਲੰਮੇ ਪ੍ਰਸ਼ਨ :**

1) ਖਾਲਸੇ ਦਾ ਜਨਮ ਅਤੇ ਮਹੱਤਤਾ ਦੱਸੋ।
2) ਖਾਲਸਾ ਸਿਰਜਣਾ ਦੇ ਕੀ ਕਾਰਨ ਸਨ ? ਵਿਸਥਾਰ ਨਾਲ ਦੱਸੋ।

**ਵਧੇਰੇ ਜਾਣਕਾਰੀ ਲਈ ਪੁਸਤਕਾਂ :**

1. Shiv Kumar Gupta, Creation of the Khalsa (P.U.Patiala, 1999), pp.41-64

2. ਛਿੱਬੜ, ਕੇ.ਸਿੰਘ, ਬੰਸਾਵਲੀ ਨਾਮਾ, ਪਾਠ 10

ਅਸੀਂ ਡੈਕ ਦੇ ਧੰਨਵਾਦੀ ਹਾਂ ਕਿਉਂਕਿ ਵਿੱਤੀ ਗ੍ਰਾਂਟ ਦੇ ਕੇ ਉਸ ਨੇ ਪਾਠ ਦੇ ਰੂਪਾਂਤਰਣ ਨੂੰ ਸੰਭਵ ਬਣਾਇਆ- ਡਾ. ਨਾਜ਼ਰ ਸਿੰਘ

## ਗੁਰੂ ਗੋਬਿੰਦ ਸਿੰਘ ਜੀ : ਖਾਲਸਾ ਸਾਜਣ ਤੋਂ ਪਿਛੋਂ ਦੀਆਂ ਲੜਾਈਆਂ, ਵਿਅਕਤਿਤਵ ਅਤੇ ਪ੍ਰਾਪਤੀਆਂ

### ਪਾਠ ਦੀ ਬਣਤਰ

1. ਆਨੰਦਪੁਰ ਦੀ ਪਹਿਲੀ ਤੇ ਦੂਸਰੀ ਲੜਾਈ
2. ਚਮਕੌਰ ਦੀ ਲੜਾਈ
3. ਮੁਕਤਸਰ ਜਾਂ ਖਿਦਰਾਣਾ ਦੀ ਲੜਾਈ
4. ਗੁਰੂ ਜੀ ਅਤੇ ਬਹਾਦਰ ਸ਼ਾਹ
5. ਅਕਾਲ ਚਲਾਣਾ
6. ਵਿਅਕਤੀਗਤ ਪ੍ਰਾਪਤੀਆਂ
7. ਕੌਮੀ ਉਸਰੱਈਏ ਦੇ ਰੂਪ ਵਿਚ ਮਹਾਨਤਾ

### ਉਦੇਸ਼

1) ਆਨੰਦਪੁਰ ਸਾਹਿਬ ਬਾਰੇ ਅਤੇ ਇਸ ਵਾਸਤੇ ਹੋਏ ਸੰਘਰਸ਼ (1701–05)
2) ਗੁਰੂ ਗੋਬਿੰਦ ਸਿੰਘ ਅਤੇ ਸ਼ਿਵਾਲਿਕ ਪਹਾੜੀ ਰਾਜਿਆਂ ਦੇ ਸਬੰਧਾਂ ਦਾ ਵਰਨਣ ਕੀਤਾ ਗਿਆ ਹੈ।
3) ਚਮਕੌਰ ਦੀ ਲੜਾਈ (1705 ਈ:) ਅਤੇ ਮੁਕਤਸਰ ਦੀ ਲੜਾਈ ਤੋਂ ਬਾਅਦ ਗੁਰੂ ਜੀ ਦਾ ਦਮਦਮੇ ਠਹਿਰਨਾ ਤੇ ਫਿਰ ਮੁਗ਼ਲ ਸਮਰਾਟ ਬਹਾਦਰ ਸ਼ਾਹ ਨਾਲ ਮੁਲਾਕਾਤ ਦਾ ਜ਼ਿਕਰ ਹੋਵੇਗਾ।
4) 7 ਅਕਤੂਬਰ, 1708 ਈ: ਨੂੰ ਗੁਰੂ ਜੀ ਦਾ ਅਕਾਲ ਚਲਾਣਾ ਦਸ ਕੇ ਉਨ੍ਹਾਂ ਦੀ ਮਨੁੱਖ ਦੇ ਰੂਪ ਵਿਚ, ਵਿਦਵਾਨ ਵਜੋਂ ਅਤੇ ਨੀਤੀਵਾਨ ਦੇ ਤੌਰ ਤੇ ਵਿਆਖਿਆ ਕੀਤੀ ਜਾਵੇਗੀ।

### ਖਾਲਸਾ ਸਾਜਣ ਤੋਂ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ, ਵਿਅਕਤਿਤਵ ਅਤੇ ਪ੍ਰਾਪਤੀਆਂ

ਖਾਲਸਾ ਪੰਥ ਦੀ ਸਾਜਣਾ ਤੋਂ ਬਾਅਦ ਪਹਾੜੀ ਰਾਜਿਆਂ ਦੀ ਈਰਖਾ ਵਿਚ ਹੋਰ ਵਾਧਾ ਹੋ ਗਿਆ। ਇਸ ਦੇ ਕਈ ਕਾਰਨ ਸਨ। ਹਿਲਾਂ ਪਹਾੜੀ ਰਾਜਿਆਂ ਨੂੰ ਇਹ ਡਰ ਸਤਾਉਣ ਲੱਗ ਗਿਆ ਸੀ ਕਿ ਕਿਤੇ ਗੁਰੂ ਸਾਹਿਬ ਆਪਣੀ ਸੈਨਿਕ ਸ਼ਕਤੀ ਨੂੰ ਉਨ੍ਹਾਂ ਦੇ ਵਿਰੁੱਧ ਵਰਤੌਂ ਕਰਕੇ ਉਨ੍ਹਾਂ ਦੇ ਰਾਜਾਂ ਨੂੰ ਆਪਣੇ ਅਧੀਨ ਨਾ ਕਰ ਲੈਣ। ਇਸ ਲਈ ਉਨ੍ਹਾਂ ਨੇ ਗੁਰੂ ਸਾਹਿਬ ਦੀ ਵਧਦੀ ਹੋਈ ਸ਼ਕਤੀ ਨੂੰ ਕੁਚਲ ਦੇਣ ਅਤੇ ਉਨ੍ਹਾਂ ਨੂੰ ਆਪਣੇ ਪਹਾੜੀ ਇਲਾਕਿਆਂ ਵਿਚੋਂ ਕੱਢ ਦੇਣ ਦਾ ਇਰਾਦਾ ਬਣਾਇਆ। ਦੂਜਾ ਗੁਰੂ ਜੀ ਦੀ ਸਿੱਖਿਆ ਜਿਸ ਵਿਚ ਮੂਰਤੀ ਪੂਜਾ, ਜਾਤ-ਪਾਤ, ਵਿਅਰਥ ਰਸਮਾਂ ਅਤੇ ਰਿਵਾਜ਼ਾਂ ਦੀ ਕੋਈ ਥਾਂ ਨਹੀਂ ਸੀ, ਪਹਾੜੀ ਰਾਜਿਆਂ ਦੇ ਪੁਰਾਤਨ ਵਿਸ਼ਵਾਸ ਦੇ ਉਕਾ ਵਿਰੁੱਧ ਸੀ। ਤੀਜਾ, ਖਾਲਸੇ ਦੀ ਸਾਜਣਾ ਕਰਨ ਮਗਰੋਂ ਗੁਰੂ ਜੀ ਨੇ ਆਪਣੇ ਅਨੁਯਾਈਆਂ ਨੂੰ ਦੂਰ ਦੂਰ ਭੇਜਣਾ ਸ਼ੁਰੂ ਕਰ ਦਿੱਤਾ ਤਾਂ ਜੋ ਉਹ ਸਿੱਖਾਂ ਨੂੰ ਅੰਮ੍ਰਿਤ ਛਕਾਉਣ ਅਤੇ ਨਵਾਂ ਸੰਦੇਸ਼ ਦੇਣ, ਸਿੱਟੇ ਵਜੋਂ ਸਿੱਖ ਵਹੀਰਾਂ ਘੱਤਕੇ ਗੁਰੂ ਜੀ ਦੇ ਦਰਸ਼ਨਾਂ ਲਈ ਆਨੰਦਪੁਰ ਆਉਣ ਲੱਗ ਪਏ। ਗੁਰੂ ਸਾਹਿਬ ਦਾ ਵਧਦਾ ਹੋਇਆ ਸਤਿਕਾਰ ਤੇ ਸਿੱਖਾਂ ਦੇ ਜੋਸ਼ ਨੂੰ ਵੇਖ ਕੇ ਪਹਾੜੀ ਰਾਜੇ, ਪੰਥ ਨੂੰ ਆਪਣੇ ਰਾਜ ਲਈ ਖਤਰਾ, ਭਾਵ ਵਿਰੋਧੀ ਸਮਝਣ ਲੱਗ ਪਏ ਸਨ।

### ਆਨੰਦਪੁਰ ਦੀ ਪਹਿਲੀ ਲੜਾਈ (1701 ਈ:)

ਗੁਰੂ ਸਾਹਿਬ ਦੀ ਵਧਦੀ ਹੋਈ ਤਾਕਤ ਨੂੰ ਵੇਖ ਕੇ ਬਿਲਾਸਪੁਰ ਦਾ ਰਾਜਾ ਭੀਮ ਚੰਦ, ਜਿਸ ਦੀ ਰਿਆਸਤ ਵਿਚ ਆਨੰਦਪੁਰ ਦਾ ਸ਼ਹਿਰ ਸੀ, ਬਹੁਤ ਚਿੰਤਾਤੁਰ ਸੀ। ਉਹ ਹਰ ਹਾਲਤ ਵਿਚ ਗੁਰੂ ਜੀ ਨੂੰ ਆਨੰਦਪੁਰ ਤੋਂ ਕੱਢਣਾ ਚਾਹੁੰਦਾ ਸੀ। ਉਨ੍ਹਾਂ ਨੇ ਗੁਰੂ ਜੀ ਨੂੰ ਇਕ ਪੱਤਰ ਰਾਹੀਂ ਸੂਚਿਤ ਕੀਤਾ ਕਿ ਜਾਂ ਤਾਂ ਉਹ ਇਸ ਧਰਤੀ ਨੂੰ ਛੱਡ ਦੇਣ ਜਿਹੜੀ ਕਿ ਉਨ੍ਹਾਂ ਦੇ ਪਿਤਾ (ਗੁਰੂ ਤੇਗ ਬਹਾਦਰ ਜੀ) ਨੇ ਕਬਜ਼ੇ ਵਿਚ ਕਰ ਲਈ ਸੀ ਜਾਂ ਫਿਰ ਉਹ ਇਸ ਧਰਤੀ ਦਾ ਪਿਛਲਾ ਸਾਰਾ ਮਾਲੀਆ ਦੇਣ। ਗੁਰੂ ਜੀ ਨੇ ਇਸ ਮੰਗ ਨੂੰ ਅਨੁਚਿਤ ਸਮਝਦਿਆਂ ਹੋਇਆਂ ਇਸ ਨੂੰ ਅਸਵੀਕਾਰ ਕਰ ਦਿੱਤਾ। ਇਸ ਉਤੇ ਭੀਮ ਚੰਦ ਨੇ ਦੂਸਰੇ ਪਹਾੜੀ ਰਾਜਿਆਂ ਨਾਲ ਮਿਲ ਕੇ 1701 ਈ: ਵਿਚ ਆਨੰਦਪੁਰ ਉਤੇ ਚੜ੍ਹਾਈ ਕਰ ਦਿੱਤੀ। ਗੁਰੂ ਜੀ ਨੇ ਬੜੀ ਵੀਰਤਾ ਨਾਲ ਹਮਲਾਵਰਾਂ ਦਾ ਮੁਕਾਬਲਾ ਕੀਤਾ ਅਤੇ ਆਪਣੇ ਸੈਨਿਕਾਂ ਦੀ

ਥੋੜ੍ਹੀ ਜਿਹੀ ਗਿਣਤੀ ਹੁੰਦੇ ਹੋਏ ਵੀ ਦੁਸ਼ਮਣਾਂ ਨੂੰ ਹਰਾ ਦਿੱਤਾ। ਫਿਰ ਪਹਾੜੀ ਰਾਜਿਆਂ ਨੇ ਮੁਗ਼ਲ ਰਾਜ ਦੀ ਸਹਾਇਤਾ ਪ੍ਰਾਪਤ ਕਰਕੇ ਗੁਰੂ ਜੀ ਦੇ ਵਿਰੁੱਧ ਫਿਰ ਚੜ੍ਹਾਈ ਕੀਤੀ। ਪ੍ਰੰਤੂ ਇਸ ਵਾਰ ਵੀ ਉਨ੍ਹਾਂ ਨੂੰ ਸਫ਼ਲਤਾ ਪ੍ਰਾਪਤ ਨਾ ਹੋ ਸਕੀ ਅਤੇ ਨਿਰਾਸ਼ ਹੋ ਕੇ ਉਨ੍ਹਾਂ ਨੂੰ ਗੁਰੂ ਸਾਹਿਬ ਨਾਲ 1702 ਈ: ਵਿਚ ਸਮਝੌਤਾ ਕਰਨਾ ਪਿਆ। ਇਸ ਸਮਝੌਤੇ ਦੇ ਸਿੱਟੇ ਵਜੋਂ ਦੋਹਾਂ ਪੱਖਾਂ ਵਿਚ ਦੋ ਸਾਲਾਂ ਤੱਕ ਕੋਈ ਯੁੱਧ ਨਾ ਹੋਇਆ।

**ਆਨੰਦਪੁਰ ਦੀ ਦੂਜੀ ਲੜਾਈ (1704 ਈ:)**

ਪਹਾੜੀ ਰਾਜਿਆਂ ਨੇ ਆਪਣੇ ਆਪ ਨੂੰ ਕਮਜ਼ੋਰ ਸਮਝਦਿਆਂ ਹੋਇਆਂ ਇਕ ਤਾਕਤਵਰ ਸੰਘ ਕਾਇਮ ਕਰਨ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਇਸ ਸੰਘ ਵਿਚ ਬਿਲਾਸਪੁਰ ਦਾ ਰਾਜਾ ਭੀਮ ਚੰਦ, ਕਾਂਗੜੇ ਦਾ ਘੁਮੰਡ ਚੰਦ ਤੇ ਕੁੱਲੂ, ਮੰਡੀ, ਨੂਰਪੁਰ, ਚੰਬਾ, ਗੁਲੇਰ ਤੇ ਸ੍ਰੀਨਗਰ ਦੇ ਰਾਜੇ ਸ਼ਾਮਿਲ ਹੋ ਗਏ। ਉਨ੍ਹਾਂ ਨੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਅੱਗੇ ਸ਼ਾਹੀ ਸਹਾਇਤਾ ਲਈ ਬੇਨਤੀ ਕੀਤੀ। ਉਨ੍ਹਾਂ ਦੀ ਬੇਨਤੀ ਝੱਟ ਹੀ ਮੰਨ ਲਈ ਗਈ। ਔਰੰਗਜ਼ੇਬ ਨੇ ਜੋ ਕਿ ਉਸ ਸਮੇਂ ਦੱਖਣੀ ਭਾਰਤ ਵਿਚ ਸੀ, ਸਰਹਿੰਦ ਦੇ ਗਵਰਨਰ ਵਜ਼ੀਰ ਖਾਂ ਅਤੇ ਲਾਹੌਰ ਦੇ ਗਵਰਨਰ ਜ਼ਬਰਦਸਤ ਖਾਂ ਨੂੰ ਗੁਰੂ ਜੀ ਵਿਰੁੱਧ ਸਖਤ ਕਾਰਵਾਈ ਕਰਨ ਦਾ ਹੁਕਮ ਦਿੱਤਾ। ਰੰਗੜ ਅਤੇ ਗੁੱਜਰ ਵੀ ਗੁਰੂ ਜੀ ਦੇ ਵਿਰੁੱਧ ਸ਼ਾਮਲ ਹੋਏ। ਸਾਰਿਆਂ ਨੇ ਆਨੰਦਪੁਰ ਦੇ ਦੁਆਲੇ ਘੇਰਾ ਪਾ ਲਿਆ। ਗੁਰੂ ਸਾਹਿਬ ਨੇ ਬਹਾਦਰ ਸਿੱਖਾਂ ਦੀ ਸਹਾਇਤਾ ਨਾਲ ਦੁਸ਼ਮਣਾਂ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਉਨ੍ਹਾਂ ਨੂੰ ਬਹੁਤ ਸਾਰਾ ਨੁਕਸਾਨ ਪਹੁੰਚਾਇਆ। ਦੁਸ਼ਮਣਾਂ ਨੇ ਕਿਲ੍ਹੇ ਦੇ ਬਾਹਰ ਨਿਕਲਣ ਤੇ ਅੰਦਰ ਆਉਣ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਕੁਝ ਦਿਨਾ ਮਗਰੋਂ ਸਿੱਖਾਂ ਨੂੰ ਰਸਦ ਮਿਲਣੀ ਬੰਦ ਹੋ ਗਈ। ਇਕੱਠੀ ਕੀਤੀ ਹੋਈ ਰਸਦ ਕਾਫੀ ਨਹੀਂ ਸੀ। ਸਿੱਖ ਇਸ ਥੁੜ੍ਹ ਨੂੰ ਪੂਰਾ ਕਰਨ ਵਾਸਤੇ ਰਾਤ ਨੂੰ ਜੱਥੇ ਬਣਾ ਕੇ ਨਿਕਲਦੇ ਅਤੇ ਦੁਸ਼ਮਣ ਦੇ ਰਸਦ ਅਸਥਾਨਾਂ ਤੇ ਹੱਲਾ ਬੋਲ ਦਿੰਦੇ। ਇਸ ਤਰ੍ਹਾਂ ਜੋ ਥੋੜ੍ਹੀ ਬਹੁਤ ਰਸਦ ਹੱਥ ਆਉਂਦੀ ਲੈ ਜਾਂਦੇ। ਪਰੰਤੂ ਅਜਿਹਾ ਕਰਨ ਨਾਲ ਵੀ ਲੋੜ ਪੂਰੀ ਨਾ ਹੋਈ। ਜਮ੍ਹਾਂ ਕੀਤੀ ਰਸਦ ਵੀ ਵੰਡੀ ਗਈ। ਸਿੱਖਾਂ ਨੂੰ ਬਹੁਤ ਸਾਰੇ ਦੁੱਖ ਸਹਿਣੇ ਪਏ। ਉਹ ਭੁੱਖ ਤੇ ਪਿਆਸ ਨਾਲ ਮਰਨ ਲੱਗੇ। ਇਨ੍ਹਾਂ ਹਾਲਤਾਂ ਵਿਚ ਉਨ੍ਹਾਂ ਲਈ ਦੁਸ਼ਮਣਾਂ ਦਾ ਦੇਰ ਤੱਕ ਮੁਕਾਬਲਾ ਕਰਨਾ ਅਸੰਭਵ ਸੀ। ਕਈ ਸਿੱਖ ਗੁਰੂ ਜੀ ਨੂੰ ਛੱਡ ਕੇ ਚਲੇ ਗਏ। ਗੁਰੂ ਜੀ ਨੇ ਕੁਝ ਦੇਰ ਬਾਅਦ ਕਿਲ੍ਹੇ ਨੂੰ ਛੱਡ ਜਾਣਾ ਹੀ ਠੀਕ ਸਮਝਿਆ। ਇਸ ਤਰ੍ਹਾਂ ਆਨੰਦਪੁਰ ਉਤੇ ਦੁਸ਼ਮਣਾਂ ਦਾ ਕਬਜ਼ਾ ਹੋ ਗਿਆ।

ਮੁਗ਼ਲ ਸੈਨਾ ਨੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ ਦਾ ਪਿੱਛਾ ਕਰਨਾ ਜਾਰੀ ਰੱਖਿਆ। ਜਦੋਂ ਗੁਰੂ ਸਾਹਿਬ ਸਰਸਾ ਨਦੀ ਨੂੰ ਪਾਰ ਕਰਨ ਲੱਗੇ ਤੇ ਭੱਜ ਦੌੜ ਮਚ ਜਾਣ ਕਾਰਨ ਉਨ੍ਹਾਂ ਦੇ ਮਾਤਾ ਜੀ ਤੇ ਦੋ ਸਪੁੱਤਰ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਉਨ੍ਹਾਂ ਤੋਂ ਅਲੱਗ ਹੋ ਗਏ। ਗੁਰੂ ਜੀ ਦੇ ਇਕ ਬੁੱਢੇ ਨੌਕਰ ਗੰਗੂ ਨੇ ਇਨ੍ਹਾਂ ਦੋਹਾਂ ਬੱਚਿਆਂ ਨੂੰ ਧੋਖੇ ਨਾਲ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ। ਵਜ਼ੀਰ ਖਾਂ ਨੇ ਇਨ੍ਹਾਂ ਬੱਚਿਆਂ ਨੂੰ ਜੋ ਕੇਵਲ ਨੌਂ ਅਤੇ ਸੱਤ ਵਰ੍ਹੇ ਦੀ ਆਯੂ ਦੇ ਸਨ, ਇਸਲਾਮ ਧਰਮ ਸਵੀਕਾਰ ਕਰਨ ਵਾਸਤੇ ਕਿਹਾ ਅਤੇ ਉਨ੍ਹਾਂ ਦੇ ਨਾਂਹ ਕਰ ਦੇਣ ਤੇ ਉਨ੍ਹਾਂ ਨੂੰ ਬੜੀ ਬੇਰਹਿਮੀ ਨਾਲ ਜਿਉਂਦਿਆਂ ਕੰਧ ਵਿਚ ਚਿਣਵਾ ਦਿੱਤਾ। ਗੁਰੂ ਜੀ ਦੀ ਮਾਤਾ ਨੇ ਆਪਣੇ ਪੋਤਿਆਂ ਦੇ ਸੋਗ ਵਿਚ ਹੀ ਪ੍ਰਾਣ ਤਿਆਗ ਦਿੱਤੇ।

**ਚਮਕੌਰ ਦੀ ਲੜਾਈ (1705 ਈ:)**

22 ਦਸੰਬਰ, 1704 ਈ: ਗੁਰੂ ਜੀ ਸਰਸਾ ਪਾਰ ਕਰਕੇ ਰੋਪੜ ਪਹੁੰਚੇ ਅਤੇ ਉਥੋਂ ਚਮਕੌਰ ਵੱਲ ਵਧੇ। ਚਮਕੌਰ ਵਿਚ ਇਕ ਛੋਟੀ ਜਿਹੀ ਗੜ੍ਹੀ ਸੀ ਜਿਸ ਦੀ ਸ਼ਕਲ ਇਕ ਕਿਲ੍ਹੇ ਵਰਗੀ ਸੀ। ਇਸ ਵਿਚ ਗੁਰੂ ਜੀ ਆ ਕੇ ਠਹਿਰੇ। ਥੋੜ੍ਹੇ ਹੀ ਚਿਰ ਮਗਰੋਂ ਵੈਰੀਆਂ ਦੀ ਸੈਨਾ ਨੇ ਚਮਕੌਰ ਨੂੰ ਘੇਰਾ ਪਾ ਲਿਆ। ਗੁਰੂ ਸਾਹਿਬ ਦੇ ਨਾਲ ਕੇਵਲ 40 ਸਿੱਖ ਸਨ, ਪਰੰਤੂ ਫਿਰ ਵੀ ਉਨ੍ਹਾਂ ਨੇ ਅਦਭੁਤ ਵੀਰਤਾ ਅਤੇ ਸਾਹਸ ਨਾਲ ਮੁਗ਼ਲਾਂ ਦਾ ਮੁਕਾਬਲਾ ਕੀਤਾ ਅਤੇ ਕੁਝ ਸਮੇਂ ਤੱਕ ਹਜ਼ਾਰਾਂ ਦੀ ਗਿਣਤੀ ਵਿਚ ਦੁਸ਼ਮਣਾਂ ਨੂੰ ਰੋਕੀ ਰੱਖਿਆ। ਆਖਿਆ ਜਾਂਦਾ ਹੈ ਕਿ ਸਾਰੀਆਂ ਜੰਗਾਂ ਨਾਲੋਂ ਗੁਰੂ ਜੀ ਨੇ ਜ਼ਿਆਦਾ ਤੀਰ ਇਥੇ ਹੀ ਚਲਾਏ। ਇਸ ਲੜਾਈ ਵਿਚ ਉਨ੍ਹਾਂ ਦੇ ਦੋਵੇਂ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਤੇ 35 ਦੂਸਰੇ ਸਿੱਖ ਸ਼ਹੀਦ ਹੋਏ। ਜਦ ਕੱਚੀ ਗੜ੍ਹੀ ਵਿਚ ਕੇਵਲ ਪੰਜ ਸੰਘ ਅਤੇ ਗੁਰੂ ਸਾਹਿਬ ਰਹਿ ਗਏ ਤਾਂ ਸਿੱਖਾਂ ਨੇ ਗੁਰੂ ਸਾਹਿਬ ਨੂੰ ਕਿਲ੍ਹੇ ਤੋਂ ਨਿਕਲ ਜਾਣ ਲਈ ਬੇਨਤੀ ਕੀਤੀ ਅਤੇ ਗੁਰੂ ਸਾਹਿਬ ਬਹੁਤ ਤਕੜਾ ਘੇਰਾ ਹੁੰਦੇ ਹੋਏ ਵੀ ਕਿਲ੍ਹੇ ਤੋਂ ਬਾਹਰ ਨਿਕਲ ਜਾਣ ਵਿਚ ਸਫਲ ਹੋ ਗਏ। ਡਾ. ਬੈਨਰਜੀ ਦੇ ਕਥਨ ਅਨੁਸਾਰ, "ਵੀਰਤਾ ਅਤੇ ਸਾਹਸ ਦੇ ਪੱਖ ਤੇ ਚਮਕੌਰ ਦਾ ਯੁੱਧ ਆਪਣੀ ਮਸਾਲ ਆਪ ਹੀ ਹੈ।"

ਚਮਕੌਰ ਦੇ ਘੇਰੇ ਵਿਚੋਂ ਨਿਕਲ ਕੇ ਗੁਰੂ ਜੀ ਮਾਛੀਵਾੜੇ ਦੇ ਜੰਗਲਾਂ ਵਿਚ ਚਲੇ ਗਏ। ਉਨ੍ਹਾਂ ਦੇ ਸੇਵਕ ਤੇ ਸਿੱਖ ਬਿਖਰ ਚੁੱਕੇ ਸਨ। ਉਨ੍ਹਾਂ ਦਾ ਜਾਮਾ ਫੱਟ ਗਿਆ ਸੀ ਤੇ ਪੈਰਾਂ ਵਿਚ ਛਾਲੇ ਪੈ ਗਏ ਸਨ। ਕਈ ਮੁਸੀਬਤਾਂ ਤੋਂ ਬਾਅਦ ਆਖਿਰ ਗੁਰੂ ਜੀ ਮਾਛੀਵਾੜੇ ਦੇ ਕਸਬੇ ਵਿਚ ਪੁੱਜੇ। ਇਥੇ ਉਹ ਗੁਲਾਬਾ ਅਤੇ ਪੰਜਾਬਾ ਨਾਮੀ ਦੋ ਮਸੰਦਾਂ ਕੋਲ ਠਹਿਰੇ। ਉਹਨਾਂ ਨੇ ਗੁਰੂ ਸਾਹਿਬ ਦੀ ਬੜੀ ਸੇਵਾ ਕੀਤੀ, ਪਰ ਛੇਤੀ ਹੀ ਉਹ ਹਕੂਮਤ ਦੇ ਡਰ ਤੋਂ ਇਤਨਾ ਘਬਰਾ ਗਏ ਕਿ ਉਹਨਾਂ ਗੁਰੂ ਸਾਹਿਬ ਨੂੰ ਆਪਣੇ ਕੋਲ ਰੱਖਣ ਤੋਂ ਇਨਕਾਰ ਕਰ ਦਿੱਤਾ। ਇਸ ਸੰਕਟ ਦੇ ਸਮੇਂ ਦੋ ਪਠਾਣ ਗੁਰੂ ਸਾਹਿਬ ਦੀ ਸਹਾਇਤਾ ਲਈ ਆ ਗਏ। ਇਨ੍ਹਾਂ ਦੇ ਨਾਂ ਗਨੀ ਖਾਂ ਅਤੇ ਨਬੀ ਖਾਂ ਸਨ। ਇਨ੍ਹਾਂ ਨੇ ਗੁਰੂ ਸਾਹਿਬ ਦੀ ਮਦਦ ਕੀਤੀ ਅਤੇ ਗ੍ਰਿਫਤਾਰੀ ਤੋਂ ਬਚਾ ਲਿਆ। ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਮੁਗ਼ਲ ਗੁਪਤਚਰ ਪਿਛੇ ਲੱਗੇ ਹੋਏ ਹਨ ਉਹਨਾਂ ਗੁਰੂ ਸਾਹਿਬ ਨੂੰ ਪਾਲਕੀ ਵਿਚ ਬਿਠਾ ਕੇ ਮੋਢਿਆਂ ਤੇ ਚੁੱਕ ਲਿਆ। ਪੁੱਛ-ਗਿੱਛ ਕਰਨ ਵਾਲੇ ਸਿਪਾਹੀਆਂ ਜਾਂ ਸੂਹੀਆਂ ਨੂੰ ਦੱਸਿਆ ਕਿ ਉਹ ਉਚ ਦੇ ਪੀਰ ਹਨ, ਭਾਵ ਮੁਲਤਾਨ ਦੇ ਲਾਗੇ ਉੱਚ ਨਾਮੀ ਪਿੰਡ ਦੇ ਪੀਰ ਸਨ।

ਕਈ ਮੁਸ਼ਕਲਾਂ ਤੋਂ ਬਾਅਦ ਗੁਰੂ ਜੀ ਦੀਨੇ ਪਿੰਡ ਪੁੱਜੇ। ਉਥੇ ਆਪ ਜੀ ਦਾ ਟਿਕਾਣਾ ਭਾਈ ਸਰਸੇ ਤਰਖਾਣ ਦੇ ਚੁਬਾਰੇ ਵਿਚ ਲਗਾਇਆ ਗਿਆ। ਦੀਨਾ ਪਿੰਡ ਵਿਚ ਤਿੰਨ ਭਰਾਵਾਂ ਸਮੀਰਾ, ਲਖਮੀਰਾ ਅਤੇ ਤਖਤ ਮੱਲ ਨੇ ਗੁਰੂ ਜੀ ਦੀ ਚੰਗੀ ਆਉ ਭਗਤ ਕੀਤੀ। ਗੁਰੂ ਜੀ ਨੇ ਉਥੋਂ ਹੀ ਵੱਖ ਵੱਖ ਥਾਂ ਸਿੱਖਾਂ ਨੂੰ ਹੁਕਮਨਾਮੇ ਲਿਖੇ। ਗੁਰੂ ਜੀ ਦਾ ਇਹ ਵਿਚਾਰ ਸੀ ਕਿ ਔਰੰਗਜ਼ੇਬ ਨੂੰ ਸਭ ਗੱਲਾਂ ਤੋਂ ਜਾਣੂ ਕਰਵਾਇਆ ਜਾਵੇ ਤੇ ਇਸ ਲਈ ਹੀ ਗੁਰੂ ਜੀ ਨੇ ਇਥੇ ਸੰਸਾਰ ਪ੍ਰਸਿੱਧ ਜ਼ਫ਼ਰਨਾਮਾ ਲਿਖਿਆ। 'ਜ਼ਫ਼ਰਨਾਮਾ' ਔਰੰਗਜ਼ੇਬ ਨੂੰ ਸੰਬੋਧਨ ਕੀਤਾ ਗਿਆ ਤੇ ਇਸ ਚਿੱਠੀ ਵਿਚ ਗੁਰੂ ਜੀ ਨੇ ਕੁਝ ਨਿਸ਼ਚਿਤ ਤੱਥ ਤੇ ਮੁਗ਼ਲ ਫੌਜਾਂ ਨਾਲ ਲੜਾਈ ਦੇ ਕਾਰਨ ਅਤੇ ਸਿੱਖ ਸਿਧਾਂਤਾਂ ਬਾਰੇ ਲਿਖਿਆ ਅਤੇ ਇਹ ਵੀ ਲਿਖਿਆ ਕਿ ਕਿਵੇਂ ਮੁਗ਼ਲ ਅਫਸਰਾਂ ਨੇ ਕੀਤਾ ਇਕਰਾਰ ਕਈ ਵਾਰ ਤੋੜਿਆ। ਗੁਰੂ ਜੀ ਨੇ ਦੱਸਿਆ ਕਿ ਉਹਨਾਂ ਨੇ ਮਜ਼ਬੂਰ ਹੋ ਕੇ ਤਲਵਾਰ ਉਠਾਈ ਸੀ।

**ਖਿਦਰਾਣਾ (ਮੁਕਤਸਰ) ਦੀ ਲੜਾਈ :**

ਗੁਰੂ ਜੀ ਨੇ ਦੀਨਾ ਪਿੰਡ ਵਿਚ ਬਹੁਤ ਦੇਰ ਠਹਿਰਣਾ ਖਤਰੇ ਤੋਂ ਖਾਲੀ ਨਾ ਸਮਝਿਆ ਅਤੇ ਉਥੋਂ ਆਪ ਕੋਟਕਪੂਰਾ ਹੁੰਦੇ ਹੋਏ ਖਿਦਰਾਣੇ ਪਹੁੰਚ ਗਏ। ਇਸ ਸਮੇਂ ਗੁਰੂ ਜੀ ਦੀ ਉਹੋ ਜਿਹੀ ਹਾਲਤ ਨਹੀਂ ਸੀ ਜਿਹੋ ਜਿਹੀ ਚਮਕੌਰ ਦੇ ਸਮੇਂ ਵੇਲੇ ਸੀ। ਗੁਰੂ ਜੀ ਕੋਲ ਕਾਫ਼ੀ ਗਿਣਤੀ ਵਿਚ ਸਿੱਖ ਪੁੱਜ ਚੁੱਕੇ ਸਨ। ਇਸ ਲਈ ਗੁਰੂ ਜੀ ਆਪਣੀ ਰੱਖਿਆ ਕਰਨ ਯੋਗ ਸਨ। 1705 ਈ: ਵਿਚ ਮੁਗ਼ਲ ਫੌਜਾਂ ਅਤੇ ਸਿੱਖਾਂ ਦੇ ਵਿਚਕਾਰ ਘਮਸਾਨ ਦੀ ਲੜਾਈ ਹੋਈ। ਇਸ ਲੜਾਈ ਵਿਚ ਉਨ੍ਹਾਂ ਸਿੱਖਾਂ ਨੇ ਵੀ ਜਿਨ੍ਹਾਂ ਆਨੰਦਪੁਰ ਦੀ ਲੜਾਈ ਵੇਲੇ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਕੇ ਦਿੱਤਾ ਸੀ। ਉਹ ਸਾਰੇ ਦੇ ਸਾਰੇ ਸ਼ਹੀਦ ਹੋ ਗਏ। ਗੁਰੂ ਜੀ ਉਹਨਾਂ ਦੀ ਬਹਾਦਰੀ, ਸ਼ਰਧਾ ਅਤੇ ਪਿਆਰ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੀ ਪਿਛਲੀ ਭੁੱਲ ਬਖਸ਼ ਕੇ ਬੇਦਾਵੇ ਵਾਲੀ ਲਿਖਤ ਪਾੜ ਦਿੱਤੀ। ਗੁਰੂ ਜੀ ਨੇ ਉਹਨਾਂ ਨੂੰ 'ਮੁਕਤੀ ਦਾ ਵਰ' ਦਿੱਤਾ। ਉਨ੍ਹਾਂ ਦੀ ਯਾਦਗਾਰ ਵਜੋਂ ਖਿਦਰਾਣੇ ਦੀ ਢਾਬ ਦਾ ਨਾਉਂ ਮੁਕਤਸਰ ਪੈ ਗਿਆ।

**ਗੁਰੂ ਸਾਹਿਬ ਦਮਦਮੇ ਵਿਚ :**

ਇਸ ਜਿੱਤ ਦੇ ਬਾਵਜੂਦ ਵੀ ਗੁਰੂ ਜੀ ਨੇ ਇਥੇ ਰਹਿਣਾ ਸੁਰੱਖਿਅਤ ਨਾ ਸਮਝਿਆ ਅਤੇ ਉਹ ਹੋਰ ਅੱਗੇ ਵਧੇ। ਅੰਤ ਉਨ੍ਹਾਂ ਨੇ ਤਲਵੰਡੀ ਸਾਬੋ ਜਾ ਡੇਰਾ ਲਾਇਆ। ਉਸ ਵੇਲੇ ਤੋਂ ਇਸ ਦਾ ਨਾਂ ਦਮਦਮਾ ਸਾਹਿਬ ਪੈ ਗਿਆ। ਕਿਉਂ ਜੋ ਇਥੇ ਗੁਰੂ ਸਾਹਿਬ ਨੇ ਆਰਾਮ ਕੀਤਾ ਸੀ। ਇਥੇ ਗੁਰੂ ਸਾਹਿਬ ਦਾ ਮਿੱਤਰ ਭਾਈ ਡੱਲਾ (Dalla) ਰਹਿੰਦਾ ਸੀ ਜਿਸ ਦਾ ਇਲਾਕੇ ਵਿਚ ਰਸੂਖ ਸੀ ਅਤੇ ਜੋ ਗੁਰੂ ਜੀ ਦਾ ਪੱਕਾ ਸ਼ਰਧਾਲੂ ਸੀ। ਗੁਰੂ ਸਾਹਿਬ ਇਸ ਅਸਥਾਨ ਤੇ ਤਕਰੀਬਨ ਇਕ ਸਾਲ ਰਹੇ। ਇਸ ਸਮੇਂ ਵਿਚ ਉਹਨਾਂ ਨੇ ਸਾਰੇ ਮਾਲਵੇ ਵਿਚ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ। ਬਹੁਤ ਸਾਰੇ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਗਿਆ ਤੇ ਟਰੰਪ ਦੇ ਕਥਨ ਅਨੁਸਾਰ ਗੁਰੂ ਸਾਹਿਬ ਨੇ 12,000 ਨਵੇਂ ਅਨੁਯਾਈ ਬਣਾਏ। ਇਸ ਤੋਂ ਉਪਰੰਤ ਗੁਰੂ ਸਾਹਿਬ ਨੇ ਵਿਦਵਾਨ ਅਤੇ ਸਾਹਿਤ ਰਸੀਏ ਸਿੱਖਾਂ ਨੂੰ ਇਥੇ ਸੱਦ ਲਿਆ ਅਤੇ ਆਪਣੀਆਂ ਸਾਹਿਤਕ ਰਚਨਾਵਾਂ ਨੂੰ ਅੰਤਮ ਰੂਪ ਦਿੱਤਾ। ਇਥੋਂ ਹੀ ਗੁਰੂ ਜੀ ਨੇ 'ਆਦਿ ਗਰੰਥ' ਸਾਹਿਬ ਮੁੜ ਕੇ ਮੂੰਹ ਜ਼ਬਾਨੀ ਲਿਖਵਾਇਆ ਅਤੇ ਮੁੜ ਸੰਕਲਨ ਕੀਤਾ ਗਿਆ। ਦਸਮ ਗਰੰਥ' ਦੇ ਬਹੁਤ ਸਾਰੇ ਭਾਗ ਵੀ ਏ ਥੇ ਹੀ ਪੂਰਨ ਕੀਤੇ ਗਏ। ਇਨ੍ਹਾਂ ਸਾਹਿਤਕ ਸਰਗਰਮੀਆਂ ਕਰਕੇ ਦਮਦਮਾ ਦਾ ਨਾਂ ਗੁਰੂ ਕੀ ਕਾਸ਼ੀ' ਪੈ ਗਿਆ, ਕਿਉਂਕਿ ਕਾਸ਼ੀ ਜਾਂ ਬਨਾਰਸ ਵਾਂਗੂ ਇਹ ਵੀ ਗਿਆਨ, ਵਿਦਿਆ ਤੇ ਸਾਹਿਤ ਦਾ ਘਰ ਬਣ ਗਿਆ ਸੀ।

ਦਮਦਮਾ ਸਾਹਿਬ ਵਿਖੇ ਹੀ ਔਰੰਗਜ਼ੇਬ ਦੀ ਚਿੱਠੀ ਗੁਰੂ ਜੀ ਨੂੰ ਮਿਲੀ ਜਿਸ ਵਿਚ ਉਸ ਨੇ ਪਛਤਾਵਾ ਕੀਤਾ ਸੀ ਤੇ ਸੱਚੇ ਦਿਲੋਂ ਗੁਰੂ ਜੀ ਨੂੰ ਬੇਨਤੀ ਕੀਤੀ ਸੀ ਕਿ ਉਹ ਉਸ ਨੂੰ ਦੱਖਣ ਆ ਕੇ ਮਿਲਣ। ਗੁਰੂ ਜੀ ਨੇ ਔਰੰਗਜ਼ੇਬ ਨੂੰ ਮਿਲਣ ਦਾ ਫੈਸਲਾ ਕਰ ਲਿਆ। ਜਦੋਂ ਗੁਰੂ ਸਾਹਿਬ ਰਾਜਪੂਤਾਨੇ ਵਿਚ ਬਘੌੜ ਦੇ ਨਜ਼ਦੀਕ ਪਹੁੰਚੇ ਤਾਂ ਉਨ੍ਹਾਂ ਨੂੰ ਖਬਰ ਮਿਲੀ ਕਿ ਔਰੰਗਜ਼ੇਬ ਦੀ ਫਰਵਰੀ 24, 1707 ਈ: ਨੂੰ ਮੌਤ ਹੋ ਗਈ ਹੈ ਤੇ ਗੁਰੂ ਸਾਹਿਬ ਨੇ ਆਪਣਾ ਪ੍ਰੋਗਰਾਮ ਬਦਲ ਲਿਆ ਤੇ ਉਹ ਉਥੋਂ ਹੀ ਵਾਪਸ ਆ ਗਏ।

**ਗੁਰੂ ਸਾਹਿਬ ਤੇ ਬਹਾਦਰ ਸ਼ਾਹ :**

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰਾਂ ਦੇ ਵਿਚਕਾਰ ਰਾਜ-ਗੱਦੀ ਲਈ ਜੰਗ ਛਿੜ ਗਈ। ਸਾਹਿਬਜਾਦਾ ਮੁਅੱਜ਼ਮ (ਬਹਾਦਰ ਸ਼ਾਹ) ਜੋ ਔਰੰਗਜ਼ੇਬ ਦਾ ਵੱਡਾ ਲੜਕਾ ਸੀ, ਨੇ ਆਪਣੇ ਭਾਈ ਆਜ਼ਮ ਦੇ ਵਿਰੁੱਧ ਗੁਰੂ ਜੀ ਤੋਂ ਮਦਦ ਮੰਗੀ। ਗੁਰੂ ਸਾਹਿਬ ਨੇ ਸ਼ਹਿਜ਼ਾਦੇ ਨੂੰ ਅਖਲਾਕੀ ਸਹਾਇਤਾ ਦਿੱਤੀ ਤੇ ਚਿੰਨ੍ਹ ਵਜੋਂ ਉਨ੍ਹਾਂ ਕੁਝ ਸਿੱਖਾਂ ਨੂੰ ਉਸ ਨਾਲ ਭੇਜਣਾ ਮੰਨ ਲਿਆ। ਆਗਰੇ ਦੇ ਨੇੜੇ ਜਾਜੂ ਦੇ ਅਸਥਾਨ ਉਤੇ 8 ਜੂਨ, 1707 ਈ: ਨੂੰ ਲੜਾਈ ਹੋਈ, ਜਿਸ ਵਿਚ ਮੁਹੰਮਦ ਆਜ਼ਮ ਨੂੰ ਹਾਰ ਹੋਈ ਤੇ ਬਹਾਦਰ ਸ਼ਾਹ ਬਾਦਸ਼ਾਹ ਬਣ ਗਿਆ। ਨਵੇਂ ਮੁਗ਼ਲ ਬਾਦਸ਼ਾਹ ਨੇ ਗੁਰੂ ਸਾਹਿਬ ਨਾਲ ਮਿੱਤਰਤਾ ਪੂਰਨ ਸਬੰਧ ਕਾਇਮ ਕਰ ਲਏ। ਬਾਦਸ਼ਾਹ ਨੇ ਗੁਰੂ ਜੀ ਨੂੰ ਆਗਰੇ ਸੱਦਿਆ ਜਿਥੇ ਉਨ੍ਹਾਂ ਨੂੰ ਸਨਮਾਨ ਵਜੋਂ ਇਕ ਬਹੁਮੁੱਲੀ ਪੁਸ਼ਾਕ ਅਤੇ 60 ਹਜ਼ਾਰ ਦੀ ਮਾਲੀਅਤ ਦੇ ਬਹੁਤ ਕੀਮਤੀ ਤੋਹਫੇ ਪੇਸ਼ ਕੀਤੇ। ਗੁਰੂ ਸਾਹਿਬ ਦੇ ਨਵੇਂ ਮੁਗ਼ਲ ਸਮਰਾਟ ਨਾਲ ਸਰਹੰਦ ਦੇ ਫੌਜਦਾਰ ਅਤੇ ਹੋਰ ਕਰਮਚਾਰੀਆਂ ਦੁਆਰਾ ਸਿੱਖਾਂ ਉਤੇ ਕੀਤੇ ਅਤਿਆਚਾਰਾਂ ਅਤੇ ਸਿੱਖਾਂ ਨੂੰ ਆਨੰਦਪੁਰ ਵਾਪਸ ਦਿਵਾਉਣ ਦੇ ਵਿਸ਼ੇ ਤੇ ਗੱਲ ਚਲਾਈ ਪਰ ਅਜੇ ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਬਹਾਦਰ ਸ਼ਾਹ ਨੂੰ ਰਾਜਪੂਤਾਨੇ ਵਿਚ ਇਕ ਬਗਾਵਤ ਦਬਾਉਣ ਲਈ ਜਾਣਾ ਪਿਆ। ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਨਾਲ ਲੈ ਜਾਣ ਦੀ ਜ਼ਿੱਦ ਕੀਤੀ ਅਤੇ ਗੁਰੂ ਜੀ ਆਪਣੇ ਉਦੇਸ਼ ਦੀ ਪੂਰਤੀ ਲਈ ਉਸ ਨਾਲ ਤੁਰਨ ਲਈ ਤਿਆਰ ਹੋ ਗਏ। ਰਾਜਪੂਤਾਨੇ ਦੀ ਬਗਾਵਤ ਅਜੇ ਖਤਮ ਹੋਈ ਸੀ ਕਿ ਦੱਖਣ ਤੋਂ ਖਬਰਾਂ ਪੁੱਜੀਆਂ ਕਿ ਕਾਮਬਖਸ਼ ਬਹਾਦਰ ਸ਼ਾਹ ਦੇ ਭਰਾ ਨੇ ਬਗਾਵਤ ਕਰ ਦਿੱਤੀ ਹੈ। ਉਸ ਦੀ ਬਗਾਵਤ ਦਬਾਉਣ ਲਈ ਬਹਾਦਰ ਸ਼ਾਹ ਨੇ ਦੱਖਣ ਵੱਲ ਰੁਖ ਕੀਤਾ। ਗੁਰੂ ਜੀ ਵੀ ਬਹਾਦਰ ਸ਼ਾਹ ਨਾਲ ਚਲ ਪਏ ਪਰੰਤੂ ਦੱਖਣ ਪਹੁੰਚ ਕੇ ਗੁਰੂ ਸਾਹਿਬ ਨੇ ਅਨੁਭਵ ਕੀਤਾ ਕਿ ਸਮਰਾਟ ਉਨ੍ਹਾਂ ਦੀਆਂ ਉਚਿਤ ਮੰਗਾਂ ਮੰਨਣ ਲਈ ਤਿਆਰ ਨਹੀਂ ਤਾਂ ਉਹ ਬਾਦਸ਼ਾਹ ਤੋਂ ਅਲੱਗ ਹੋ ਗਏ। ਸਤੰਬਰ 1707 ਈ: ਦੇ ਸ਼ੁਰੂ ਵਿਚ ਨੰਦੇੜ ਪਹੁੰਚ ਗਏ। ਇਥੇ ਵੈਰਾਗੀ ਸਾਧੂ ਮਾਧੋ ਦਾਸ (ਬੰਦਾ ਸਿੰਘ ਬਹਾਦਰ) ਨੂੰ ਮਿਲੇ ਜਿਸ ਨੂੰ ਉਨ੍ਹਾਂ ਨੇ ਅੰਮ੍ਰਿਤ ਛਕਾਇਆ ਤੇ ਪੰਜਾਬ ਦੇ ਸਿੱਖਾਂ ਦੇ ਸਿੱਖਾਂ ਦਾ ਲੀਡਰ ਥਾਪਿਆ। ਇਥੇ ਹੀ ਅਕਤੂਬਰ 1708 ਈ: ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ।

**ਗੁਰੂ ਸਾਹਿਬ ਦਾ ਅਕਾਲ ਚਲਾਣਾ :**

ਗੁਰੂ ਸਾਹਿਬ ਦੇ ਅਕਾਲ ਚਲਾਣਾ ਕਰਨ ਬਾਰੇ ਇਤਿਹਾਸਕਾਰਾਂ ਵਿਚ ਮਤਭੇਦ ਹਨ ਪਰ ਜ਼ਿਆਦਾ ਇਤਿਹਾਸਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਗੁਰੂ ਜੀ ਨੂੰ ਮਾਰਨ ਲਈ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਦੋ ਪਠਾਣਾਂ ਨੂੰ ਗੁਰੂ ਜੀ ਦਾ ਪਿੱਛਾ ਕਰਕੇ ਕਤਲ ਦੇ ਬਦਲੇ ਇਨਾਮ ਦੇਣ ਦਾ ਯਕੀਨ ਦੇ ਕੇ ਭੇਜਿਆ ਸੀ। ਵਜ਼ੀਰ ਖਾਂ ਨੂੰ ਇਹ ਡਰ ਹੋ ਗਿਆ ਸੀ ਕਿ ਕਿਤੇ ਗੁਰੂ ਸਾਹਿਬ ਜਿਨਾਂ ਦੇ ਬਹਾਦਰ ਸ਼ਾਹ ਨਾਲ ਚੰਗੇ ਸਬੰਧ ਸਨ, ਬਹਾਦਰ ਸ਼ਾਹ ਨੂੰ ਕਹਿ ਕੇ ਉਸ ਦੇ ਮੰਦੇ ਕਰਮਾਂ ਦੀ ਸਜ਼ਾ ਨਾ ਦਿਵਾਉਣ। ਉਨ੍ਹਾਂ ਵਿਚੋਂ ਇਕ ਪਠਾਣ ਨੇ ਮੌਕਾ ਲੱਭ ਕੇ ਨੰਦੇੜ ਸਾਹਿਬ ਵਿਖੇ ਗੁਰੂ ਸਾਹਿਬ ਦੇ ਪੇਟ ਵਿਚ ਛੁਰਾ ਮਾਰਿਆ। ਜ਼ਖਮ ਰਾਜੀ ਨਾ ਹੋ ਸਕਿਆ ਅਤੇ ਉਹ ਅਕਤੂਬਰ 7, 1708 ਈ: ਨੂੰ ਅਕਾਲ ਚਲਾਣਾ ਕਰ ਗਏ।

**ਗੁਰੂ ਗੋਬਿੰਦ ਸਿੰਘ ਜੀ ਦਾ ਵਿਅਕਤੀਗਤ ਅਤੇ ਪ੍ਰਾਪਤੀਆਂ**
**(Personality and Achievements)**

ਗੁਰੂ ਗੋਬਿੰਦ ਸਿੰਘ ਪੰਜਾਬ ਦੇ ਇਤਿਹਾਸ ਵਿਚ ਇਕ ਮਹਾਨ ਸ਼ਖਸੀਅਤ ਮੰਨੇ ਜਾਂਦੇ ਹਨ। ਉਨ੍ਹਾਂ ਦੇ ਬਹੁ-ਪੱਖੀ ਜੀਵਨ ਨੂੰ ਸਮਝਣਾ ਆਸਾਨ ਨਹੀਂ। ਉਹ ਇਕ ਮਹਾਨ ਮਨੁੱਖ, ਲਾਸਾਨੀ ਨੀਤੀਵੇਤਾ, ਬੇਮਿਸਾਲ ਜਰਨੈਲ ਅਤੇ ਧਰਮ ਹਿੱਤ ਬਲੀਦਾਨ ਦੀ ਜਿਉਂਦੀ ਜਾਗਦੀ ਮੂਰਤੀ ਸਨ। ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਸ਼ਖਸੀਅਤ ਦੇ ਵੱਖ ਵੱਖ ਪੱਖਾਂ ਦਾ ਵੇਰਵਾ ਇਸ ਪ੍ਰਕਾਰ ਹੈ :

**(ੳ) ਮਨੁੱਖ ਦੇ ਰੂਪ ਵਿਚ :**

ਸ਼ਕਲ-ਸੂਰਤ ਤੋਂ ਗੁਰੂ ਸਾਹਿਬ ਸੁੰਦਰ ਸਨ। ਉਨ੍ਹਾਂ ਦਾ ਕੱਦ ਲੰਮਾ, ਸਰੀਰ ਗੱਠਿਆ ਹੋਇਆ ਅਤੇ ਰੰਗ

ਗੋਰਾ ਸੀ। ਬਚਪਨ ਤੋਂ ਹੀ ਕਠਿਨਾਈਆਂ ਵਿਚ ਘਿਰ ਜਾਣ ਕਾਰਨ, ਉਨ੍ਹਾਂ ਵਿਚ ਅਸਾਧਾਰਣ ਸਾਹਸ, ਨਿਡਰਤਾ ਅਤੇ ਆਤਮ ਵਿਸ਼ਵਾਸ ਦੇ ਗੁਣ ਸਨ। ਉਨ੍ਹਾਂ ਦੇ ਜੀਵਨ ਵਿਚ ਮੁਸੀਬਤਾਂ ਆਉਂਦੀਆਂ ਰਹੀਆਂ, ਪਰੰਤੂ ਉਨ੍ਹਾਂ ਨੇ ਕਦੀ ਵੀ ਦਿਲ ਨਾ ਛੱਡਿਆ। ਉਨ੍ਹਾਂ ਦੀ ਨਿਡਰਤਾ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਮੁਗ਼ਲ ਸਮਰਾਟ ਔਰੰਗਜ਼ੇਬ ਨੂੰ ਜ਼ਫਰਨਾਮਾ' ਨਾਮੀ ਚਿੱਠੀ ਭੇਜੀ ਜਿਸ ਵਿਚ ਉਨ੍ਹਾਂ ਨੇ ਮੁਗ਼ਲ ਸਮਰਾਟ ਦੇ ਹਿੰਦੂ ਧਰਮ ਉਤੇ ਕੀਤੇ ਅਤਿਆਚਾਰਾਂ ਦੀ ਸਖਤ ਨਿੰਦਿਆ ਕੀਤੀ ਅਤੇ ਉਸ ਦੇ ਵਿਰੁੱਧ ਯੁੱਧ ਕਰਨੇ ਉਚਿਤ ਠਹਿਰਾਏ। ਉਨ੍ਹਾਂ ਨੇ ਸਾਰੀ ਉਮਰ ਕਿਸੇ ਕੰਮ ਵਿਚ ਠੱਗੀ, ਝੂਠ ਤੇ ਫਰੇਬ ਤੋਂ ਕੰਮ ਨਹੀਂ ਲਿਆ। ਅਮਨ ਜਾਂ ਜੰਗ, ਉਨ੍ਹਾਂ ਨੇ ਸਦਾ ਸੱਚ ਨੂੰ ਸਾਹਮਣੇ ਰੱਖਿਆ। ਇਸ ਆਦਰਸ਼ ਦੀ ਪੂਰਤੀ ਲਈ ਵੱਡੀ ਤੋਂ ਵੱਡੀ ਔਕੜ ਵੀ ਉਨ੍ਹਾਂ ਦੇ ਰਾਹ ਵਿਚ ਰੁਕਾਵਟ ਨਾ ਬਣ ਸਕੀ।

**(ਅ) ਵਿਦਵਾਨ ਦੇ ਰੂਪ ਵਿਚ ਉਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ :**

ਗੁਰੂ ਜੀ ਦਾ ਸਥਾਨ ਕਵੀ ਦੇ ਤੌਰ ਤੇ ਬਹੁਤ ਉੱਚੀ ਮਹਾਨਤਾ ਰੱਖਦਾ ਹੈ। 43 ਸਾਲ ਦੀ ਉਮਰ ਤੱਕ ਮਹਾਨ ਰਚਨਾਵਾਂ ਰਚਣੀਆਂ ਇਕ ਕਰਾਮਾਤ ਤੋਂ ਘੱਟ ਨਹੀਂ ਸਨ। ਗੁਰੂ ਜੀ ਦੀਆਂ ਕਈ ਰਚਨਾਵਾਂ ਆਨੰਦਪੁਰ ਛੱਡਣ ਉਪਰੰਤ ਸਰਸਾ ਨਦੀ ਵਿਚ ਰੁੜ੍ਹ ਗਈਆਂ ਦੱਸੀਆਂ ਜਾਂਦੀਆਂ ਹਨ। ਜੋ ਕੁਝ ਸਾਡੇ ਕੋਲ ਹੈ ਉਸ ਤੋਂ ਅੰਦਾਜ਼ਾ ਲਗਾਉਣਾ ਕਠਿਨ ਨਹੀਂ ਕਿ ਉਹ ਇਕ ਮਹਾਨ ਕਵੀ ਸਨ। 'ਅਕਾਲ ਉਸਤਤਿ' ਉਨ੍ਹਾਂ ਦੀ ਅਮਰ ਰਚਨਾ ਹੈ। ਇਹ ਪਹਿਲੇ ਤੇ ਆਖਰੀ ਗੁਰੂ ਹਨ ਜਿਨ੍ਹਾਂ ਆਪਣੀ ਆਤਮ-ਕਥਾ ਲਿਖੀ ਅਤੇ ਇਹ ਆਤਮ-ਕਥਾ ਕਵਿਤਾ ਵਿਚ ਲਿਖਣ ਦੀ ਪਹਿਲ ਵੀ ਉਨ੍ਹਾਂ ਕੀਤੀ।

''ਸ਼ਸਤਰ ਨਾਮ ਮਾਲਾ' ਵਿਚ ਸਿਰਫ ਹਥਿਆਰਾਂ ਦਾ ਵੇਰਵਾ ਹੀ ਨਹੀਂ ਸਗੋਂ ਕਾਵਿਕ ਸ਼ਬਦਾਂ ਵਿਚ ਉਨ੍ਹਾਂ ਦੀ ਅਦਭੁੱਤ ਸ਼ਕਤੀ ਦਾ ਬਿਆਨ ਇਸ ਤਰ੍ਹਾਂ ਕੀਤਾ ਹੈ ਕਿ ਵੀਰਤਾ ਹੁਲਾਰੇ ਖਾਂਦੀ ਹੈ।''ਵਾਰ ਸ੍ਰੀ ਭਗਉਤੀ ਜੀ' ਦੀ ਕਾਵਿ ਕਲਾ ਦੇ ਨੁਕਤੇ ਤੋਂ ਲਾਸਾਨੀ ਵਾਰ ਹੈ, ਸ਼ਬਦ ਦੀ ਚੋਣ ਤੇ ਵਰਤੋਂ ਕਮਾਲ ਦੀ ਹੈ। ਅਲੰਕਾਰ ਤੇ ਤਸ਼ਬੀਹਾਂ ਐਸੀਆਂ ਹਨ ਕਿ ਪੜ੍ਹਨ ਵਾਲਾ ਗਦ-ਗਦ ਹੋ ਉਠਦਾ ਹੈ। ਆਮ ਵਾਕਫੀ ਦੇ ਗਰੰਥਾਂ ਵਿਚ ''ਗਿਆਨ ਪ੍ਰਬੋਧ' ਪ੍ਰਸਿੱਧ ਰਚਨਾ ਹੈ।''ਚੰਡੀ ਚਰਿਤ੍ਰ' ਉਨ੍ਹਾਂ ਦੀ ਹੋਰ ਇਕ ਪ੍ਰਸਿੱਧ ਰਚਨਾ ਹੈ। ''ਕਬਿਤ ਤੇ ਸਵੱਈਏ' ਆਪਣੀ ਮਿਸਾਲ ਆਪ ਹਨ।''ਚਰਿਤ੍ਰ ਪਾਖਿਆਨਾ' ਖੁਲ੍ਹੀ ਬੋਲੀ ਵਿਚ ਲਿਖ ਕੇ ਗੁਰੂ ਜੀ ਨੇ ਮਨੁੱਖ ਨੂੰ ਦੁਰਾਚਾਰ ਤੋਂ ਬਚਣ ਦਾ ਫਲ ਦੱਸਿਆ ਹੈ।''ਜ਼ਫ਼ਰਨਾਮਾ' ਉਨ੍ਹਾਂ ਦੀ ਫਾਰਸੀ ਵਿਚ ਅਮਰ ਰਚਨਾ ਹੈ। ਗੁਰੂ ਜੀ ਦੀ ਕਵਿਤਾ ਵਿਚ ਸਾਰੇ ਗੁਣ, ਸਾਰੇ ਰਸ, ਸਾਰੇ ਪਦ ਅਤੇ ਨਵੇਂ ਤੋਂ ਨਵੇਂ ਅਲੰਕਾਰ ਮਿਲਦੇ ਹਨ। ਗੁਰੂ ਜੀ ਨੇ ਪ੍ਰਚਲਿਤ ਬਹੁਤ ਸਾਰੇ ਛੰਦ ਵਰਤੇ ਹਨ। ਅਲੰਕਾਰਾਂ ਦੀ ਭਰਮਾਰ ਤੇ ਫਿਰ ਸਾਦਗੀ ਰੱਖਣੀ ਉਨ੍ਹਾਂ ਦੀ ਕਵਿਤਾ ਦਾ ਖਾਸ ਗੁਣ ਹੈ।

ਗੁਰੂ ਜੀ ਕਈ ਬੋਲੀਆਂ ਦੇ ਜਾਣੂ ਹੀ ਨਹੀਂ ਸਨ ਬਲਕਿ ਉਹਨਾਂ ਦੇ ਮਾਹਿਰ ਵੀ ਸਨ। ਕਈ ਰਚਨਾਵਾਂ ਵਿਚ ਅਰਬੀ ਦਾ ਬਿਆਨ ਪੂਰਣਤਾ ਤੱਕ ਪੁੱਜਿਆ ਹੋਇਆ ਹੈ। ਫਾਰਸੀ ਤੇ ਸੰਸਕ੍ਰਿਤ ਉਹਨਾਂ ਦੇ ਮੂੰਹ-ਚੜ੍ਹੀ ਹੋਈ ਸੀ। ਸੰਸਕ੍ਰਿਤ ਅਤੇ ਫਾਰਸੀ ਨੂੰ ਉਹਨਾਂ ਨੇ ਦਿਲ ਨਾਲ ਆਪਣੀ ਕਵਿਤਾ ਵਿਚ ਵਰਤਿਆ। ਬਿਹਾਰੀ, ਬ੍ਰਿਜ-ਭਾਸ਼ਾ ਤੇ ਪੰਜਾਬੀ ਦੀ ਜਾਣਕਾਰੀ ਵਿਚ ਤਾਂ ਉਹ ਨਿਪੁੰਨ ਸਨ। ਦੁਰਗਾ ਦੀ ਦੈਤਾਂ ਨੂੰ ਮਾਰਨ ਵਾਲੀ ਇਕੋ ਹੀ ਕਹਾਣੀ ਨੂੰ ਵੱਖ ਵੱਖ ਤਿੰਨੋ ਬੋਲੀਆਂ ਵਿਚ ਇਸ ਕਾਮਯਾਬੀ ਨਾਲ ਲਿਖਤ ਤੇ ਨਿਭਾਣ ਦਾ ਕੰਮ ਕਈ ਕਈ ਬੋਲੀਆਂ ਦਾ ਮਾਹਿਰ ਹੀ ਕਰ ਸਕਦਾ ਹੈ। ਜਾਪੁ ਸਾਹਿਬ ਵਿਚ ਤਕਰੀਬਨ 735 ਉਪਨਾਮ ਪ੍ਰਮਾਤਮਾ ਦੇ ਬਾਰੇ ਵਰਤੇ ਹਨ।

**(ੲ) ਨੀਤੀਵੇਤਾ ਦੇ ਤੌਰ ਤੇ (As Statesman)**

ਗੁਰੂ ਜੀ ਨੇ ਆਪਣੇ ਸਮੇਂ ਦੇ ਰਾਜਨੀਤਿਕ ਧਾਰਮਿਕ ਸੰਕਟਾਂ ਦਾ ਇਕ ਉੱਚ ਨੀਤੀਵਾਨ ਵਾਂਗ ਅਨੁਭਵ ਕੀਤਾ। ਉਹ ਇਹ ਅਨੁਮਾਨ ਲਾਉਣ ਵਿਚ ਬਿਲਕੁਲ ਠੀਕ ਸਨ ਕਿ ਉਨ੍ਹਾਂ ਦੇ ਦੇਸ਼ ਵਾਸੀ ਦੋ ਤਰ੍ਹਾਂ ਦੇ ਸੰਕਟ ਦਾ ਸ਼ਿਕਾਰ ਹਨ। ਪਹਿਲਾ ਸੰਕਟ, ਬਦੇਸ਼ੀ ਮੁਸਲਮਾਨਾਂ ਦੀ ਸਰਕਾਰ ਵਲੋਂ ਕੀਤੀ ਜਾਣ ਵਾਲੀ ਰਾਜਸੀ ਸ਼ਕਤੀ ਸੀ ਜੋ ਕਿ ਧਾਰਮਿਕ ਅਤੇ ਸਮਾਜਿਕ ਆਜ਼ਾਦੀ ਅਤੇ ਮਾਲ ਜ਼ਾਇਦਾਦ ਦੀ ਰੱਖਿਆ ਜਿਹੇ ਮੁੱਢਲੇ ਹੱਕ ਵੀ ਇਸ ਦੇਸ਼ ਦੇ ਲੋਕਾਂ ਨੂੰ ਦੇਣ ਲਈ ਤਿਆਰ ਨਹੀਂ ਸਨ। ਮੁਸਲਿਮ ਹਕੂਮਤ ਢੇਰ ਸਮਾਂ ਰਹਿਣ ਕਰਕੇ ਹਿੰਦੂਆਂ ਵਿਚ ਹਕੂਮਤ ਨੂੰ ਆਪਣੀਆਂ ਸ਼ਿਕਾਇਤਾਂ ਪੇਸ਼ ਕਰਨ ਦੀ ਦਲੇਰੀ ਅਤੇ ਜ਼ੁਲਮਾਂ ਵਿਰੁੱਧ ਟਾਕਰਾ ਕਰਨ ਦੀ ਸ਼ਕਤੀ ਬਿਲਕੁਲ ਖਤਮ ਹੋ ਚੁੱਕੀ ਸੀ। ਦੂਜਾ ਸੰਕਟ ਧਾਰਮਿਕ ਸੀ। ਹਿੰਦੂ ਸਮਾਜ ਵਿਚ ਵਿਦਿਆ ਅਤੇ ਧਰਮ ਦੇ ਠੇਕੇਦਾਰ ਬ੍ਰਾਹਮਣ ਸਨ। ਉਨ੍ਹਾਂ ਦੀ ਅਗਵਾਈ ਵਿਚ ਵਿਅਰਥ ਦੇ ਨਾਂ ਤੇ ਸਾਧਾਰਣ ਭੋਲੇ ਭਾਲੇ ਲੋਕਾਂ ਤੇ ਅਯੋਗ ਲਾਭ ਉਠਾਉਂਦੇ ਸਨ। ਵੱਡੇ ਅਤੇ ਛੋਟੇ ਦੇ ਵਿਚਾਰ ਨੇ ਸਮਾਜ ਨੂੰ ਦੋ ਵਿਰੋਧੀ ਧੜਿਆਂ ਵਿਚ ਵੰਡਿਆ ਹੋਇਆ ਸੀ ਤੇ ਇਸ ਤਰ੍ਹਾਂ ਨਾਲ ਕੌਮੀ ਏ

ਕਤਾ ਜਾਂ ਸਾਂਝ ਮਿਟ ਗਈ। ਇਨ੍ਹਾਂ ਸੰਕਟਾਂ ਦਾ ਅੰਤ ਕਰਨ ਲਈ ਉਨ੍ਹਾਂ ਨੇ ਸਭ ਤੋਂ ਪਹਿਲਾਂ ਧਾਰਮਿਕ ਜਾਗ੍ਰਤੀ ਲਿਆਉਣ ਦਾ ਪ੍ਰੋਗਰਾਮ ਬਣਾਇਆ। ਸਾਹਿਤਕ ਰਚਨਾਵਾਂ ਰਚੀਆਂ, ਪੁਰਾਣਾਂ, ਰਮਾਇਣ ਅਤੇ ਮਹਾਭਾਰਤ ਆਦਿ ਦੇ ਉਲਥੇ ਕੀਤੇ ਗਏ। ਇਸ ਬੀਰ ਰਸੀ ਸਾਹਿਤ ਰਾਹੀਂ ਉਨ੍ਹਾਂ ਨੇ ਆਪਣੇ ਮੁਰੀਦਾਂ ਵਿਚ ਇਕ ਨਵਾਂ ਜੀਵਨ ਉਤਪੰਨ ਕੀਤਾ ਤਾਂ ਜੋ ਜ਼ੁਲਮਾਂ ਅਤੇ ਬੇਇਨਸਾਫੀਆਂ ਦੇ ਸਾਹਮਣੇ ਦਿਲਾਂ ਨੂੰ ਪੱਕਾ ਰੱਖ ਸਕਣ। ਨਾਲ ਨਾਲ ਉਨ੍ਹਾਂ ਨੇ ਆਪਣੇ ਮੁਰੀਦਾਂ ਨੂੰ ਫੌਜੀ ਟਰੇਨਿੰਗ ਦੇਣੀ ਆਰੰਭ ਕਰ ਦਿੱਤੀ ਅਤੇ ਖਾਲਸੇ ਦੀ ਸਾਜਣਾ ਕੀਤੀ ਤੇ ਵਿਖਾਵੇ ਦੀਆਂ ਰਸਮਾਂ ਦਾ ਅੰਤ ਕੀਤਾ। ਇਹ ਕੰਮ ਉਨ੍ਹਾਂ ਦੇ ਇਕ ਉੱਚ ਨਵੀਨਤਾ ਹੋਣ ਦਾ ਪ੍ਰਤੱਖ ਸਬੂਤ ਹੈ।

**(ਸ) ਸਿਪਾਹੀ ਤੇ ਜਰਨੈਲ ਦੇ ਰੂਪ ਵਿਚ ਉਨ੍ਹਾਂ ਦੀਆਂ ਪ੍ਰਾਪਤੀਆਂ :**

ਗੁਰੂ ਸਾਹਿਬ ਉਚ ਕੋਟੀ ਦੇ ਸਿਪਾਹੀ ਅਤੇ ਜਰਨੈਲ ਸਨ। ਉਹ ਚੰਗੇ ਘੋੜ ਸਵਾਰ, ਬੰਦੂਕਚੀ, ਤੀਰ ਅੰਦਾਜ਼ ਅਤੇ ਤਕੜੇ ਸ਼ਿਕਾਰੀ ਸਨ। ਉਨ੍ਹਾਂ ਦਾ ਜਿਸਮ ਮਜ਼ਬੂਤ ਅਤੇ ਦਿਲ ਦਲੇਰ ਸੀ। ਉਹ ਖਤਰਨਾਕ ਤੋਂ ਖਤਰਨਾਕ ਹਾਲਤ ਵਿਚ ਵੀ ਦਿਲ ਨਹੀਂ ਸਨ ਹਾਰਦੇ। ਉਹਨਾਂ ਦੀ ਸ਼ਖਸੀਅਤ ਇਤਨੀ ਪ੍ਰਭਾਵਸ਼ਾਲੀ ਸੀ ਕਿ ਹਰ ਮਨੁੱਖ ਆਪਣੇ ਆਪ ਹੀ ਉਹਨਾਂ ਵੱਲ ਖਿੱਚਿਆ ਜਾਂਦਾ ਸੀ। ਉਹ ਅਨੁਸ਼ਾਸਨ ਦੇ ਬੜੇ ਪਾਬੰਦ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਦੇ ਵਿਰੁੱਧ ਲੜਾਈਆਂ ਲੜੀਆਂ। ਹਰੇਕ ਲੜਾਈ ਉਹਨਾਂ ਦੇ ਚੰਗੇ ਜਰਨੈਲ ਹੋਣ ਦਾ ਪ੍ਰਤੱਖ ਸਬੂਤ ਸੀ। ਚਮਕੌਰ ਸਾਹਿਬ ਦੀ ਲੜਾਈ ਵਿਚ ਉਹਨਾਂ ਨੇ ਆਪਣੇ ਸਿਪਾਹੀਆਂ ਨੂੰ ਇਸ ਢੰਗ ਨਾਲ ਲੜਾਇਆ ਕਿ ਦੁਸ਼ਮਣ ਸਮਝਣ ਲੱਗੇ ਕਿ ਗੁਰੂ ਜੀ ਕੋਲ ਕੇਵਲ ਚਾਲੀ ਸਿਪਾਹੀ ਹੀ ਨਹੀਂ ਸਗੋਂ ਵੱਡੀ ਫੌਜ ਹੈ। ਉਹ ਐਨੇ ਚੰਗੇ ਜਥੇਬੰਦਕ ਸਨ ਕਿ ਉਹਨਾਂ ਨੇ ਚਮਕੌਰ ਦੀ ਲੜਾਈ ਤੋਂ ਪਿਛੋਂ ਝੱਟ ਇਕ ਵੱਡੀ ਫੌਜ ਤਿਆਰ ਕਰ ਲਈ ਅਤੇ ਮੁਕਤਸਰ ਦੀ ਲੜਾਈ ਵਿਚ ਜਿੱਤ ਪ੍ਰਾਪਤ ਕੀਤੀ। ਜਰਨੈਲ ਦੇ ਤੌਰ ਤੇ ਉਹਨਾਂ ਨੂੰ ਆਪਣੇ ਸਿਪਾਹੀਆਂ ਨਾਲ ਬਹੁਤ ਪਿਆਰ ਸੀ ਅਤੇ ਸਿਪਾਹੀਆਂ ਦੇ ਦਿਲ ਵਿਚ ਉਹਨਾਂ ਲਈ ਬਹੁਤ ਸ਼ਰਧਾ ਸੀ।

ਗੁਰੂ ਜੀ ਇਕ ਸੰਤ ਸਿਪਾਹੀ ਸਨ। ਉਹਨਾਂ ਨੇ ਕਦੇ ਵੀ ਕਿਸੇ ਨੂੰ ਦੁੱਖ ਪਹੁੰਚਾਉਣ ਲਈ ਜਾਂ ਜ਼ੋਰ-ਜ਼ਮੀਨ ਲਈ ਤਲਵਾਰ ਨਹੀਂ ਸੀ ਚਲਾਈ। ਉਹਨਾਂ ਨੇ ਸਿਰਫ ਗਰੀਬਾਂ ਦੀ ਰੱਖਿਆ ਅਤੇ ਜ਼ੁਲਮ ਨੂੰ ਖਤਮ ਕਰਨ ਲਈ ਤਲਵਾਰ ਨੂੰ ਹੱਥ ਪਾਇਆ। ਇਹਨਾਂ ਗੁਣਾਂ ਕਰਕੇ ਹੀ ਗੁਰੂ ਗੋਬਿੰਦ ਸਿੰਘ ਨੂੰ ਸੰਤ ਸਿਪਾਹੀ ਕਿਹਾ ਜਾਂਦਾ ਹੈ।

**(ਹ) ਧਾਰਮਿਕ ਨੇਤਾ ਦੇ ਰੂਪ ਵਿਚ :**

ਗੁਰੂ ਗੋਬਿੰਦ ਸਿੰਘ ਜੀ ਦੂਸਰੇ ਗੁਰੂਆਂ ਵਾਂਗ ਸਿੱਖਾਂ ਦੇ ਇਕ ਮਹਾਨ ਧਾਰਮਿਕ ਨੇਤਾ ਜਾਂ ਗੁਰੂ ਵੀ ਸਨ। ਡਾ. ਬੈਨਰਜੀ ਦੇ ਕਥਨ ਅਨੁਸਾਰ, "ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਗੁਰੂ ਗੋਬਿੰਦ ਸਿੰਘ ਜੀ ਚਾਹੇ ਕੁਝ ਵੀ ਹੋਣ, ਉਹ ਸਭ ਤੋਂ ਪਹਿਲਾਂ ਧਾਰਮਿਕ ਨੇਤਾ ਸਨ। ਇਹ ਕਹਿਣਾ ਉਹ ਰਾਜਨੀਤਿਕ ਅਤੇ ਸੈਨਿਕ ਕੰਮਾਂ ਵਿਚ ਹੀ ਲੱਗੇ ਰਹੇ ਅਤੇ ਆਪਣੇ ਫਰਜ਼ਾਂ ਨੂੰ ਭੁੱਲ ਗਏ, ਠੀਕ ਨਹੀਂ ਹੋਵੇਗਾ।" ਜੇਕਰ ਧਿਆਨ ਪੂਰਵਕ ਵੇਖਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਸੈਨਿਕ ਕੰਮ ਵਿਚ ਉਨ੍ਹਾਂ ਦਾ ਉਦੇਸ਼ ਧਾਰਮਿਕ ਹੀ ਸੀ। ਉਹਨਾਂ ਨੇ ਖਾਲਸਾ ਦੀ ਸਥਾਪਨਾ ਜਾਂ ਮੁਗ਼ਲਾਂ ਦੇ ਵਿਰੁੱਧ ਕਈ ਵਰ੍ਹਿਆਂ ਤੱਕ ਲਗਾਤਾਰ ਯੁੱਧ-ਧਰਮ ਦੀ ਰੱਖਿਆ ਲਈ ਹੀ ਕੰਮ ਕੀਤੇ ਸਨ।

ਆਪਣੇ ਸਿੱਖਾਂ ਨੂੰ ਸੈਨਿਕ ਸਿੱਖਿਆ ਦੇਣ ਦੇ ਨਾਲ ਨਾਲ ਗੁਰੂ ਸਾਹਿਬ ਹਮੇਸ਼ਾਂ ਉਹਨਾਂ ਨੂੰ ਧਾਰਮਿਕ ਸਿੱਖਿਆ ਵੀ ਦਿੰਦੇ ਸਨ। ਉਹ ਸਦਾ ਇਹਨਾਂ ਨੂੰ ਉਪਦੇਸ਼ ਸਨ ਕਿ ਉਹ ਪਰਮਾਤਮਾ ਦਾ ਨਾਮ ਜਪਣ, ਆਪਣਾ ਆਚਰਣ ਸ਼ੁੱਧ ਰੱਖਣ ਅਤੇ ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਵਿਚ ਨਾ ਫਸਣ। ਗੁਰੂ ਸਾਹਿਬ ਨੇ ਧਰਮ ਲਈ ਆਪਣਾ ਸਭ ਕੁਝ ਬਲੀਦਾਨ ਕਰ ਦਿੱਤਾ। ਉਹਨਾਂ ਨੇ ਆਪਣੇ ਸ਼ੁੱਧ ਅਤੇ ਕਲੰਕ-ਰਹਿਤ ਜੀਵਨ ਦਾ ਉਦਾਹਰਣ ਲੋਕਾਂ ਸਾਹਮਣੇ ਰੱਖਿਆ।

**(ਕ) ਲੋਕਤੰਤਰ ਦੇ ਪ੍ਰੇਮੀ :**

ਗੁਰੂ ਜੀ ਲੋਕਤੰਤਰ ਦੇ ਵੱਡੇ ਹਾਮੀ ਸਨ। ਉਹ ਪ੍ਰਜਾਤੰਤਰ (ਹਰ ਖੇਤਰ ਵਿਚ ਸਮਾਨਤਾ) ਦੀਆਂ ਭਾਵਨਾਵਾਂ ਜਾਗ੍ਰਿਤ ਕਰਨਾ ਚਾਹੁੰਦੇ ਸਨ। ਗੁਰੂ ਜੀ ਆਪਣੀ ਸਾਰੀ ਜ਼ਿੰਦਗੀ ਵਿਚ ਛੋਟੇ ਵੱਡੇ ਦੇ ਫਰਕ ਨੂੰ ਖਤਮ ਕਰਨ ਵਾਸਤੇ ਯਤਨ ਕਰਦੇ ਰਹੇ। ਉਹ ਨੀਵੀਆਂ ਜਾਤੀਆਂ ਨੂੰ ਉਹੀ ਦਰਜਾ ਦਿੰਦੇ ਸਨ ਜੋ ਉੱਚੀਆਂ ਜਾਤੀਆਂ ਨੂੰ ਉਨ੍ਹਾਂ ਦੇ ਬਰਾਬਰ ਮਿਲਦਾ ਸੀ।

ਗੁਰੂ ਜੀ ਦਾ ਪ੍ਰਜਾਤੰਤਰ ਨਾਲ ਡੂੰਘਾ ਪਿਆਰ ਉਦੋਂ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ, ਜਦੋਂ ਉਹ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਉਹਨਾਂ ਨੂੰ ਹੀ ਕਹਿੰਦੇ ਹਨ ਕਿ ਉਹ ਗੁਰੂ ਸਾਹਿਬ ਨੂੰ ਅੰਮ੍ਰਿਤ ਛਕਾਉਣ। ਇਸ ਕਦਮ ਸਦਕੇ ਗੁਰੂ ਸਾਹਿਬ ਨੇ ਸਪੱਸ਼ਟ ਰੂਪ ਵਿਚ ਦੱਸਿਆ ਕਿ ਮੈਂ ਵੀ ਤੁਹਾਡੇ ਵਿਚੋਂ ਇਕ ਬਣਨਾ

ਚਾਹੁੰਦਾ ਹਾਂ। ਮੈਂ ਤੁਹਾਡਾ ਗੁਰੂ ਹਾਂ ਪਰ ਤੁਸੀਂ ਇਕੱਠੇ ਮੇਰੇ ਗੁਰੂ ਹੋ। ਇਸ ਤੋਂ ਬਾਅਦ ਅੰਮ੍ਰਿਤ ਛਕਾਏ ਸਿੱਖਾਂ ਵਿਚ ਤੇ ਗੁਰੂ ਵਿਚ ਕੋਈ ਫਰਕ ਨਾ ਰਿਹਾ। ਗੁਰੂ ਸਾਹਿਬ ਨੇ ਖਾਲਸੇ ਨੂੰ ਬੜਾ ਉੱਚਾ ਦਰਜਾ ਦਿੱਤਾ ਜੋ ਆਮ ਜਨਤਾ ਨੂੰ ਕਿਸੇ ਧਾਰਮਿਕ ਆਗੂ ਨੇ ਨਹੀਂ ਦਿੱਤਾ। ਇਥੋਂ ਤੱਕ ਕਿ ਗੁਰੂ ਜੀ ਨੇ ਆਪਣੇ ਆਪ ਨੂੰ ਵੀ ਖਾਲਸੇ ਦਾ ਰੂਪ ਸਮਝਿਆ। ਗੁਰੂ ਜੀ ਜਨਤਾ ਨੂੰ ਹੀ ਉਸਾਰੂ ਬਿਰਤੀਆਂ ਦਾ ਸੋਮਾ ਸਮਝਦੇ ਸਨ ਅਤੇ ਆਪਣੇ ਆਪ ਨੂੰ ਜਨਤਾ ਦੀ ਹੀ ਦੇਣ ਮੰਨਦੇ ਸਨ।

**(ਖ) ਮਹਾਨ ਕੌਮੀ ਉਸਰੱਈਏ ਦੇ ਰੂਪ ਵਿਚ ਉਨ੍ਹਾਂ ਦੀਆਂ ਪ੍ਰਾਪਤੀਆਂ :**

ਗੁਰੂ ਸਾਹਿਬ ਇਕ ਮਹਾਨ ਕੌਮੀ ਉਸਰੱਈਏ ਸਨ। ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਕੌਮੀ ਉਸਾਰੀ ਦੇ ਕੰਮ ਨੂੰ ਪੂਰਣਤਾ ਤੱਕ ਪਹੁੰਚਾਇਆ। ਗੁਰੂ ਨਾਨਕ ਦੇਵ ਜੀ ਭਿੰਨ ਭਿੰਨ ਫਿਰਕਿਆਂ ਨੂੰ ਇਕੱਠਾ ਕਰਕੇ ਇਨ੍ਹਾਂ ਨੂੰ ਇਕ ਕੌਮ ਦਾ ਰੂਪ ਦੇਣਾ ਚਾਹੁੰਦੇ ਸਨ ਅਤੇ ਉਨ੍ਹਾਂ ਨੇ ਇਸ ਸਬੰਧ ਵਿਚ ਕੁਝ ਮੁੱਢਲਾ ਉਪਰਾਲਾ ਕੀਤਾ ਸੀ। ਗੁਰੂ ਨਾਨਕ ਦੇ ਉੱਤਰ ਅਧਿਕਾਰੀਆਂ ਨੇ ਉਹਨਾਂ ਦੇ ਮਨੋਰਥਾਂ ਨੂੰ ਅਮਲੀ ਜਾਮਾ ਪਹਿਨਾਉਣ ਦਾ ਯਤਨ ਕੀਤਾ ਸੀ। ਪਰ ਕੌਮੀ ਉਸਾਰੀ ਦਾ ਕੰਮ ਵਧੇਰੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਹੈ। ਉਹ ਇਕ ਵੱਡੇ ਫਿਲਾਸਫਰ ਸਨ। ਉਹਨਾਂ ਨੇ ਨਵੇਂ ਢੰਗ ਨਾਲ ਅੰਮ੍ਰਿਤ ਛਕਾਏ, ਆਪਣੇ ਅਨੁਯਾਈਆਂ ਵਿਚ ਮਨੋਵਿਗਿਆਨਕ ਇਨਕਲਾਬ ਲਿਆਂਦਾ ਅਤੇ ਉਹਨਾਂ ਵਿਚ ਏਕਤਾ ਦਾ ਜਜ਼ਬਾ ਪੈਦਾ ਕਰਨ ਵਾਸਤੇ ਹੇਠ ਲਿਖੇ ਕੰਮ ਕੀਤੇ :

(1) ਗੁਰੂ ਸਾਹਿਬ ਨੇ ਅਨੁਯਾਈਆਂ ਨੂੰ ਕਿਹਾ ਕਿ ਉਹ ਪੰਜ ਕਕਾਰ ਅਰਥਾਤ ਕੱਛਾ, ਕੜਾ, ਕੰਘਾ, ਕਿਰਪਾਨ ਅਤੇ ਕੇਸ ਧਾਰਨ ਕਰਨ। ਇਸ ਤਰ੍ਹਾਂ ਸਿੱਖਾਂ ਨੂੰ ਇਕੋ ਦਿੱਖ ਮਿਲ ਗਈ ਤੇ ਸਾਰੇ ਦੇ ਸਾਰੇ ਸਮਾਨ ਨਜ਼ਰ ਆਉਣ ਲੱਗ ਪਏ ਅਤੇ ਉਹ ਆਪਣੇ ਆਪ ਨੂੰ ਇਕੋ ਹੀ ਫੌਜ ਦੇ ਸਿਪਾਹੀ ਸਮਝਣ ਲੱਗ ਪਏ। ਇਸਨੇ ਸਮਾਜਿਕ ਸਮਾਨਤਾ ਨੂੰ ਵੀ ਅਸਲੀ ਸ਼ਕਲ ਪ੍ਰਦਾਨ ਕੀਤੀ।

(2) ਗੁਰੂ ਜੀ ਨੇ ਇਹ ਹੁਕਮ ਦਿੱਤਾ ਕਿ ਹਰ ਸਿੱਖ ਦੇ ਨਾਂ ਦਾ ਆਖਰੀ ਸ਼ਬਦ ਸਿੰਘ ਹੋਵੇ। ਨਾਮਾਂ ਦੀ ਏਕਤਾ ਨੇ ਵੀ ਕੌਮ ਨੂੰ ਸੰਗਠਿਤ ਕਰਨ ਵਿਚ ਕਾਫੀ ਹਿੱਸਾ ਪਾਇਆ।

(3) ਹਰ ਸਿੱਖ ਨੂੰ ਆਦੇਸ਼ ਸੀ ਕਿ ਗੁਰੂ ਗ੍ਰੰਥ ਸਾਹਿਬ ਨੂੰ ਮੰਨੇ ਅਤੇ ਹੋਰ ਕਿਸੇ ਦੇਵੀ ਦੇਵਤੇ ਜਾਂ ਕਿਸੇ ਹੋਰ ਧਾਰਮਿਕ ਗ੍ਰੰਥ ਵਿਚ ਵਿਸ਼ਵਾਸ ਨਾ ਰੱਖੇ।

ਗੁਰੂ ਸਾਹਿਬ ਦਾ ਇਹ ਮਨੋਰਥ ਸੀ ਕਿ ਉਸ ਸਿੱਧੀ ਸਾਦੀ ਜਨਤਾ ਨੂੰ ਨਵੀਂ ਜ਼ਿੰਦਗੀ ਬਖਸ਼ਣ ਅਤੇ ਉਹਨਾਂ ਨੂੰ ਉਹ ਦਰਜਾ ਪ੍ਰਦਾਨ ਕਰਨ ਜੋ ਉਹਨਾਂ ਲਈ ਸਿਰਜਣਹਾਰ ਨੇ ਸ਼ਿਚਿਤ ਕੀਤਾ ਹੈ। ਗੁਰੂ ਸਾਹਿਬ ਨੇ ਆਪਣੇ ਇਸ ਮਨੋਰਥ ਨੂੰ ਇਸ ਤਰ੍ਹਾਂ ਬਿਆਨ ਕੀਤਾ :

"ਮੇਰੇ ਵਿਚ ਵਾਹਿਗੁਰੂ ਦੀ ਬਖਸ਼ਿਸ਼ ਨਾਲ ਉਹ ਗੁਣ ਪੈਦਾ ਹੋ ਜਾਣ ਕਿ ਮੈਂ ਚਿੱਕੜ ਵਿਚੋਂ ਡਿੱਗੇ ਹੋਏ ਮੋਤੀ ਕੱਢ ਕੇ ਲੈ ਆਵਾਂ।"

ਇਸ ਤੋਂ ਉਪਰੰਤ ਗੁਰੂ ਸਾਹਿਬ ਨੇ ਸਿੱਖਾਂ ਅੱਗੇ ਇਕ ਉੱਚਾ ਨਿਸ਼ਾਨਾ ਰੱਖਿਆ ਅਰਥਾਤ ਸਰਬੱਤ ਦਾ ਭਲਾ, ਦੁਸ਼ਟਾਂ ਦਾ ਦਮਨ ਅਤੇ ਸੰਤਾਂ ਦੀ ਰੱਖਿਆ। ਅਜਿਹਾ ਕਰਨਾ ਬਹੁਤ ਜ਼ਰੂਰੀ ਸੀ ਕਿਉਂਕਿ ਅਜਿਹੇ ਉੱਚੇ ਨਿਸ਼ਾਨੇ ਦੀ ਅਣਹੋਂਦ ਕਾਰਨ ਸਿੱਖ ਸ਼ਾਇਦ ਆਪਣੇ ਆਪ ਨੂੰ ਸੀਮਿਤ ਜਾਂ ਛੋਟੇ ਜਿਹੇ ਦਾਇਰੇ ਵਿਚ ਬੰਦ ਕਰ ਲੈਂਦੇ। ਇਸ ਤੋਂ ਇਲਾਵਾ ਲੋਕਾਂ ਦੇ ਦਿਲਾਂ ਵਿਚ ਇਹ ਜ਼ਜ਼ਬਾ ਸਦਾ ਲਈ ਸੁਰਜੀਤ ਰੱਖਣ ਵਾਸਤੇ ਨਵੇਂ ਢੰਗ ਦਾ ਸਾਹਿਤ ਰਚਾਇਆ। ਡਾ. ਗੰਡਾ ਸਿੰਘ ਅਨੁਸਾਰ ਇਸ ਸਾਹਿਤ ਦੀ ਖੂਬਸੂਰਤੀ ਇਹ ਸੀ ਕਿ 'ਚੜ੍ਹਦੀਕਲਾ' ਦਾ ਸਾਹਿਤ ਹੈ, ਜੋ ਈਸ਼ਵਰ ਵਿਚ ਵਿਸ਼ਵਾਸ ਤੇ ਵਹਿਮਾਂ ਤੋਂ ਆਜ਼ਾਦੀ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੰਦਾ ਹੈ।

ਗੁਰੂ ਸਾਹਿਬ ਦੇ ਉਪਦੇਸ਼ਾਂ ਅਤੇ ਖਾਲਸੇ ਦੀ ਸਾਜਣਾ ਨੇ ਦੁਰਬਲ ਤੇ ਲਤਾੜਿਆਂ ਹੋਇਆਂ ਨੂੰ ਉੱਚਾ ਚੁੱਕਣ ਵਿਚ ਜਾਦੂ ਵਰਗਾ ਅਸਰ ਕੀਤਾ। ਉਨ੍ਹਾਂ ਦੀ ਛੋਹ ਨੇ ਕਥਿਤ ਅਛੂਤ ਤੇ ਨੀਵੀਂ ਜਾਤੀ ਦੇ ਮਨੁੱਖਾਂ ਨੂੰ ਸੂਰਬੀਰ ਯੋਧੇ ਬਣਾ ਦਿੱਤਾ ਅਤੇ ਜਿਨ੍ਹਾਂ ਨੂੰ ਹੁਣ ਤੱਕ ਹਿੰਦੂ ਸਮਾਜ ਵਿਚ ਅਛੂਤ ਸਮਝਿਆ ਜਾਂਦਾ ਸੀ, ਉਹ ਕੁਲੀਨ ਜਾਤੀਆਂ ਦੇ ਆਗੂ ਬਣਕੇ ਹਜ਼ਾਰਾਂ ਲੱਖਾਂ ਦੀ ਕਿਸਮਤ ਪਲਟਾਣ ਵਾਲੇ ਬਣ ਗਏ।

**ਮੁੱਖ ਵਿਅਕਤੀ ਅਤੇ ਸ਼ਬਦ :**

1) ਅੰਮ੍ਰਿਤ ਛਕਾਉਣਾ
2) ਆਨੰਦਪੁਰ ਸਾਹਿਬ ਤੇ ਗੁਰੂ ਤੇਗ ਬਹਾਦਰ ਜੀ
3) ਭੀਮ ਚੰਦ ਅਤੇ ਘੁਮੰਡ ਚੰਦ

4) ਸੂਬੇਦਾਰ ਵਜ਼ੀਰ ਖਾਨ
5) ਅਜੀਤ ਸਿੰਘ ਤੇ ਜੁਝਾਰ ਸਿੰਘ
6) ਗਨੀ ਖਾਂ ਤੇ ਨਬੀ ਖਾਂ
7) ਮਸੰਦ ਗੁਲਾਬਾ ਅਤੇ ਪੰਜਾਬਾ
8) ਭਾਈ ਡੱਲਾ
9) 'ਗੁਰੂ ਕੀ ਕਾਸ਼ੀ' ਜਾਂ 'ਦਮਦਮਾ ਸਾਹਿਬ'
10) ਮਾਧੋ ਦਾਸ ਭਾਵ ਬੰਦਾ ਸਿੰਘ ਬਹਾਦਰ

**ਵਿਦਿਆਰਥੀਆਂ ਲਈ ਛੋਟੇ ਪ੍ਰਸ਼ਨ :**

1) ਆਨੰਦਪੁਰ ਲਈ ਲੜਾਈਆਂ ਦਾ ਵਰਨਣ ਕਰੋ।
2) ਚਮਕੌਰ ਦੀ ਲੜਾਈ ਦੇ ਸਿੱਟੇ ਦੱਸੋ।
3) ਦਮਦਮਾ ਸਾਹਿਬ ਵਿਚ ਗੁਰੂ ਜੀ ਦੀਆਂ ਪ੍ਰਾਪਤੀਆਂ ਦੱਸੋ।
4) ਆਦਿ ਗ੍ਰੰਥ ਅਤੇ ਗੁਰੂ ਗੋਬਿੰਦ ਸਿੰਘ ਜੀ ਉਪਰ ਨੋਟ ਲਿਖੋ।
5) ਗੁਰੂ ਜੀ ਦੀਆਂ ਮੁੱਖ ਰਚਨਾਵਾਂ ਦੇ ਨਾਮ ਲਿਖੋ।

**ਵੱਡੇ ਜਾਂ ਲੰਮੇ ਪ੍ਰਸ਼ਨ :**

1) ਖਾਲਸਾ ਸਿਰਜਣਾ ਦੇ ਕਾਰਨ ਦੱਸੋ ਅਤੇ ਘਟਨਾ ਦੀ ਮਹੱਤਤਾ ਦੱਸੋ।
2) ਮਨੁੱਖ ਅਤੇ ਵਿਦਵਾਨ ਦੇ ਰੂਪ ਵਿਚ ਗੁਰੂ ਜੀ ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ।

**ਹੋਰ ਜਾਣਕਾਰੀ ਲਈ ਪੁਸਤਕਾਂ :**

1. Gupta, Hari Ram, History of the Sikhs, Vol.I, Chapters 13-15.
2. Shiv K.Gupta (ed.), Creation of the Khalsa (Patiala, 1999), pp.1-17, 140-46. po

ਅਸੀਂ ਡੈਕ ਦੇ ਧੰਨਵਾਦੀ ਹਾਂ ਕਿਉਂਕਿ ਵਿੱਤੀ ਗ੍ਰਾਂਟ ਦੇ ਕੇ ਉਸ ਨੇ ਪਾਠ ਦੇ ਰੂਪਾਂਤਰਣ ਨੂੰ ਸੰਭਵ ਬਣਾਇਆ – ਡਾ. ਨਾਜ਼ਰ ਸਿੰਘ